ਸੰਤ ਸਿਪਾਹੀ

ਅੰਮ੍ਰਿਤਸਰ

ੴ

SANT Sipahi

AMRITSAR

ਮਾਰਚ 1966

63 ਪੈਸੇ

ਭਾਈਚਾਰਕ ਸਮਾਚਾਰ

(ਇਨ੍ਹਾਂ ਪੰਨਿਆਂ ਤੇ ਸੰਤ ਸਿਪਾਹੀ ਭਾਈਚਾਰੇ ਦੇ ਖੁਸ਼ੀ ਗਮੀ ਤੇ ਉਮਾਹ ਦੇ ਸਮਾਚਾਰ ਛਾਪੇ ਜਾਂਦੇ ਹਨ।)

* ਸੇਵਾ ਦੀ ਪ੍ਰਸੰਸਾ *

ਸ: ਵਸਣ ਜੀ, 'ਸ਼ਹੀਦ' ਲੁਹਾਰਾ, ਜ਼ਿਲਾ ਫਿਰੋਜ਼ਪੁਰ ਵਾਲੇ ਆਪਣੇ ਚੰਦੇ ਨਾਲ ੩) ਹੋਰ ਸੰਤ ਸਿਪਾਹੀ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਭੇਜਦੇ ਹਨ। ਧੰਨਵਾਦ। ਸਤਿਗੁਰੂ ਪੰਥਕ ਪ੍ਰੇਮ ਦੂਣ ਸਵਾਇਆ ਕਰਨ।

ਸਰਦਾਰ ਟੀ. ਐਸ. ਮਖੀਜਾ ਜੀ, ਇੰਦੌਰ ਵਾਲੇ ਆਪਣੇ ਚੰਦੇ ਨਾਲ ੩) ਰੁਪੈ ਹੋਰ ਸੰਤ ਸਿਪਾਹੀ ਦੀ ਸੇਵਾ ਦੀ ਪ੍ਰਸੰਸਾ ਵਜੋਂ ਭੇਜਦੇ ਹਨ। ਧੰਨਵਾਦ। ਸਤਿਗੁਰੂ ਪੰਥ ਪਿਆਰ ਵਿਚ ਵਾਧਾ ਕਰਨ!

ਸ: ਸਤਿਨਾਮ ਸਿੰਘ ਜੀ ਫਲੇਵਾਲ ਜ਼ਿਲਾ ਲੁਧਿਆਣਾ ਸੰਤ ਸਿਪਾਹੀ ਦੀ ਸੇਵਾ ਤੋਂ ਪ੍ਰਸੰਨ ਹੋ ਕੇ ੨) ਭੇਟਾ ਕਰਦੇ ਹਨ। ਧੰਨਵਾਦ। ਸਤਿਗੁਰੂ ਪੰਥਕ ਪਿਆਰ ਵਿਚ ਵਾਧਾ ਕਰਨ।

ਸ: ਦੀਵਾਨ ਸਿੰਘ ਜੀ ਛਾਬੜਾ ਠੇਕੇਦਾਰ ਕਰੋਲੀ, ਸੰਤ ਸਿਪਾਹੀ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਚੰਦੇ ਨਾਲ ੧॥) ਹੋਰ ਭੇਜਦੇ ਹਨ। ਧੰਨਵਾਦ ਸਤਿਗੁਰੂ ਪੰਥਕ ਪਿਆਰ ਵਿਚ ਵਾਧਾ ਕਰਨ।

ਸ: ਬਲਦੇਵ ਸਿੰਘ, ਸੈਕ੍ਰੇਟਰੀ ਗ੍ਰਾਮ ਪੰਚਾਇਤ, ਬਾਜੜ ਰਾਜਪੂਤ ਅਲਵਰ, ਸੰਤ ਸਿਪਾਹੀ ਦੀ ਸੇਵਾ ਦੀ ਪ੍ਰਸੰਸਾ ਵਿਚ ਆਪਣੇ ਚੰਦੇ ਨਾਲ ੧।) ਹੋਰ ਭੇਜਦੇ ਹਨ। ਧੰਨਵਾਦ। ਸਤਿਗੁਰੂ ਪੰਥ ਪਿਆਰ ਵਿਚ ਵਾਧਾ ਕਰਨ।

* ਅਖੰਡ ਪਾਠ *

ਸ: ਅਵਤਾਰ ਸਿੰਘ ਜੀ ਦੁਗਲ ਠੇਕੇਦਾਰ ਸਾਗਰ ਵਾਲਿਆਂ ਨੇ ਆਪਣੇ ਗ੍ਰਿਹਿ ਵਿਖੇ ਸ੍ਰੀ ਅਖੰਡ ਪਾਠ ਦਾ ਭੋਗ ੯-੧-੬੬ ਨੂੰ ਪੁਆਇਆ। ਇਸ ਖੁਸ਼ੀ ਵਿਚ ਆਪ ੫) ਭੇਟਾ ਕਰਦੇ ਹਨ। ਧੰਨਵਾਦ। ਸਤਿਗੁਰੂ ਗੁਰਬਾਣੀ ਦਾ ਭਾਵ ਹਿਰਦੇ ਵਿਚ ਵਸਾਣ।

ਸ: ਜਸਵੰਤ ਸਿੰਘ ਮਾਲਕ ਸਿੰਘ ਜੀ ਪੂਨਾ ਨੇ ੨॥) ਸੰਤ ਸਿਪਾਹੀ ਨੂੰ ਭੇਟਾ ਵਜੋਂ ਭਿਜਵਾਏ ਹਨ ਜੋ ਸ੍ਰੀ ਗੁਰੂ ਸਿੰਘ ਸਭਾ ਪੂਨਾ ਦੇ ਨਵੇਂ ਗੁਰਦੁਆਰੇ ਦੇ ਨੀਂਹ ਪਥਰ ਰਖਣ ਦੀ ਖੁਸ਼ੀ ਵਿਚ ਕਢੇ ਗਏ ਸਨ। ਧੰਨਵਾਦ। ਪੰਥ ਦੇ ਨਿਸ਼ਾਨ ਝੂਲਦੇ ਰਹਿਣ।

ਸ: ਇੰਦਰ ਸਿੰਘ ਅਰਜਨ ਦਾਸ ਪੰਜਾਬੀ ਪੂਨਾ-੨, ਸ੍ਰੀ ਅਖੰਡ ਪਾਠ ਦੇ ਭੋਗ ਤੇ ਭੇਟਾ ਵਜੋਂ ਭੇਜਦੇ ਹਨ, ਧੰਨਵਾਦ। ਸਤਿਗੁਰੂ ਗੁਰਬਾਣੀ ਨਾਲ ਪਿਆਰ ਬਖਸ਼ਣ।

* ਦੇਹ ਅਰੋਗਤਾ *

ਭਾਈ ਬਿਹਾਰੀ ਲਾਲ ਤੇ ਉਨ੍ਹਾਂ ਦੀ ਧਰਮ-ਪਤਨੀ ਵੀਰਾਂ ਬਾਈ ਜੀ ਫਰੀਦਾਬਾਦ ਵਾਲਿਆਂ ਨੇ ਵੀਰਾਂਬਾਈ ਜੀ ਦੀ ਦੇਹ ਅਰੋਗਤਾ ਲਈ ੨੯-੧-੬੬ ਨੂੰ ਆਪਣੇ ਘਰ ਵਿਚ ਸ੍ਰੀ ਅਖੰਡ ਪਾਠ ਦਾ ਭੋਗ ਪੁਆਇਆ। ਆਪ ੫) ਸ: ਜੀਵਣ ਸਿੰਘ ਜੀ, ੨ ਐਚ-੩੯ ਵਾਲਿਆਂ ਰਾਹੀਂ ਭੇਜਦੇ ਹਨ। ਧੰਨਵਾਦ ਸਤਿਗੁਰੂ ਦੇਹ ਅਰੋਗਤਾ ਬਖਸ਼ਣ।

* ਦਰਸ਼ਨ ਇਸ਼ਨਾਨ *

ਸ: ਜੀਤ ਸਿੰਘ ਜੀ ਫਲੇਵਾਲ ਜ਼ਿਲਾ ਲੁਧਿਆਣਾ ਵਾਲੇ ਆਪਣੇ ਕਾਕੇ ਦੇ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਇਸ਼ਨਾਨ ਕਰਾਣ ਦੀ ਖੁਸ਼ੀ ਵਿਚ ਆਪਣੇ ਚੰਦੇ ਨਾਲ ੨) ਭੇਟਾ ਕਰਦੇ ਹਨ। ਧੰਨਵਾਦ। ਸਤਿਗੁਰੂ ਗੁਰ ਸ਼ਰਧਾ ਨਾਲ ਹਿਰਦੇ ਭਰਪੂਰ ਕਰਨ।

ਸ: ਗੁਰਬਚਨ ਸਿੰਘ ਜੀ ਚਾਵਲਾ, ਬੌਕਸ ਫੈਕਟਰੀ ਮੇਰਠ ਵਾਲਿਆਂ ਦੇ ਘਰ ਸਚੇ ਪਾਤਸ਼ਾਹ ਨੇ ੯-੨-੬੬ ਨੂੰ ਭੁਜੰਗੀ ਦੀ ਦਾਤ ਬਖਸ਼ੀ ਹੈ। ਇਸ ਖੁਸ਼ੀ ਵਿਚ ਆਪ ੨॥) ਭੇਟਾ ਕਰਦੇ ਹਨ। ਧੰਨਵਾਦ। ਸਤਿਗੁਰੂ ਬਚੇ ਨੂੰ ਚਿਰੰਜੀਵਤਾ ਤੇ ਹੋਣਹਾਰਤਾ ਬਖਸ਼ਣ।

* ੨੫ ਸਾਲਾ ਜੁਬਲੀ *

ਸ: ਮਿਲਾਵਾ ਸਿੰਘ ਜੀ ਨੇ ਆਪਣੀ ਫਰਮ ਮੈਸਰਜ਼ ਓਸਾਹਨ ਬ੍ਰਦਰਜ਼ (ਰਜਿਸਟ੍ਰਡ) ਕੋਰਟ ਰੋਡ ਸਹਾਰਨਪੁਰ ਦੇ ੨੫ ਸਾਲ ਪੂਰੇ ਹੋਣ ਦੀ ਖੁਸ਼ੀ ਵਿਚ ੧-੨-੬੬ ਨੂੰ ਸ੍ਰੀ ਅਖੰਡ ਪਾਠ ਦਾ ਭੋਗ ਪੁਆਇਆ। ਇਸ ਖੁਸ਼ੀ ਵਿਚ ਆਪ ੫) ਭੇਜਦੇ ਹਨ। ਧੰਨਵਾਦ।

(ਬਾਕੀ ਦੇਖੋ ਸਫਾ ੬੩)

ਜਿਨ੍ਹਾਂ ਨੂੰ ਸੇਹਤ ਪਿਆਰੀ ਹੈ

ਉਹ

'ਮ੍ਰਿਤ ਸ਼ਕਤੀ ਸੰਜੀਵਨੀ'

ਜ਼ਰੂਰ ਵਰਤਦੇ ਹਨ

ਲਿਖੀਏ ਪੜੀਏ ਜਾਂ ਵਿਹਾਰਕ ਕੰਮ ਕਰੀਏ ਤਾਂ ਨਿਤ ਦੇ ਕੰਮ ਵਿਚ ਤਾਕਤਅਸੀਂ ਖ਼ਰਚ ਕਰਦੇ ਹਾਂ ਤਾਕਤ ਖ਼ਰਚ ਕਰਨ ਨਾਲ ਕਮਜ਼ੋਰੀ ਔਂਦੀ ਹੈ। ਜਿਸਤੋਂ ਸੇਹਤ ਨੂੰ ਸਦਾ ਖਤਰਾ ਰਹਿੰਦਾ ਹੈ।

ਸਿਆਣੇ ਕਹਿੰਦੇ ਹਨ "ਮਾੜਾ ਢੱਗਾ ਛਤੀ ਰੋਗ"

'ਮ੍ਰਿਤ ਸ਼ਕਤੀ ਸੰਜੀਵਨੀ' ਨਿਤ ਵਰਤੋਂ ਵਿਚ ਘਟ ਰਹੀ ਤਾਕਤ ਨੂੰ ਪੂਰਾ ਕਰਦੀ ਹੈ ਤੇ ਤੁਹਾਡੀ ਸੇਹਤ ਦੀ ਰਖਯਾ ਕਰਦੀ ਹੈ 'ਮ੍ਰਿਤ ਸ਼ਕਤੀ ਸੰਜੀਵਨੀ' ਵਰਤਨ ਨਾਲ ਇਸਤ੍ਰੀ ਪੁਰਸ਼ਾਂ ਦਾ ਸਰੀਰ ਬਲਵਾਨ ਮਨ ਉਦਮੀ, ਦਿਲ ਤਕੜਾ ਹਾਜਮਾ ਚੰਗਾ, ਪਠੇ ਮਜ਼ਬੂਤ ਦਿਮਾਗ ਚੁਸਤ ਰਹਿੰਦਾ ਹੈ। ਜ਼ਰੂਰ ਵਰਤੋ ਕੀਮਤ ਦਸ ਰੁਪੈ

ਗੁਪਤ ਰੋਗਾਂ ਦੇ ਹਾਲਾਤ ਮੁਤਾਬਿਕ ਇਲਾਜ ਲਈ

ਖਾਸ ਦਵਾਈ

ਮੰਗਾਣ ਵਾਸਤੇ ਹੇਠ ਲਿਖੇ ਅਨੁਸਾਰ ਸਾਰੇ ਹਾਲਾਤ ਅੱਡ ਅੱਡ ਲਿਖ ਭੇਜੋ। ਚੰਗੀ ਤਰ੍ਹਾਂ ਸੋਚ ਵਿਚਾਰਕੇ ਦਵਾਈ ਪ੍ਰਬੰਧ ਕਰਕੇ ਭੇਜੀ ਜਾਵੇਗੀ। ਜਿਸ ਨਾਲ ਤੁਸੀਂ ਛੇਤੀ ਹੀ ਅਰੋਗਤਾ ਹਾਸਲ ਕਰੋਗੇ।

ਆਪ ਦੀ ਚਿੱਠੀ ਪੱਤਰ ਗੁਪਤ ਰੱਖੀ ਜਾਵੇਗੀ।

ਨਾਮ ਬੀਮਾਰੀ ? ਉਮਰ ? ਬਿਮਾਰੀ ਦਾ ਸ਼ੁਰੂ ਤੋਂ ਲੈਕੇ ਹੁਣ ਤਕ ਦਾ ਪੂਰਾ ੨ ਹਾਲ ? ਖੁਰਾਕ ਕਿਸ ਤਰ੍ਹਾਂ ਦੀ ਹਜ਼ਮ ਹੁੰਦੀ ਹੈ ? ਕੋਈ ਨਸ਼ਾ ਤੇ ਨਹੀਂ ਵਰਤਦੇ ਵਿਹਾਰ ਕਿਸ ਤਰ੍ਹਾਂ ਦਾ ਹੈ ? ਬੈਠਣ, ਲਿਖਣ, ਪੜ੍ਹਨ, ਜਾਂ ਸਵਾਰੀ ? ਵਸੋਂ ਦੀ ਥਾਂ ਤੇ ਮੌਸਮ ਕਿਸ ਤਰ੍ਹਾਂ ਦਾ ਹੈ ? ਪਾਖਾਨੇ ਤੇ ਪੇਸ਼ਾਬ ਦੀ ਹਾਲਤ ? ਕਦੇ ਕੋਈ ਖਾਸ ਬੀਮਾਰੀ ਹੋਵੇ ਤਾਂ ਉਸ ਦਾ ਪੂਰਾ ੨ ਹਾਲ ? ਸਰੀਰ ਮੋਟਾ ਤਾਜਾ ਜਾਂ ਦੁਬਲਾ ਪਤਲਾ ਹੈ ? ਜੇ ਬੀਮਾਰ ਔਰਤ ਹੋਵੇ ਤਾਂ ਮਾਹਵਾਰੀ ਰਿਤ ਤੇ ਬਾਲ ਬਚੇ ਦੀ ਹਾਲਤ ? ਜੇ ਕੋਈ ਸਫੈਦ, ਪੀਲਾ, ਲਾਲ ਪਾਣੀ ਦੀ ਸ਼ਕੈਤ ਹੋਵੇ ਤਾਂ ਉਸ ਦੀ ਹਾਲਤ ? ਜੇ ਗਰਭ ਜਾਂ ਗੋਦ ਬੱਚਾ ਹੋਵੇ ਤਦ ਹਾਲਤ ?

ਚਿਠੀ ਪੱਤਰ ਕਰਨ ਦਾ ਪਤਾ–

ਭਾਈ ਕੁਲਦੀਪ ਸਿੰਘ ਵੈਦ ਐਂਡ ਸਨਜ਼

ਤਰਨ ਤਾਰਨ [ਪੰਜਾਬ]

ਕ੍ਰਿਪਾਲੂ ਪਾਠਕਾਂ ਪ੍ਰਤੀ

ਸੰਤ ਸਿਪਾਹੀ ਵਿਚ ਸਿੰਘਊ ਕਿਰਦਾਰ ਨੂੰ ਉਘੇੜ ਕੇ ਦਸਿਆ ਜਾਂਦਾ ਹੈ। ਸਤਿਗੁਰੂਆਂ ਦੇ ਸਮੇਂ ਤੋਂ ਲੈ ਕੇ ਸਿਖ ਰਾਜ ਤਕ ਤੇ ਫਿਰ ਸਿਖ ਰਾਜ ਦੇ ਖਤਮ ਹੋਣ ਤੋਂ ਹੁਣ ਤਕ ਸਿਖ ਵਾਹਿਗੁਰੂ ਦੀ ਓਟ ਲੈ ਕੇ ਆਪਣਾ ਫਰਜ਼ ਨਿਬਾਹੁੰਦੇ ਗਏ ਤੇ ਨਤੀਜਾ ਵਾਹਿਗੁਰੂ ਤੇ ਸੁਟ ਕੇ ਠੰਢੇ ਜਿਗਰੇ ਨਾਲ ਕੋਸ਼ਿਸ਼ ਸਿਰੋਂ ਉਪਰ ਕਰਦੇ ਰਹੇ। ਜੋ ਕੁਝ ਵੀ ਸਿਰ ਬੀਤੀ ਵਾਹਿਗੁਰੂ ਦਾ ਭਾਣਾ ਮਿਠਾ ਮੰਨ ਕੇ ਤੁਰੀ ਗਏ ਤੁਰੀ ਗਏ ਤੇ ਅੰਤ ਮੰਜ਼ਿਲ ਨੂੰ ਜਾ ਲਿਆ।

ਕੌਮਾਂ ਦੇ ਜੀਵਨ ਵਿਚ ਉਤਰਾ ਚੜ੍ਹਾ ਆਉਂਦੇ ਹੀ ਰਹਿੰਦੇ ਹਨ ਤੇ ਇਹ ਕੌਮਾਂ ਨੂੰ ਸੇਹਤਮੰਦ ਤੇ ਨਿਰੋਆ ਬਣਾਉਂਦੇ ਹਨ। ਸਿੰਘ ਮੁਸੀਬਤਾਂ ਤੋਂ ਘਬਰਾ ਕੇ ਕਦੇ ਦਿਲ ਨਹੀਂ ਹਾਰੇ ਤੇ ਇਨ੍ਹਾਂ ਨੂੰ ਜੀਵਨ ਦਾ ਜ਼ਰੂਰੀ ਅੰਗ ਸਮਝ ਕੇ ਸਗੋਂ ਇਨ੍ਹਾਂ ਨੂੰ ਜੀ ਆਇਆਂ ਕਹਿੰਦੇ ਰਹੇ ਹਨ। ਸਿਖਾਂ ਦੇ ਇਤਿ-ਹਾਸ ਵਿਚ ਮੁਢ ਤੋਂ ਲੈ ਕੇ ਅਖੀਰ ਤਕ ਇਸ ਗਲ ਦੀ ਗਵਾਹੀ ਮਿਲਦੀ ਹੈ ਕਿ ਉਹ ਔਖਾ ਕੰਮ ਵਿੱਢ ਕੇ ਸਗੋਂ ਰਾਜ਼ੀ ਹੁੰਦੇ ਰਹੇ ਹਨ ਤੇ ਮੁਸੀਬਤਾਂ ਨੂੰ ਆਪ ਵੀ ਮੁਲ ਲੈਂਦੇ ਰਹੇ ਹਨ। ਸੰਤ ਸਿਪਾਹੀ ਵਿਚ ਕੌਮ ਦੇ ਇਸ ਨਰੋਏ ਗੁਣ ਨੂੰ ਉਘੇੜ ਉਘੇੜ ਕੇ ਲਗਾਤਾਰ ਦਸਿਆ ਜਾਂਦਾ ਹੈ ਤਾਂ ਜੋ ਕੌਮ ਵਿਚ ਇਹ ਗੁਣ ਕਾਇਮ ਰਹੇ ਤੇ ਅਗੋਂ ਉਠਦੀ ਪਨੀਰੀ ਵਿਚ ਵੀ ਇਹ ਗੁਣ ਜੀਰਦਾ ਰਹੇ। ਮਨੁਖ ਮੁਸੀਬਤਾਂ ਤੇ ਔਕੜਾਂ ਤੋਂ ਜ਼ਰੂਰ ਘਬਰਾਂਦਾ ਹੈ ਪਰ ਘਬਰਾਣ ਨਾਲ ਇਹ ਨਸਦੀਆਂ ਨਹੀਂ, ਸਗੋਂ ਦੂਣੀਆਂ ਭਾਰੂ ਹੁੰਦੀਆਂ ਹਨ। ਪਰ ਇਹ-ਨੱਸ ਖਲੋਂਦੀਆਂ ਹਨ ਤੇ ਨਿਰੀ ਖੇਡ ਮਲੂਮ ਹੁੰਦੀਆਂ ਹਨ ਜੇ ਇਨ੍ਹਾਂ ਦਾ ਬਹਾਦਰਾਂ ਵਾਂਗ ਮੁਕਾਬਲਾ ਕਰਕੇ ਇਨ੍ਹਾਂ ਨੂੰ ਜਿੱਤਣ ਦੀ ਕੋਸ਼ਿਸ਼ ਕੀਤੀ ਜਾਵੇ। ਇਹ ਹੀ ਸਿੰਘਊ ਕਿਰਦਾਰ ਹੈ।

ਪਰ ਇਹ ਕਿਰਦਾਰ ਨਿਰਾ ਕਹਿਣ ਸੁਨਣ ਜਾਂ ਕਿਤਾਬਾਂ ਵਿਚੋਂ ਪੜ੍ਹਨ ਨਾਲ ਤਾਂ ਨਹੀਂ ਆਉਂਦਾ. ਇਸ ਦਾ ਨਿੱਤ ਅਭਿਆਸ ਕਰਨਾ ਪੈਂਦਾ ਹੈ, ਇਸ ਕਿਰਦਾਰ ਦੇ ਅਨਕੂਲ ਉਹ ਕ੍ਰਿਆ, ਉਹ ਨਿਤਨੇਮ ਧਾਰਨ ਕਰਨਾ ਪੈਂਦਾ ਹੈ ਜਿਸ ਸਦਕਾ ਇਹ ਗੁਣ ਸਾਡੇ ਵਡਿਆਂ ਵਿਚ ਕਾਇਮ ਰਿਹਾ ਸੀ। ਜਿਵੇਂ ਕਿਸੇ ਰੋਗ ਦੇ ਇਲਾਜ ਲਈ ਕੋਈ ਅਜ਼ਮਾਈ ਹੋਈ ਦਵਾਈ ਲਈਦੀ ਹੈ ਏਵੇਂ ਕਿਸੇ ਗੁਣ ਦੇ ਪੈਦਾ ਕਰਨ ਲਈ ਵੀ ਅਜ਼ਮਾਇਆ ਹੋਇਆ ਮਾਰਗ ਸਿਆਣਿਆਂ ਤੋਂ ਪੁਛਣ ਜਾਈਦਾ ਹੈ ਤੇ ਪੁਛ ਕੇ ਉਸ ਤੇ ਚਲੀਦਾ ਹੈ। ਸਿਖੀ ਇਕ ਅਜ਼ਮਾਇਆ ਹੋਇਆ ਨੁਸਖਾ ਹੈ। ਇਸ ਨਾਲ ਅਗੇ ਬਹੁਤ ਅਛੇ ਨਤੀਜੇ ਨਿਕਲੇ ਹਨ ਤੇ ਅਗੋਂ ਵੀ ਨਿਕਲ ਸਕਦੇ ਹਨ।

ਅਜ ਕਲ ਦੇ ਜ਼ਮਾਨੇ ਵਿਚ ਸਾਇੰਸ ਨੇ ਕੁਝ ਕਾਢਾਂ ਕਢੀਆਂ ਹਨ ਪਰ ਮਨੁਖ ਦੇ ਮੁਢਲੇ ਸੁਭਾਅ ਤੇ ਖਾਸ ਕਰਕੇ ਕੌਮਾਂ ਦੇ ਮੁਢਲੇ ਸੁਭਾਅ ਵਿਚ ਕੋਈ ਖਾਸ ਫਰਕ ਨਹੀਂ ਪਿਆ। ਸੋ ਸੰਘਰਸ਼ ਵਿਚੋਂ ਕਾਮਯਾਬੀ ਨਾਲ ਲੰਘਣ ਲਈ ਸਾਇੰਸ ਦੀਆਂ ਨਵੀਆਂ ਕਾਢਾਂ ਦੀ ਸਹਾਇਤਾ ਜ਼ਰੂਰ ਲੈ ਲੈਣੀ ਚਾਹੀਦੀ ਹੈ, ਪਰ ਸਿਖੀ ਦੇ ਅਜ਼ਮਾਏ ਹੋਏ ਗੁਰਾਂ ਨੂੰ 'ਪੁਰਾਣਾ' ਆਦਿਕ ਕਹਿ ਕੇ ਛਡਣਾਂ ਨਹੀਂ ਚਾਹੀਦਾ। ਪੁਰਾਣੀ ਚੀਜ਼ ਜੋ ਹੁਣ ਤਕ ਵੀ ਪੂਰੇ ਬੱਲ ਤੇ ਸੇਹਤ ਨਾਲ ਕਾਇਮ ਹੈ, ਆਪਣੇ ਸਹੀ ਤੇ ਯੋਗ ਹੋਣ ਦਾ ਸਬੂਤ ਦੇਂਦੀ ਹੈ। ਇਸ ਲਈ, ਜਿਥੇ ਅਸੀਂ ਨਵੇਂ ਖਿਆਲਾਂ

ਢੰਗਾਂ ਤੇ ਸੋਚਣ ਬਿਰਤੀਆਂ ਦੀ ਪੁਣ ਛਾਣ ਕਰਕੇ ਸਿਖ ਜਨਤਾ ਨੂੰ ਅਪਨਾਣ ਦੀ ਸਿਫਾਰਸ਼ ਕਰਦੇ ਹਾਂ, ਉਥੇ ਅਸੀਂ ਪੁਰਾਣੇ ਅਜਮਾਏ ਹੋਏ ਸੇਹਤਮੰਦ ਢੰਗਾਂ, ਰਵਾਜਾਂ, ਰਸਮਾਂ, ਮਰਯਾਦਾਵਾਂ ਮਨੌਤਾਂ, ਕ੍ਰਿਆਵਾਂ, ਮਨੌਤਾਂ ਦੀ ਪਾਬੰਦੀ ਤੇ ਵੀ ਜ਼ੋਰ ਦੇਂਦੇ ਹਾਂ। ਇਸ ਦੇ ਨਾਲ ਹੀ ਜਿਹੜੇ ਭਰਮ, ਕੁਰੀਤੀਆਂ, ਹਨੇਰੇ, ਗਲਤ ਫਹਿਮੀਆਂ ਸਾਡੇ ਮਾਰਗ ਵਿਚ ਗੁਆਂਢੀ ਧਰਮਾਂ ਦੀ ਨਕਲ ਜਾਂ ਸਾਡੀ ਅਣਗਹਿਲੀ ਜਾਂ ਅਵੇਸਲੇ ਜਾਂ ਅਗਿਆਨਤਾ ਜਾਂ ਪੁਰਾਣੇ ਜ਼ਮਾਨੇ ਦੀ ਅਗਿਆਨਤਾ ਭਰੀ ਕਿਸੇ ਲਹਿਰ ਕਰਕੇ ਸਾਡੇ ਵਿਚ ਆ ਵੜੇ ਹਨ, ਉਸ ਦਾ ਵੀ ਅਸੀਂ ਨਿਰਣਾ ਕਰਕੇ ਨਖੇੜਾ ਜਾਂ ਨਿਖੇਧੀ ਕਰਦੇ ਰਹਿੰਦੇ ਹਾਂ।

ਐਸਾ ਕਰਨ ਵਿਚ ਸਾਨੂੰ ਕਿਸੇ ਪੁਰਾਣੀ ਲਕੀਰ ਨਾਲ ਨਾ ਪਕੜ ਹੁੰਦੀ ਹੈ ਨਾ ਵਿਰੋਧ—ਸਾਨੂੰ ਤਾਂ ਕੌਮ ਦੀ ਭਲਾਈ ਤੇ ਤਰੱਕੀ ਮੁਖ ਹੁੰਦੀ ਹੈ। ਸੋ ਅਸੀਂ ਅੱਖਾਂ ਮੀਟ ਕੇ ਲਕੀਰ ਦੇ ਫਕੀਰ ਬਨਣ ਵਿਸ਼ਵਾਸ਼ ਨਹੀਂ ਰਖਦੇ। ਨਾ ਹੀ ਨਵੀਂ ਰੋਸ਼ਨੀ ਨਾਲ ਚੁਧਿਆਇਆਂ ਹੋਇਆਂ ਵਾਂਗ ਪੁਰਾਣੇ, ਅਜ਼ਮਾਏ ਹੋਏ, ਤੇ ਵਿਰਸੇ ਵਿਚ ਮਿਲੇ ਗੁਣਾਂ, ਮਨੌਤਾਂ ਤੇ ਰੀਤਾਂ ਤਾਂ ਨੂੰ ਛੱਡ ਕੇ ਬੇ-ਅਜ਼ਮਾਏ, ਖੋਖਲੇ ਤੇ ਲੇਪਾ-ਪੋਚੀ ਵਾਲੇ ਨਵੇਂ ਫੈਸ਼ਨ ਵਿਚ ਵਿਸ਼ਵਾਸ਼ ਰਖਦੇ ਹਾਂ। ਆਮ ਚਾਲ ਇਹੋ ਹੈ ਕਿ ਦਖਾਵੇ ਵਾਲੇ ਨਵੇਂ ਫੈਸ਼ਨਾਂ ਨੂੰ ਬਿਨਾਂ ਗੁਣ ਔਗੁਣ ਪਰਖੇ ਲੋਕ ਅਪਣਾ ਲੈਂਦੇ ਹਨ ਤੇ ਪਿਛਲੀਆਂ ਗੁਣ-ਭਰਪੂਰ ਚੀਜ਼ਾਂ ਨੂੰ ਨੱਕ ਚਾੜ੍ਹ ਕੇ ਛਡ ਦੇਂਦੇ ਹਨ। ਪਰ ਅਸੀਂ ਤਾਂ ਪਾਠਕਾਂ ਦੀ ਰੁਚੀ ਗੁਣਾਂ ਦੀ ਗ੍ਰਾਹਕ ਬਨਾਣਾ ਚਾਹੁੰਦੇ ਹਾਂ ਤੇ ਜਿਥੋਂ ਗੁਣ ਮਿਲੇ ਲੈ ਲੈਣ ਦੇ ਹੱਕ ਵਿਚ ਹਾਂ।

ਸੋ ਸਾਡੀ ਬੇਨਤੀ ਹੈ ਕਿ ਪਾਠਕ ਵੀਰ ਐਸੀ ਹੀ ਰੁਚੀ ਬਨਾਣ। ਉਹ ਸਾਡੀ ਨੀਯਤ ਵਲ ਵੇਖਣ ਜੋ ਸਦਾ ਸਿਖੀ ਤੇ ਪੰਥ ਦੀ ਭਲਾਈ ਦੀ ਰਹੀ ਹੈ।

ਜੇ ਕੋਈ ਚੀਜ਼ ਉਨ੍ਹਾਂ ਨੂੰ ਸਾਡੀ ਭੁਲ ਨਜ਼ਰ ਆਵੇ ਤਾਂ ਸਾਨੂੰ ਦਸਣ ਤੇ ਸਾਡੀ ਚੰਗੀ ਨੀਯਤ ਨੂੰ ਮੁਖ ਰਖ ਕੇ ਮਾਫ ਕਰ ਦਿਆ ਕਰਨ। ਅਸੀਂ ਹਰੇਕ ਵੀਰ ਦੀ ਰਾਏ ਨੂੰ ਪੂਰਾ ਵਿਚਾਰ ਗੋਚਰੇ ਕਰਦੇ ਹਾਂ, ਗੁਰਮਤ ਦੇ ਸੂਝਵਾਨਾਂ ਨਾਲ ਵੀ ਵਿਚਾਰ ਵਟਾਂਦਰਾ ਕਰਦੇ ਹਾਂ ਤੇ ਉਸ ਅਨੁਸਾਰ ਚਲਦੇ ਹਾਂ।

ਆਸ ਹੈ ਪਾਠਕ ਵੀਰ ਸਾਡੇ ਨਾਲ ਸਹਿਮਤ ਹੁੰਦੇ ਹੋਏ ਮਾਲੀ ਤੌਰ ਤੇ ਸਾਨੂੰ ਬਜ਼ਬੂਤ ਬਨਾਣਗੇ। ਵੀਰ ਜੀ ਆਪਣੇ ਚੰਦੇ ਵਕਤ ਸਿਰ ਪਹਿਲੀ ਚੇਤਾਵਨੀ ਤੇ ਹੀ ਭੇਜ ਦਿਓ। ਜੇ ਬਣ ਸਕੇ ਤਾਂ ਸਾਡੇ ਲਾਈਫ ਮੈਂਬਰ ਬਣੋ। ਇਕੋ ਵਾਰ ੧੦੦) ਰੁਪੈ ਭੇਜ ਕੇ ਜੀਵਨ ਭਰ ਲਈ ਚੰਦੇ ਭੇਜਣ ਦੀ ਖੇਚਲ ਬਚਾਓ ਤੇ ਸੌ ਰੁਪਿਆਂ ਦੀਆਂ ਕਿਤਾਬਾਂ ਵੀ ਮੁਫਤ ਲਓ। ਸਾਡੀ ਵੀ ਇਸ ਵਿਚ ਬੜੀ ਮਦਦ ਤੇ ਹੌਂਸਲਾ ਵਧਾਈ ਹੁੰਦੀ ਹੈ। ਆਪਣੀਆਂ ਤੇ ਆਪਣੇ ਸਜਣਾਂ ਮਿਤਰਾਂ ਦੀਆਂ ਸਹਾਇਤਾਂ ਤੇ ਚੰਦੇ ਭਿਜਵਾਓ। ਸਾਡਾ ਦਾਇਰਾ ਵਧਾਓ ਤੇ ਆਪਣੇ ਸੰਬੰਧੀਆਂ, ਸਜਣਾਂ ਮਿਤਰਾਂ ਨੂੰ ਵੀ ਸੰਤ ਸਿਪਾਹੀ ਦਾ ਗ੍ਰਾਹਕ ਬਨਣ ਲਈ ਕਹੋ। ਜਾਂ ਸਾਨੂੰ ਉਨ੍ਹਾਂ ਦੇ ਐਡਰੈਸ ਲਿਖ ਭੇਜੋ ਤੇ ਅਸੀਂ ਆਪੇ ਉਨ੍ਹਾਂ ਨੂੰ ਆਪ ਦੇ ਹਵਾਲੇ ਨਾਲ ਸੰਤ ਸਿਪਾਹੀ ਦੇ ਪਾਠਕ ਬਨਾਣ ਦੀ ਪ੍ਰੇਰਨਾ ਕਰਾਂਗੇ।

ਦਾਸ—
ਸੇਵਕ, ਸੰਤ ਸਿਪਾਹੀ, ਗੇਟ ਮਹਾਂ ਸਿੰਘ
ਅੰਮ੍ਰਿਤਸਰ।

ਮਾਸਕ ਪੱਤ੍ਰ "ਸੰਤ ਸਿਪਾਹੀ" ਅੰਮ੍ਰਿਤਸਰ

ਮਾਰਚ ੧੯੬੬

ਮੁਲ ੬੫ ਪੈਸੇ

ਡਾਇਰੈਕਟਰ ਮਹਿਕਮਾ ਤਾਲੀਮ
ਪੰਜਾਬ ਵਲੋਂ
ਸਕੂਲਾਂ ਕਾਲਜਾਂ ਦੀਆਂ
ਲਾਇਬਰੇਰੀਆਂ ਲਈ
ਮਨਜ਼ੂਰ ਸ਼ੁਦਾ
ਚਿਠੀ ਨੰ:-੪੬੭੦-੨/੩੭
੫੮-ਬੀ ੪੮੩੪੯

ਬਾਨੀ=ਸ੍ਰੀ ਮਾਨ ਮਾਸਟਰ
ਤਾਰਾ ਸਿੰਘ ਜੀ
ਐਡੀਟਰ=ਸ: ਮਨਜੀਤ ਸਿੰਘ
ਬੀ. ਏ. ਐਲ ਐਲ. ਬੀ.
ਪਤਾ=ਸੰਤ ਸਿਪਾਹੀ, ਲਾਲ ਹਵੇਲੀ
ਗੇਟ ਮਹਾਂ ਸਿੰਘ, ਅੰਮ੍ਰਿਤਸਰ

ਚੰਦਾ ਦੇਸ	੭)
ਪ੍ਰਦੇਸ	੧੦)
ਛਿਮਾਹੀ	੪)

ਮਾਰਚ ੧੯੬੬ ਦੇ ਗੁਰਪੁਰਬ
ਤੇ ਦਿਨ ਦਿਹਾਰ

ਪਾ: ੭ ਗੁਰਿਆਈ	੧੯ ਮਾਰਚ
ਪਾ: ੩ ਗੁਰਿਆਈ	੨੪ ਮਾਰਚ
ਪਾ: ੨ ਜੋਤੀਜੋਤ ਸਮਾਏ	੨੯ ,,
ਪਾ: ੬ ,, ,,	੨੭ ,,
ਹੋਲਾ ਮਹਲਾ	੭ ਮਾਰਚ
ਹੋਲੀ	੬ ਮਾਰਚ
ਸੰਮਤ ੨੦੨੩ ਸ਼ੁਰੂ	੨੩ ਮਾਰਚ
ਰਾਮ ਨੌਮੀ	੩੧ ਮਾਰਚ
ਦੁਰਗਾ ਅਸ਼ਟਮੀ	੩੦ ਮਾਰਚ

ਲੇਖ ਸੂਚੀ

ਲੇਖ	ਪੰਨਾ	ਲੇਖਕ
ਦਸ਼ਮੇਸ਼ ਜੀ ਦੇ ਜੀਵਨ ਵਿਚ ਝਾਤ	(੭)	
ਸ਼ਲੋਕ ਸ਼ੇਖ ਫਰੀਦ ਜੀ ਦੇ (ਸਟੀਕ)	(੧੯)	
ਕੀ ਪੰਜਾਬੀ ਭਾਸ਼ਾ ਨਾਕਸ ਹੈ ? (ਮਹਾਸ਼ਾ ਨਰੇਂਦਰ ਨੂੰ ਜਵਾਬ)	(੨੩)	ਸ: ਚੰਦਾ ਸਿੰਘ ਰਾਏ ਬਰੇਲੀ
ਸੰਗ੍ਰਾਂਦ ਦਾ ਗੁਰਵਾਕ	(੩੦)	
ਸੁਆਲ ਜਵਾਬ	(੩੧)	
ਪਾਠਕਾਂ ਦੀਆਂ ਚਿਠੀਆਂ	(੩੭)	
ਬੋਲ, ਰਾਧਾ ਬੋਲ !	(੩੮)	ਹਕੀਮ ਜਗਤ ਸਿੰਘ ਜੀ
ਪੰਜਾਬੀ ਕਵੀ ਦਰਬਾਰ	(੩੯)	ਪ੍ਰੇਮ ਸੰਪਾਦਿਤ
ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਜੀ ਦੀ ਅਟਲ ਯਾਦਗਾਰ	(੪੨)	ਭਾਈ ਰਣਧੀਰ ਸਿੰਘ ਸਿਖ ਹਿਸਟਰੀ ਰੀਸਰਚ ਸਕਾਲਰ
ਹੰਨੇ ਹੰਨੇ ਮੀਰੀ	(੪੪)	ਇਤਿਹਾਸਕ ਨਾਵਲ
ਪੰਥ ਚਲੈ ਤਬ ਜਗਤ ਮੈਂ (ਅਕਾਲੀ ਕਾਨਫਰੰਸ ਵਿਚ ਤਕਰੀਰ)	(੪੭)	ਸ੍ਰੀ ਮਾਨ ਮਾਸਟਰ ਤਾਰਾ ਸਿੰਘ ਜੀ
ਬੀਤੇ ਮਹੀਨੇ ਦੀਆਂ ਖਬਰਾਂ	(੫੩)	
ਬਚਿਆਂ ਦੇ ਸਫੇ	(੫੫)	
ਹੰਨੇ ਹੰਨੇ ਮੀਰੀ	(੫੯)	ਪੰਨਾ ੪੬ ਤੋਂ ਅਗੇ
ਭਾਈ ਚਾਰਕ ਸਮਾਚਾਰ	(੨ ਤੇ ੬੩)	

ਪ੍ਰਿੰਟਰ ਪਬਲਿਸ਼ਰ, ਐਡੀਟਰ ਤੇ ਮਾਲਕ ਸ: ਮਨਜੀਤ ਸਿੰਘ ਬੀ. ਏ; ਐਲ ਐਲ. ਬੀ. ਨੇ 'ਗਿਆਨੀ ਪ੍ਰੈਸ' ਅੰਮ੍ਰਿਤਸਰ ਤੋਂ ਛਪਾ ਕੇ, ਦਫਤਰ 'ਸੰਤ ਸਿਪਾਹੀ', ਲਾਲ ਹਵੇਲੀ, ਗੇਟ ਮਹਾਂ ਸਿੰਘ, ਅੰਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ । ੨੮ ਫਰਵਰੀ ੧੯੬੬

ੴ ਵਾਹਿਗੁਰੂ ਜੀ ਕੀ ਫਤਹਿ ॥

ਚਿੰਤ ਅਚਿੰਤਾ ਸਗਲੀ ਗਈ ॥ ਪ੍ਰਭ ਨਾਨਕ ਨਾਨਕ ਨਾਨਕ ਮਈ ॥

ਜਿਲਦ ੨੨
ਨੰਬਰ ੩

ਸੰਤ ਸਿਪਾਹੀ

ਮਾਰਚ
੧੯੬੬

ਸਲਾਨਾ ਚੰਦਾ
ਦੇਸ ੭)
ਪ੍ਰਦੇਸ ੧੦)
ਲਾਈਫ ਮੈਂਬਰ
੧੦੦)
੧੫੦)

ਲਾਲ ਹਵੇਲੀ, ਗੇਟ ਮਹਾਂ ਸਿੰਘ, ਅੰਮ੍ਰਿਤਸਰ।

ਦਸ਼ਮੇਸ਼ ਜੀ ਦੇ ਜੀਵਨ ਵਿਚ ਝਾਤ

(੧੪)

[ਪਿਛੇ ਆ ਚੁਕਾ ਹੈ : ਬਚਪਨ ਤੋਂ ਗੁਰਿਆਈ ਤਕ ਦੇ ਵਾਕੇ–ਰੱਬੀ ਮਿਸ਼ਨ ਦਾ ਅਹਿਸਾਸ ਜਾਗਣਾ–ਮੁਤਅਸਬ ਹਕੂਮਤ ਵਿਰੁਧ ਹਥਿਆਰਬੰਦ ਜਨਤਕ ਅੰਦੋਲਨ ਚਲਾਣ ਦੀਆਂ ਵਿਓਂਤਾਂ ਸੋਚਣੀਆਂ–ਸਿਖਾਂ ਨੂੰ ਵਰਦੀ ਵਾਲੀ ਨਿਆਰੀ ਸ਼ਕਲ ਬੀਰ-ਰਸੀ ਵਿਦਿਆ ਤੇ ਸ਼ਸਤ੍ਰਾਂ ਦਾ ਅਭਿਆਸ ਦੇਣ ਦੇ ਕਦਮ ਉਠਾਣੇ–ਸ਼ਿਕਾਰਾਂ ਅਤੇ ਜ਼ਾਲਮਾਂ ਤੇ ਤੱਸਬੀਆਂ ਵਿਰੁਧ ਚੜ੍ਹਨਾ ਤੇ ਉਨ੍ਹਾਂ ਨੂੰ ਸੋਧਣਾ–ਕਾਮਯਾਬੀ ਤੇ ਸ਼ੋਭਾ ਹੋਣੀ ਤੋ ਮਾਨਤਾ ਅਤੇ ਐਸ਼ਵਰਜ ਦਾ ਵਧਣਾ–ਪਹਾੜੀ ਰਾਜਿਆਂ ਨੇ ਈਰਖਾ ਕਰਨੀ–ਸਿਟਾ ਭੰਗਾਣੀ ਦਾ ਯੁਧ–ਜਿਤ–ਪਹਾੜੀ ਰਾਜਿਆਂ ਦੀ ਰਲਵੀਂ ਤਾਕਤ ਤੇ ਭਾਰੂ ਸਿੱਧ ਹੋਣਾ–ਰਾਜਿਆਂ ਨੇ ਮੁਗ਼ਲ ਹਾਕਮਾਂ ਨਾਲ ਮਿਲਕੇ ਹਮਲੇ ਕਰਨੇ ਪਰ ਨਦਉਣ, ਹੁਸੈਨੀ, ਗੁਲੇਰ ਯੁਧਾਂ ਵਿਚ ਉਨ੍ਹਾਂ ਦਾ ਹਾਰਨਾ–ਸ਼ਾਹਜ਼ਾਦਾ ਮੁਅੱਜ਼ਮ ਦਾ ਆਉਣਾ–ਉਸ ਦੀ ਸਤਿਗੁਰਾਂ ਪ੍ਰਤੀ ਸ਼ਰਧਾ ਤੇ ਮੇਲ ਦੀ ਪਾਲੀਸੀ–ਸਤਿਗੁਰਾਂ ਦਾ ਰੋਅਬ ਹੋਰ ਵੀ ਵਧਣਾ–ਪੰਜ ਛੇ ਸਾਲ ਅਮਨ ਤੇ ਹੋਰ ਐਸ਼ਵਰਜ–ਇਸ ਸਮੇਂ ਸਿਖਾਂ ਦੇ ਨਿਸਚੇ ਕਥਨੀ ਤੇ ਕਰਨੀ ਦ੍ਰਿੜ੍ਹ ਕਰਨ ਵਲ ਧਿਆਨ ਦੇਣਾ–ਅੰਤ ਪੰਜਾਂ ਸਿਖਾਂ ਤੋਂ ਸੀਸ-ਭੇਟ ਦਾ ਇਮਤਿਹਾਨ ਲੈ ਕੇ ਪੰਜ ਪਿਆਰੇ ਚੁਨਣੇ ਤੇ ਖਾਲਸਾ ਪੰਥ ਦੀ ਸਾਜਨਾ ਕਰਨੀ–ਇਨ੍ਹਾਂ ਨੂੰ ਰਹਿਤ,' ਵਰਦੀ ਤੇ ਨਵੀਂ ਮਰਯਾਦਾ ਦੇਣੀ–ਮਸੰਦ ਸਿਸਟਮ ਤੇ ਚਰਨਪਾਹੁਲ ਦੀ ਰੀਤੀ ਖਤਮ ਕਰਕੇ ਪੰਜ ਪਿਆਰਿਆਂ ਨੂੰ ਖੰਡੇ ਦੀ ਪਾਹੁਲ ਦੇ ਕੇ ਅਗੋਂ ਸਿਖ ਬਨਾਣ ਦਾ ਅਧਿਕਾਰ ਦੇਣਾ–ਜਾਤ ਪਾਤ ਤੇ ਊਚ ਨੀਚ ਦੇ ਵਿਤਕਰੇ ਮਿਟਾਣੇ–ਪਹਾੜੀ ਰਾਜਿਆਂ ਨਾਲ ਮੇਲ ਕਰਕੇ ਉਨ੍ਹਾਂ ਨੂੰ ਨਵੇਂ ਖਾਲਸਾ ਪੰਥ ਵਿਚ ਸ਼ਾਮਲ ਹੋਣ ਦੀ ਦਾਹਵਤ–ਰਾਜਿਆਂ ਵਲੋਂ ਨਾਂਹ ਤੇ ਸਤਿਗੁਰਾਂ ਦਾ ਅੰਮ੍ਰਿਤ ਪ੍ਰਚਾਰ ਜਥਿਆਂ ਦਾ ਤਿਆਰ ਕਰਕੇ ਖਾਲਸਾ ਪੰਥ ਦਾ ਵਾਧਾ ਕਰਨਾ–ਨਿਸ਼ਚੇ, ਅਮਲਾਂ ਤੇ ਮਰਯਾਦਾ ਦੀ ਸੁਧਾਈ–ਮਸੰਦਾਂ ਦੀ ਨਕਲ ਦੇਖ ਕੇ ਮਸੰਦਾਂ ਨੂੰ ਦੰਡ ਦੇ ਕੇ ਅਗੋਂ ਮਸੰਦਾਂ ਦੀਆਂ ਸੰਗਤਾਂ ਖਤਮ ਕਰਨਾ ਤੇ ਸਭ ਸੰਗਤ ਆਪਣੀ ਨਿਜੀ ਕਰਨੀ–ਲੰਗਰ ਪੰਥ ਨੂੰ ਸੌਂਪਣਾ–ਸੰਗਤਾਂ ਦੇ ਹਰ ਤਰ੍ਹਾਂ ਦੇ ਭਰਮ ਨਿਵਾਰਨੇ ਤੇ ਸਿਖੀ ਕਮਾਣ ਦੀ ਦੀਖਜਾ ਦੇਣੀ–ਹੁਣ ਅਗੇ ਪੜ੍ਹੋ]

ਖਾਲਸਾ ਧਰਮ ਪੱਕਾ ਧਰਮ ਹੈ : ਕੱਚਾ ਧਾਗਾ ਨਹੀਂ

ਹਿੰਦੂ ਧਰਮ ਦੇ ਆਚਾਰੀਆਂ ਨੇ ਇਸਲਾਮ ਦੇ ਮੁਕਾਬਲੇ ਵਿਚ ਆਪਣੇ ਆਪ ਨੂੰ ਬੇਵਸ ਪਾ ਕੇ ਚਿਰਾਂ ਤੋਂ ਬਾਈਕਾਟ ਦਾ ਨਿਯਮ ਅਪਣਾਇਆ ਹੋਇਆ ਸੀ। ਜੋ ਵੀ ਮੁਸਲਮਾਨਾਂ ਨਾਲ ਮੇਲ ਰਖਦਾ ਜਾਂ ਹਿੰਦੂ ਮਰਯਾਦਾ ਦੀ ਨਿਕੀ ਜੇਹੀ ਵੀ ਉਲੰਘਣਾ ਕਰਦਾ, ਉਸ ਨੂੰ ਧਰਮ-ਭ੍ਰਸ਼ਟ ਕਰਾਰ ਦੇ ਕੇ ਜਾਤੀ ਵਿਚੋਂ ਕੱਢ ਦਿਤਾ ਜਾਂਦਾ। ਇਹ ਨਿਯਮ ਛੋਟੀਆਂ ਜਾਤੀਆਂ ਤੇ ਜ਼ੋਰ ਨਾਲ ਲਾਗੂ ਕੀਤਾ ਗਿਆ। ਸਿਟੇ ਵਜੋਂ ਛੋਟੀਆਂ ਜਾਤਾਂ ਧੜਾ ਧੜ ਮੁਸਲਮਾਨ ਹੋਣ ਲਗੀਆਂ। ਫਿਰ ਜੋ ਇਕ ਵਾਰ ਗੁਸੇ ਜਾਂ ਮਾਯੂਸੀ ਜਾਂ ਗਲਤੀ ਨਾਲ ਮੁਸਲਮਾਨ ਬਣ ਜਾਂਦਾ, ਉਸ ਨੂੰ ਤੇ ਉਸ ਦੇ ਪ੍ਰਵਾਰ ਨੂੰ ਛੇਕ ਦਿਤਾ ਜਾਂਦਾ ਤੇ ਵਾਪਸ ਹਿੰਦੂ ਧਰਮ ਵਿਚ ਵਰਤਾਇਆ ਰਲਾਇਆ ਨਾ ਜਾਂਦਾ। ਇਸ ਤੇ ਹਿੰਦੂ ਧਰਮ ਨੂੰ ਘਾਟਾ ਪੈਣ ਲਗਾ ਪਰ ਹਿੰਦੂ ਬ੍ਰਾਹਮਣ ਤੇ ਅਚਾਰੀਆਂ ਨੇ ਵੀ ਅੱੜ ਫੜ ਲਈ। ਹਿੰਦੂ ਧਰਮ ਦੇ ਸਮਾਜ ਦੀ ਬਣਤਰ ਅਜੇਹੀ ਬਣ ਗਈ ਸੀ ਕਿ ਇਨ੍ਹਾਂ ਦਾ ਕੋਈ ਇਕ ਵੱਡਾ ਸੁਧਾਰਕ ਜਾਂ ਕ੍ਰਾਂਤੀਕਾਰੀ ਮੁਖੀ ਬਣ ਹੀ ਨਹੀਂ ਸਕਦਾ ਸੀ, ਉਸੇ ਦੀ ਪੁਛ ਪ੍ਰਤੀਤ ਬਣਦੀ ਜੋ ਉਚ ਜਾਤੀਆਂ ਦੀ ਰਈ ਕਰਦਾ ਤੇ ਨੀਚ ਜਾਤੀਆਂ ਨੂੰ ਦੁਰਕਾਰਦਾ ਤੇ ਉਨ੍ਹਾਂ ਤੇ ਹਿੰਦੂ ਧਰਮ ਦੀਆਂ ਵਧ ਤੋਂ ਵਧ ਪਾਬੰਦੀਆਂ ਸਖ਼ਤੀ ਨਾਲ ਲਾਗੂ ਕਰਦਾ।

ਮੁਸਲਮਾਨ ਧਰਮ ਕਈ ਸ਼ਕਲਾਂ ਧਾਰਨ ਕਰਕੇ ਹਿੰਦੂਆਂ ਨੂੰ ਧਰਮ-ਭ੍ਰਸ਼ਟ ਕਰਨ ਲਗ ਪਿਆ। ਹਿੰਦੂ ਧਰਮ ਕਚੇ ਧਾਗੇ ਵਾਂਗੂ ਟੁਟਣ ਲਗਾ। ਸਖੀ ਸਰਵਰ ਪੀਰ, ਮਸਤ ਕਲੰਦਰ, ਸੂਫੀ, ਦਰਗਾਹੀਏ, ਨਿਗਾਹੀਏ ਹਿੰਦਵਾਣੀ ਭਾਸ਼ਾ, ਸ਼ਕਲ ਤੇ ਨਿਸਚੇ ਦਾ ਆਸਰਾ ਲੈ ਹਿੰਦੂ ਸਮਾਜ ਤੇ ਖਾਸ ਕਰਕੇ ਛੋਟੀਆਂ ਜਾਤੀਆਂ ਵਿਚ ਵੜਨ ਲਗੇ। ਸਤਿਗੁਰਾਂ ਸਮੇਂ ਜਿਥੇ ਇਸਲਾਮੀ ਤੁਅੱਸਬ ਦਾ ਹਮਲਾ ਜ਼ੋਰਾਂ ਤੇ ਸੀ, ਇਹ ਪਿਆਰ ਵਾਲਾ ਨੀਮ-ਮੁਸਲਮਾਨ ਬਨਾਣ ਵਾਲਾ ਹਰਬਾ ਵੀ ਚਲ ਨਿਕਲਿਆ ਸੀ।

ਸਿਖ ਧਰਮ ਬਹੁਤਾ ਹਿੰਦੂ ਸਮਾਜ ਵਿਚ ਚਲਿਆ ਸੀ ਤੇ ਰਸਮਾਂ ਰੀਤਾਂ ਵਿਚ ਹਿੰਦੂ ਧਰਮ ਨਾਲੋਂ ਬਹੁਤਾ ਵਖਰਾ ਨਹੀਂ ਸੀ। ਉਚ ਨੀਚ ਤੇ ਜਾਤ ਪਾਤ ਦਾ ਭੇਦ ਭਰਮ ਭਾਵ ਮਿਟਾਣਾ ਸਤਿਗੁਰਾਂ ਦਾ ਖਾਸ ਉਦੇਸ਼ ਸੀ, ਇਸ ਮੰਤਵ ਲਈ ਸਤਿਗੁਰਾਂ ਨੇ ਸੰਗਤ ਪੰਗਤ ਵਿਚ ਕਹੌਤੀ ਨੀਵੀਆਂ ਜਾਤੀਆਂ ਨੂੰ ਬਹੁਤ ਨਿਵਾਜਿਆ, ਇਥੋਂ ਤਕ ਕਿ ਮਸੰਦ ਬਹੁਤੇ ਜੱਟ ਜਿਮੀਂਦਾਰ ਹੀ ਬਣਾਏ ਜਾਂਦੇ ਸਨ। ਪਰੰਤੂ ਸਿਖਾਂ ਤੇ ਹਿੰਦੂਆਂ ਵਿਚ ਏਡਾ ਨੇੜ ਸੀ ਕਿ ਸਿਖਾਂ ਉਤੇ ਹਿੰਦੂ ਸਮਾਜ ਤੇ ਪੁਰਾਣੇ ਹਿੰਦੂ ਨਿਸਚੇ, ਅਤੇ ਹਿੰਦੂ ਮਰਯਾਦਾ ਦਾ ਅਸਰ ਹਟ ਹਟ ਕੇ ਫਿਰ ਆ ਵੜਦਾ ਸੀ। ਪੁਰਾਣਾ ਅਚਾਰਜਪੁਣਾ ਤੇ ਪ੍ਰੋਹਤਪੁਣਾ ਮਸੰਦਾਂ ਵਿਚ ਪ੍ਰਗਟ ਹੋਣ ਲਗ ਪਿਆ।

ਦਸ਼ਮੇਸ਼ ਜੀ ਨੇ ਬੜੇ ਹੌਂਸਲੇ ਤੇ ਦਲੇਰੀ ਨਾਲ ਕ੍ਰਾਂਤੀਕਾਰੀ ਤਬਦੀਲੀਆਂ ਕੀਤੀਆਂ ਤੇ ਬਲੀ ਤੇ ਸੂਰਬੀਰ ਹੋਣ ਕਰਕੇ ਤਬਦੀਲੀਆਂ ਨੂੰ ਕਿਰਿਆਤਮ ਕਰ ਪਾਏ। ਸਿਖਾਂ ਵਿਚ ਜੜ੍ਹਾਂ ਪਕੜ ਚੁਕਾ ਮਸੰਦ ਸਿਸਟਮ ਵੀ ਆਪ ਨੇ ਉਖੇੜ ਕੇ ਰਖ ਦਿਤਾ ਜਿਸ ਨੇ ਸਿਖਾਂ ਵਿਚ ਹਿੰਦਵਾਣਾ ਪ੍ਰੋਹਤ ਸਿਸਟਮ, ਹਿੰਦਵਾਣੇ ਸਰਾਪਾਂ ਦੇ ਡਰ, ਨਿਕੀ ਨਿਕੀ ਗਲੋਂ ਸਿਖੀਓਂ ਖਾਰਜ ਕਰਨ ਦੀ ਰੀਤੀ ਤੇ ਹੋਰ ਪੂਜਾ, ਭੇਟਾ ਦੇ ਅਧਿਕਾਰ ਮਸੰਦਾਂ ਨੂੰ ਦੇ ਰਖੇ ਸਨ।

ਸਿਖੀ ਧਰਮ ਵੀ ਹਿੰਦੂ ਧਰਮ ਵਾਂਗ ਕਚੇ ਧਾਗੇ ਵਾਂਗ ਬਣਦਾ ਜਾ ਰਿਹਾ ਸੀ। ਮਸੰਦ ਦੀ ਮਰਜ਼ੀ ਹੁੰਦੀ, ਕਿਸੇ ਨੂੰ ਸਿਖ ਰਹਿਣ ਦੇਂਦਾ, ਨਾ ਮਰਜ਼ੀ ਹੁੰਦੀ ਤਾਂ ਮਾਮੂਲੀ ਉਕਾਈ ਦਾ ਦੋਸ਼ ਲਾ ਕੇ ਕੱਢ ਦੇਂਦਾ। ਸਿਖੀ ਦੀ ਪਵਿੱਤਰ ਧਾਰਾ ਗੰਧਲੀ ਹੋ ਰਹੀ ਸੀ। ਹਿੰਦੂ ਧਰਮ ਤੇ ਹਿੰਦੂ ਸਮਾਜ ਦਾ ਸਿਖੀ ਨਾਲ ਏਡਾ ਨੇੜ ਸੀ ਕਿ ਉਸ ਦਾ ਘਟਾ ਗਰਦ ਗੁਬਾਰ ਨਿਤ ਉਡ ਕੇ ਸਿਖੀ ਦੇ ਨਰੋਏ ਪਣ ਤੇ ਨਵੇਂ ਪਣ ਤੇ ਪੈਂਦਾ ਤੇ ਨਿਤ ਉਸ ਨੂੰ ਝਾੜਨਾ ਪੈਂਦਾ। ਹਿੰਦੂ ਧਰਮ ਤੇ ਸਮਾਜ ਨੂੰ ਸਤਿਗੁਰਾਂ ਨੇ ਉਭਾਰਨਾ ਤੇ ਸੁਆਰਨਾ ਵੀ ਸੀ, ਇਸ ਦੀ ਪੁਰਾਤਨ ਸੁਅੱਛਤਾ ਉਘੇੜਨੀ ਤੇ ਨਿਰੋਆਪਣ ਜਗਾਣਾ ਸੀ। ਇਸ ਛੂਤ ਦੇ ਬੀਮਾਰ ਨਾਲੋਂ ਟੁਟਣਾ ਵੀ ਨਹੀਂ ਸੀ ਤੇ ਇਸ ਦੀ ਛੂਤ ਤੋਂ ਬਚਦਿਆਂ ਹੋਇਆਂ ਇਸ ਨੂੰ ਰਾਜ਼ੀ ਵੀ ਕਰਨਾ ਸੀ।

ਕੇਡਾ ਔਖਾ ਕੰਮ ਸੀ ਦਸ਼ਮੇਸ਼ ਜੀ ਸਾਹਮਣੇ–

ਪਰ ਆਪ ਨੇ ਪੂਰੀ ਦਲੇਰੀ ਤੇ ਜੁਰਅਤ ਨਾਲ ਨਿਬਾਹਿਆ। ਦਸ਼ਮੇਸ਼ ਜੀ ਸਰੀਰ, ਮਨ ਤੇ ਕਰਮਾਂ ਦੇ ਮਹਾਂਬਲੀ ਸਨ, ਉਨ੍ਹਾਂ ਦਾ ਸਿਖਾਂ ਦੇ ਮਨਾਂ ਅਤੇ ਆਲੇ ਦੁਆਲੇ ਤੇ ਕਰਾਮਾਤ ਦਾ ਅਸਰ ਪੈਂਦਾ ਸੀ।

ਇਕ ਦਿਨ ਦੀਵਾਨ ਵਿਚ ਇਕ ਸਿਖ ਆਪਣੀ ਬੇਟੀ ਨੂੰ ਲਿਆਇਆ ਤੇ ਕਹਿਣ ਲਗਾ ਕਿ ਇਸ ਨੂੰ ਤੁਰਕ ਵਰਗਲਾ ਕੇ ਲੈ ਗਏ ਸਨ। ਖਬਰੇ ਉਨ੍ਹਾਂ ਨੇ ਇਸ ਦੇ ਸਿਰ ਵਿਚ ਕੀ ਪਾ ਦਿਤਾ ਹੈ ਕਿ ਇਹ ਉਨ੍ਹਾਂ ਬਾਬਤ ਹੀ ਸੋਚਦੀ ਤੇ ਓਧਰ ਜਾਣਾ ਹੀ ਪਸੰਦ ਕਰਦੀ ਹੈ। ਇਸ ਨੂੰ ਘਰ ਲਿਆਉਂਦੇ ਹਾਂ, ਤਾਂ ਭਾਈਚਾਰਾ ਨਹੀਂ ਮਿਲਾਉਂਦਾ।

ਸਤਿਗੁਰਾਂ ਨੇ ਲੜਕੀ ਨੂੰ ਬੁਲਾ ਕੇ ਉਸ ਨਾਲ ਗਲ ਕਰਕੇ ਅਸਲ ਰੋਗ ਜਾਚਿਆ ਤੇ ਕਿਹਾ, "ਏਹ ਭਾਈਚਾਰੇ ਦਾ ਕਸੂਰ ਹੈ। ਇਕ ਤਾਂ ਇਸ ਨੂੰ ਉਧਰੋਂ ਪਿਆਰ ਮਿਲਣ ਕਰਕੇ ਨੇਹੁੰ ਲਗਾ ਹੋਇਆ ਹੈ, ਦੂਜੇ ਇਸ ਨੂੰ ਭਾਈਚਾਰਾ ਸਵੀਕਾਰ ਨਹੀਂ ਕਰਦਾ। ਭਾਵ ਇਕ ਪਾਸਾ ਤਾਂ ਇਸ ਨੂੰ ਆਪਣੇ ਵਲ ਖਿਚਦਾ ਹੈ ਤੇ ਦੂਜਾ ਪਾਸਾ ਵੀ ਓਧਰ ਹੀ ਧਕਦਾ ਹੈ। ਫਿਰ ਜੇ ਇਹ ਉਸੇ ਪਾਸੇ ਲੁੜਕ ਜਾਏ, ਤਾਂ ਇਸ ਵਿਚ ਇਸ ਦਾ ਕੀ ਦੋਸ਼ ਹੈ ?"

ਸਤਿਗੁਰਾਂ ਉਸ ਨੂੰ ਪਿਆਰ ਨਾਲ ਸਮਝਾਇਆ ਤੇ ਅੰਮ੍ਰਿਤ ਛਕਾ ਕੇ ਪੁਤਰੀ ਬਣਾਇਆ। ਫਿਰ ਉਸ ਹਥੋਂ ਪ੍ਰਸ਼ਾਦ ਵਰਤਾ ਕੇ ਉਸ ਦੇ ਸੰਬੰਧੀਆਂ ਤੇ ਸੰਗਤ ਨੂੰ ਛਕਾਇਆ। ਅਗੋਂ ਸਿਖ ਸੰਗਤਾਂ ਨੂੰ ਹਿਦਾਇਤ ਕਰ ਦਿਤੀ ਕਿ ਤੁਰਕਾਂ ਕੋਲੋਂ ਛੁੜਾ ਕੇ ਲਿਆਂਦੀ ਅਬਲਾ ਕੁਆਰੀ ਜਾਂ ਵਿਆਹੀ ਇਸਤ੍ਰੀ ਜੋ ਵੀ ਹੋਵੇ, ਉਸ ਨੂੰ ਅੰਮ੍ਰਿਤ ਛਕਾ ਕੇ ਉਸ ਤੋਂ ਪ੍ਰਸ਼ਾਦ ਵਰਤਵਾ ਕੇ ਭਾਈ-ਚਾਰੇ ਵਿਚ ਅਭੇਦ ਕਰ ਲਿਆ ਜਾਏ। ਜੋ ਇਉਂ ਕਰੇਗਾ ਗੁਰੂ ਦਾ ਉਸ ਵਲ ਮੂੰਹ ਹੋਵੇਗਾ, ਜੋ ਭਾਈਚਾਰੇ ਵਿਚ ਰਲਾਣੋਂ ਨਾਂਹ ਕਰੇਗਾ, ਗੁਰੂ ਦੀ ਉਸ ਵਲ ਪਿੱਠ ਹੋਵੇਗੀ। ਖਾਲਸਾ ਧਰਮ ਕਚੀ ਤੰਦ ਵਾਂਗ ਇਸ ਗਲੋਂ ਨਹੀਂ ਟੁਟਦਾ ਕਿ ਇਕ ਵੇਰਾਂ ਅਵੱਗਿਆ ਹੋ ਗਈ ਤੇ ਧਰਮ ਨਸ਼ਟ ਭ੍ਰਸ਼ਟ ਹੋ ਗਿਆ। ਸਗੋਂ ਇਹ ਰੱਸੇ ਵਾਂਗ ਮਜ਼ਬੂਤ ਹੈ ਤੇ ਭੁਲਿਆਂ ਨੂੰ ਰਾਹੇ ਪਾਣ ਲਈ ਫਿਰ ਫਿਰ ਜਤਨ ਕਰਨ ਤੋਂ ਸੰਗਦਾ ਨਹੀਂ, ਸਗੋਂ ਆਪਣਾ ਜ਼ਰੂਰੀ ਫਰਜ਼ ਸਮਝਦਾ ਹੈ ਕਿ ਭੁਲਾਂ ਕੱਢ ਕੇ ਸਦਾ ਸਿਧੇ ਰਾਹ ਪਾਉਂਦਾ ਰਹੇ।

ਸਿਦਕ ਦੀ ਸਿਖੀ

ਇਕ ਦਿਨ ਦੀਵਾਨ ਵਿਚ ਕਕਾਰਾਂ ਦੇ ਧਾਰਨ ਕਰਨ, ਰਹਿਤਾਂ ਰਖਣ ਤੇ ਕੁਰਹਿਤਾਂ ਤੋਂ ਬਚਣ ਉਪਰ ਵਿਚਾਰ ਹੋਈ ਤੇ ਸਤਿਗੁਰਾਂ ਨੇ ਰਹਿਣੀ ਰਹਿਣ ਉਪਰ ਜ਼ੋਰ ਦਿਤਾ, ਕਿਹਾ,

ਰਹਿਣੀ ਰਹੈ ਸੋਈ ਸਿਖ ਮੇਰਾ ॥
ਉਹ ਸਾਹਿਬ ਮੈਂ ਉਸ ਕਾ ਚੇਰਾ ॥

ਤਾਂ ਸਿਖਾਂ ਪੁਛਿਆ, ਮਹਾਰਾਜ ਕੀ ਕਕਾਰਾਂ ਦੀ ਰਹਿਤ ਧਾਰਨ ਕਰਨ ਨਾਲ ਹੀ ਏਡੀ ਭਾਰੀ ਮਹਾਨਤਾ ਆ ਜਾਂਦੀ ਹੈ। ਤਾਂ ਸਤਿਗੁਰੂ ਰਹਿਣੀ ਦਾ ਅਰਥ ਖੋਹਲ ਕੇ ਸਮਝਾਇਆ ਕਿ ਰਹਿਣੀ ਵਿਚ ਨਿਰੀ ਮਰਯਾਦਾ ਹੀ ਨਹੀਂ ਨਾਮ ਬਾਣੀ ਦਾ ਅਭਿਆਸ ਤੇ ਸੁਚਾ ਆਚਾਰ ਵਿਹਾਰ ਵੀ ਆਉਂਦਾ ਹੈ। ਜੋ ਪੂਰੇ ਗੁਰਸਿਖ ਦੀ ਰਹਿਣੀ ਰਹੇ, ਉਹ ਮੇਰਾ ਰੂਪ ਹੀ ਹੋ ਜਾਂਦਾ ਹੈ। ਉਸ ਵਿਚ ਤੇ ਮੇਰੇ ਵਿਚ ਭੇਦ ਨਹੀਂ ਰਹਿ ਜਾਂਦਾ। ਜੇ ਉਸ ਨੇ ਮੇਰੀ ਸਿਖਿਆ ਨੂੰ ਸੱਚਾ ਤੇ ਸਿਦਕੀ ਚੇਲਾ (ਸ਼ਿਸ਼) ਹੋ ਕੇ ਨਿਬਾਹਿਆ ਹੈ ਤਾਂ ਉਹ ਮੇਰਾ ਰੂਪ ਹੀ ਨਹੀਂ, ਪਰਮੇਸ਼ਰ ਦਾ ਰੂਪ ਹੋ ਗਿਆ ਤੇ ਉਹ ਮੇਰੇ ਸਾਹਿਬ ਦਾ ਰੂਪ ਹੋ ਗਿਆ।

ਇਕ ਸਿਖ ਨੇ ਪੁਛਿਆ, "ਮਹਾਰਾਜ! ਜੋ ਕਿਸੇ ਮੰਤਵ ਅਧੀਨ ਸਿਖ ਬਣਦੇ ਹਨ, ਕੀ ਉਹ ਸਿਖ ਨਹੀਂ ਹੁੰਦੇ ? ਤਾਂ ਸਤਿਗੁਰਾਂ ਕਿਹਾ, 'ਭਾਈ! ਸਿਖੀ ਪੰਜ ਪ੍ਰਕਾਰ ਦੀ ਸਮਝੋ: ਧੰਧੇ ਦੀ, ਦੇਖਾ-ਦੇਖੀ ਦੀ, ਹਿਰਸ ਦੀ, ਭਾਵਨੀ ਦੀ, ਸਿਦਕ ਦੀ। ਧੰਧੇ ਦੀ ਉਹ ਸਿਖੀ ਹੈ ਜੋ ਕਿਸੇ ਧੰਧੇ ਦੀ ਸਿਧੀ ਲਈ ਕੀਤੀ ਜਾਏ, ਉਹ ਸ਼ਾਗਿਰਦੀ ਹੈ। ਦੂਜੀ ਉਹ ਹੈ ਜੋ ਭਾਈਆਂ, ਭਰਾਵਾਂ, ਸਾਕਾਂ, ਅੰਗਾਂ, ਨੂੰ ਸਿਖ ਹੁੰਦੇ ਵੇਖ ਕੇ, ਆਪ ਨਿਗੁਰਾਂ ਸਦਾਉਣ ਵਲੋਂ ਸ਼ਰਮ ਖਾ ਕੇ ਸਿਖ ਬਣ ਜਾਣਾ। ਤੀਜੀ, ਕਿਸੇ ਲੋਭ ਪਿਛੇ ਅਰਥਾਤ ਏਸ ਖਿਆਲ ਨਾਲ ਕਿ ਫਲਾਣੀ ਚੀਜ਼ ਪ੍ਰਾਪਤ ਹੋ ਜਾਵੇਗੀ। ਉਹ ਪ੍ਰੇਮ ਭਾਵ ਤੋਂ ਬਿਨਾਂ ਹਿਰਸ ਦੀ ਸਿਖੀ ਹੈ। ਚੌਥੀ ਭਾਵਨੀ ਦੀ ਉਹ ਹੈ ਜੋ ਗੁਰੂ ਦੀ ਮੂਰਤ ਨੂੰ

ਸਾਖਸ਼ਾਤ ਪ੍ਰਮੇਸ਼ਰ ਸਮਝ ਕੇ ਆਪਣੇ ਮਨ ਵਿਚ ਗੁਰੂ ਮੂਰਤੀ ਦਾ ਧਿਆਨ ਧਰਨਾ ਤੇ ਉਨ੍ਹਾਂ ਦੇ ਬਚਨਾਂ ਤੇ ਭਰੋਸਾ ਰਖ ਕੇ ਹਰ ਵੇਲੇ ਪ੍ਰੇਮ ਵਿਚ ਲਗੇ ਰਹਿਣਾ। ਪੰਜਵੀਂ ਸਿਦਕ ਦੀ ਸਿਖੀ ਹੈ। ਇਹ ਦੁਖ ਸੁਖ, ਲਾਭ ਹਾਣ, ਜਨਮ ਮਰਨ, ਮਾਨ ਅਪਮਾਣ ਵਿਚ ਗੁਰੂ ਦਾ ਭਾਣਾ ਮੰਨ ਕੇ ਪ੍ਰਸੰਨ ਰਹਿਣਾ ਤੇ ਬਿਨਾਂ ਗੁਰੂ ਤੋਂ ਹੋਰ ਕਿਸੇ ਦੇਵੀ, ਦੇਵਤੇ, ਮੜ੍ਹੀ ਮਸਾਣੀ ਦੀ ਮਨੌਤ ਨਾ ਕਰਨੀ ਹੈ। ਤਨ, ਮਨ, ਧਨ ਗੁਰੂ ਅਰਪਣ ਕਰ ਰਖਣਾ ਹੈ। ਅਜੇਹੇ ਸਿਖਾਂ ਦੇ ਗੁਰੂ ਸਦਾ ਅੰਗ ਸੰਗ ਰਹਿੰਦਾ ਹੈ।

ਇਕ ਗੁਰਮੁਖ ਸਿਖਣੀ

ਇਕ ਦਿਨ ਇਕ ਸਿਖਣੀ ਸੰਗਤ ਨਾਲ ਸਤਿਗੁਰਾਂ ਦੇ ਦਰਸ਼ਨਾਂ ਨੂੰ ਆਈ। ਉਸ ਨੇ ਦਰਸ਼ਨ ਕਰਕੇ ਚਰਨ ਧੂੜ ਮਥੇ ਨੂੰ ਲਾਈ ਤੇ ਬੇਨਤੀ ਕੀਤੀ, "ਸਤਿਗੁਰੋ! ਮੈਂ ਇਕ ਸਿਖ ਦੀ ਬੇਟੀ ਸਾਂ ਪਰ ਸਰਵਰੀਏ ਦੇ ਵਿਆਹੀ ਗਈ। ਇਕ ਤਾਂ ਉਹ ਸਨ ਪੰਜ ਪੀਰੀਏ ਤੇ ਦੂਜੇ ਮੇਰਾ ਪਤੀ ਵੀ ਪੰਜੇ ਐਬ ਸ਼ੱਰਈ ਸੀ। ਉਸ ਨੇ ਆਪ ਤਾਂ ਸਭ ਧਰਮ ਕਰਮ ਛਡ ਰਖੇ ਸਨ, ਪਰ ਉਹ ਮੈਨੂੰ ਭੀ ਨਹੀਂ ਕਰਨ ਦੇਂਦਾ ਸੀ। ਇਸ਼ਨਾਨ, ਭਜਨ, ਦਾਨ ਕਰਦੀ ਨੂੰ ਦੇਖ ਦੇਖ ਪਿਆ ਸੜਦਾ ਤੇ ਸਾਧ ਸੰਗਤ ਦੇ ਜੋੜ ਮੇਲ ਵਿਚ ਕੀਰਤਨ ਭੀ ਸੁਣਨ ਨਾ ਜਾਣ ਦੇਂਦਾ। ਪਰ ਮੈਂ ਚੋਰੀ ਛਪੀ ਜਿਵੇਂ ਕਿਵੇਂ ਧਰਮ ਕਰਮ ਨੂੰ ਨਿਬਾਹਿਆ ਤੇ ਉਸ ਦੀ ਆਗਿਆ ਤੋਂ ਵੀ ਬਾਹਰ ਹੋਈ। ਪਰ ਹੌਲੀ ਹੌਲੀ ਮੈਂ ਉਸ ਦੇ ਦਿਲ ਦਰਿਆ ਨੂੰ ਮੋੜ ਲਿਆ ਤੇ ਗੁਰੂ ਘਰ ਦੀ ਵਡਿਆਈ ਤੇ ਸਾਖੀਆਂ ਸੁਣਾ ਸਿਖੀ ਦੇ ਗੁਣ ਉਸ ਦੇ ਮਨ ਵਿਚ ਅਜੇਹੇ ਧਸਾਏ ਜਿਸ ਕਰਕੇ ਹੁਣ ਉਹ ਪੱਕਾ ਸਿਖ ਗੁਰੂ ਕਾ ਬਣ ਗਿਆ ਹੈ। ਪਰ ਮੈਂ ਜੋ ਉਸਦੀ ਆਗਿਆ ਤੋਂ ਬਾਹਰੀ ਹੋ ਕੇ ਚਲਦੀ ਰਹੀ ਹਾਂ, ਉਹ ਮੇਰਾ ਪਾਪ ਬਖਸ਼ਿਆ ਜਾਵੇ, ਆਪ ਅਗੇ ਸਾਰੀ ਹਕੀਕਤ ਸੁਣਾਈ। ਕੀ ਮੈਂ ਪਤੀ ਨਾਲ ਛੱਲ ਕੀਤਾ ਹੈ?"

ਉਸ ਸਿਖ ਬੇਟੀ ਦੀ ਸੱਚੀ ਨੀਅਤ ਤੇ ਸੱਚਾ ਵਿਹਾਰ ਸੁਣ ਕੇ ਸਾਹਿਬਾਂ ਸਮੇਤ ਸਾਰੀ ਸੰਗਤ ਉਸ ਤੇ ਪ੍ਰਸੰਨ ਹੋ ਉਸ ਨੂੰ ਸਲਾਹੁਣ ਲਗ ਪਈ। ਗੁਰਮੁਖ ਭਾਈ ਰਾਮ ਕੌਰ ਜੀ ਨੇ ਸਤਿਗੁਰਾਂ ਦੀ ਮਰਜੀ ਵੇਖ ਕੇ ਕਿਹਾ, "ਦੇਵੀ ਤੂੰ ਆਗਿਆ ਭੰਗ ਕਰਕੇ ਕੋਈ ਝੂਠਾ ਵਿਹਾਰ ਨਹੀਂ ਕੀਤਾ। ਝੂਠ ਵੀ ਬੋਲਿਆ ਹੋਊ ਤਾਂ ਸਚੇ ਆਚਾਰ ਵਿਹਾਰ ਤੇ ਧਰਮ ਕਰਮ ਲਈ। ਸੱਚ ਬੜੀ ਉਤਮ ਵਸਤੂ ਹੈ ਹਰੇਕ ਵਸਤੂ ਉਸ ਤੋਂ ਥਲੇ ਹੈ, ਪਰ ਮਨੁਖ ਨੇ ਸੰਸਾਰ ਵਿਚ ਵਿਚਰਨਾ ਹੈ, ਇਸ ਲਈ ਸਤਿਗੁਰਾਂ ਦਾ ਫੁਰਮਾਨ ਹੈ ਕਿ ਸੱਚਾ ਆਚਾਰ ਵਿਹਾਰ ਸੱਚ ਤੋਂ ਵੀ ਉਪਰ ਹੈ, ਯਥਾ :–

ਮਨ ਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ ॥
ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰੁ ॥
ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥
(ਪੰਨਾ : ੬੨)

ਭਾਵ ਸਚ ਤੋਂ ਸਭ ਕੁਝ ਨੀਵਾਂ ਹੈ ਪਰ ਸੱਚ ਤੋਂ ਵੀ ਉਤੇ ਸੱਚ ਦੀ ਰਹਿਣੀ ਹੈ। ਭਾਈ ਗੁਰਦਾਸ ਜੀ ਨੇ ਵੀ ਲਿਖਿਆ ਹੈ–

ਸਚਹੁੰ ਓਰੈ ਸਭ ਕਿਹੁ ਲੱਖ ਸਿਆਣਪ ਸਭ ਥੋੜੀ ॥
ਉਪਰ ਸਚ ਅਚਾਰ ਚਮੋੜੀ ॥ ੧੮–੧੯ ॥

ਤਾਂਤੇ ਹੇ ਦੇਵੀ! ਤੂੰ ਤਾਂ ਕੋਈ ਮੀਰਾਂ ਬਾਈ, ਕਰਮਾ ਬਾਈ ਹੈਂ।"

ਇਕ ਸਿਖ ਨੇ ਕਿਹਾ, "ਭਾਈ ਸਾਹਿਬ! ਮੀਰਾਂ ਬਾਈ ਤੇ ਕਰਮਾਂ ਬਾਈ ਦਾ ਪਰਸੰਗ ਵੀ ਸੁਣਾਓ ਜੀ।" ਤਾਂ ਭਾਈ ਸਾਹਿਬ ਨੇ ਦਸਿਆ, "ਮੀਰਾਂ ਬਾਈ ਤੇ ਕਰਮਾਂ ਬਾਈ ਦੇ ਪਤੀ ਭੀ ਉਨ੍ਹਾਂ ਨੂੰ ਸਤਸੰਗ ਕਰਨੋਂ ਰੋਕਦੇ ਸਨ। ਮੀਰਾਂ ਬਾਈ ਨੂੰ ਮਾਰਨ ਲਈ ਜ਼ਹਿਰ ਦਾ ਪਿਆਲਾ ਪਿਆਇਆ ਗਿਆ, ਜ਼ਹਿਰੀ ਕਾਲਾ ਨਾਗ ਛੁਡਾਇਆ, ਹੋਰ ਭੀ ਅਨੇਕ ਉਪਾਵ ਉਸਨੂੰ ਭਗਤੀ ਸਤਸੰਗ ਕਰਨੋਂ ਹਟਾਵਣ ਲਈ ਉਸ ਦੇ ਪਤੀ ਨੇ ਕੀਤੇ, ਪਰ ਜਦ ਉਹ ਨਾ ਹਟੀ, ਤਾਂ ਉਸ ਦੀ ਸੱਚੀ ਪ੍ਰੀਤ ਪ੍ਰਭੂ ਭਗਤੀ ਵਿਚ ਦੇਖ ਕੇ ਉਹ ਆਪ ਵੀ ਸਤਸੰਗੀ ਬਣ ਗਿਆ। ਏਸੇ ਤਰ੍ਹਾਂ ਕਰਮਾਂ ਬਾਈ ਇਕ ਦਿਨ ਸਤਸੰਗ ਵਿਚ ਕਥਾ ਸੁਨਣ ਗਈ ਤਾਂ ਉਸ ਦੇ ਪਤੀ ਨੇ ਪਿੰਜਰੇ ਵਿਚੋਂ ਸ਼ੇਰ ਛੁਡਵਾਇਆ ਤਾਂ ਜੋ ਕਰਮਾ ਬਾਈ ਨੂੰ ਪਾੜ ਖਾਏ। ਲੋਕੀ ਸ਼ੇਰ ਨੂੰ ਵੇਖਕੇ ਏਧਰ ਓਧਰ ਦੌੜੇ। ਰੌਲਾ ਸੁਣ ਕੇ ਕਰਮਾਂ ਬਾਈ ਨੇ ਟਹਿਲਣ ਨੂੰ ਪੁਛਿਆ ਕਿ ਇਹ

ਕੀ ਰੌਲਾ ਹੈ ?'' ਓਨ ਮਖੌਲ ਵਿਚ ਆਖਿਆ, ''ਆਪ ਦੇ ਨਰਸਿੰਘ ਭਗਵਾਨ ਆਉਂਦੇ ਹਨ।'' ਇਹ ਗਲ ਸੁਣਕੇ ਕਰਮਾਂ ਬਾਈ ਫੁੱਲ ਮਾਲਾ ਲੈ ਕੇ ਸਿੱਧੀ ਸ਼ੇਰ ਵੱਲ ਚਲੀ ਗਈ। ਸ਼ੇਰ ਬੱਕਰੀ ਵਾਂਗ ਚੁਪ-ਚਾਪ ਖੜੋ ਗਿਆ। ਕਰਮਾਂ ਬਾਈ ਨੇ ਉਸ ਦੇ ਗਲ ਵਿਚ ਫੁਲ-ਮਾਲਾ ਪਾ, ਮਥਾ ਟੇਕ, ਬੇਨਤੀ ਕੀਤੀ, ਕਿ ਮਹਾਰਾਜ ! ਆਪ ਆਪਣੇ ਪਿੰਜਰੇ ਵਿਚ ਜਾ ਬੈਠੋ, ਲੋਕ ਡਰਦੇ ਹਨ। ਤਾਂ ਸ਼ੇਰ ਬਚਨ ਮੰਨ ਕੇ ਪਿੰਜਰੇ ਵਿਚ ਜਾ ਬੈਠਾ। ਇਸ ਕੌਤਕ ਤੋਂ ਉਸਦੇ ਪਤੀ ਦਾ ਮਨ ਦ੍ਰਵ ਗਿਆ ਤੇ ਉਹ ਬੀ ਪ੍ਰਮੇਸ਼ਰ ਦਾ ਭਗਤ ਤੇ ਕਰਮਾਂ ਬਾਈ ਦਾ ਆਗਿਆਕਾਰ ਬਣ ਗਿਆ। ਸੋ ਹੇ ਬੀਬੀ ਤੂੰ ਭੀ ਆਪਣੇ ਪਤੀ ਨੂੰ ਸੁਮੱਤ ਦੇ ਕੇ ਕ੍ਰਿਤਾਰਥ ਕੀਤਾ ਹੈ। ਤੈਨੂੰ ਉਸ ਵੇਲੇ ਦੀ ਆਗਿਆ ਭੰਗ ਕਰਨ ਦਾ ਦੋਸ਼ ਨਹੀਂ। ਸਗੋਂ ਤੂੰ ਉਸ ਨੂੰ ਪ੍ਰਮੇਸ੍ਵਰ ਪ੍ਰਾਇਣ ਕਰਕੇ ਵਡ-ਭਾਗੀ ਹੋਈ ਹੈਂ।''

ਇਹ ਪ੍ਰਸੰਗ ਸੁਣ ਕੇ ਸਭ ਸੰਗਤ ਤੇ ਗੁਰੂ ਜੀ ਬਹੁਤ ਪ੍ਰਸੰਨ ਹੋਏ। ਉਸ ਨੂੰ ਵਰ ਦਿਤਾ ਕਿ ''ਤੈਨੂੰ ਗੁਰੂ ਕੇ ਘਰੋਂ ਚਾਰੇ ਪਦਾਰਥ,-ਧਰਮ, ਅਰਥ-ਕਾਮ, ਮੋਖਸ਼-ਪ੍ਰਾਪਤ ਹੋਣਗੇ।'' ਤਦੋਂ ਨੂੰ ਉਸ ਦਾ ਪਤੀ ਆ ਗਿਆ ਤੇ ਉਸ ਨੇ ਭੀ ਆ ਚਰਨ ਫੜੇ। ਸਤਿਗੁਰਾਂ ਨੇ 'ਅੰਮ੍ਰਿਤ' ਤਿਆਰ ਕਰਵਾ ਕੇ ਉਸ ਨੂੰ ਛਕਾਇਆ ਤੇ ਯੋਗ ਸਿਖਿਆ ਦੇ ਕੇ ਸਿਖੀ ਸਿਦਕ ਬਖਸ਼ਿਆ।

ਬੀਬੀ ਦੀਪ ਕੌਰ ਦੀ ਸਾਖੀ

ਏਸੇ ਸਮੇਂ ਮਾਝੇ ਦੀ ਸੰਗਤ ਦਰਸ਼ਨਾਂ ਨੂੰ ਆਈ। ਉਨ੍ਹਾਂ ਨੇ ਗੁਰੂ ਜੀ ਅੱਗੇ ਭੇਟਾ ਅਰਪਨ ਕੀਤੀ ਤੇ ਬੇਨਤੀ ਕੀਤੀ,

''ਸਤਿਗੁਰੋ ! ਅਸੀਂ ਹਜ਼ੂਰ ਵਲ ਆਉਂਦੇ ਪਏ ਸਾਂ। ਜਦ ਤਲਬਣ ਪਿੰਡ ਲੰਘ ਕੇ ਇਕ ਖੂਹ ਤੋਂ ਜਲ ਛਕਣ ਲਗੇ ਤਾਂ ਅਧੀ ਸੰਗਤ ਅਗੇ ਲੰਘ ਗਈ ਤੇ ਅੱਧੀ ਬੈਠ ਕੇ ਚਬੀਣਾ ਛਕਣ ਲਗੀ। ਇਸ ਸਮੇਂ ਇਕ ਬੀਬੀ ਦੀਪ ਕੌਰ ਅਗਲੇ ਸਾਥ ਨੂੰ ਰੱਲਣ ਲਈ ਸਾਡੇ ਪਾਸੋਂ ਤੁਰ ਪਈ। ਰਾਹ ਵਿਚ ਚਾਰ ਤੁਰਕ ਜਵਾਨਾਂ ਨੇ ਉਸ ਨੂੰ ਵੇਖ ਘੇਰ ਲਿਆ। ਤਾਂ ਉਹ ਘਬਰਾਈ ਨਾਂਹ, ਸਗੋਂ ਆਪਣਾ ਕੰਗਣ ਲਾਹ ਕੇ ਭੁੰਜੇ ਸੁਟ ਦਿਤਾ। ਇਕ ਤੁਰਕ ਕੋਡਾ ਹੋ ਕੇ ਕੰਗਣ ਚੁਕਣ ਲਗਾ, ਤਾਂ ਬੀਬੀ ਨੇ ਛੇਤੀ ਨਾਲ ਉਸ ਦੀ ਤਲਵਾਰ ਮਿਆਨੋਂ ਖਿੱਚ ਲਈ ਤੇ ਉਸ ਨੂੰ ਝਟਕਾ ਸੁਟਿਆ। ਦੂਜਿਆਂ ਪਾਸ ਭੀ ਤਲਵਾਰਾਂ ਤਾਂ ਸਨ, ਪਰ ਉਨ੍ਹਾਂ ਦੇ ਸੰਭਲਣ ਤੋਂ ਪਹਿਲਾਂ ਪਹਿਲਾਂ ਹੀ ਉਹ ਉਨ੍ਹਾਂ ਤੇ ਸ਼ੇਰਨੀ ਵਾਂਗ ਝਪਟੀ ਤੇ ਦੋਹਾਂ ਨੂੰ ਫੜਕਾ ਕੇ ਤੀਜੇ ਨੂੰ ਢਾਹ ਕੇ ਉਤੇ ਹੋ ਬੈਠੀ। ਤਦੋਂ ਨੂੰ ਅਸੀਂ ਵੀ ਪਿਛੋਂ ਆ ਪਹੁੰਚੇ ਤੇ ਉਸ ਤੁਰਕ ਨੂੰ ਮਾਰਕੇ ਚੌਹਾਂ ਨੂੰ ਵਠੇ ਖੂਹ ਵਿਚ ਸੁਟ ਕੇ ਚਲੇ ਆਏ। ਪਿਛੋਂ ਖਬਰ ਨਹੀਂ ਕੀ ਬਣਿਆ ਹੋਊ।''

ਇਹ ਸੁਣਕੇ ਸਤਿਗੁਰਾਂ ਨੇ ਬੀਬੀ ਦੀਪ ਕੌਰ ਨੂੰ ਅਗੇ ਸੱਦਿਆ ਤੇ ਬਹੁਤ ਸ਼ਾਬਾਸ਼ ਤੇ ਥਾਪਣਾ ਦਿਤੀ। ਫਿਰ ਉਸ ਨੂੰ ਸਿਰੋਪਾ ਬਖਸ਼ ਕੇ ਨਿਵਾਜਿਆ ਤੇ ਸਾਰੀਆਂ ਸੰਗਤਾਂ ਜੋ ਮੇਲੇ ਪੁਰ ਆਈਆਂ ਸਨ, ਨੂੰ ਬੁਲਾ ਕੇ ਬੀਬੀ ਦੇ ਦਰਸ਼ਨ ਕਰਾਏ ਤੇ ਕਿਹਾ ਇਹ ਸੱਚੀ ਸਿੰਘਣੀ ਹੈ, ਸਾਰੇ ਸਿੰਘ ਸਿੰਘਣੀਆਂ ਏਹੋ ਜਹੀ ਬੀਰਤਾ ਧਾਰਨ ਕਰਨ।

ਸਿਖ ਤੇ ਸਿਖਣੀਆਂ ਹੁਣ ਸਿੰਘ ਤੇ ਸਿੰਘਣੀਆਂ ਬਣ ਗਏ ਸਨ। ਰਾਹ ਦੀਆਂ ਔਕੜਾਂ ਤੋਂ ਹੁਣ ਉਹ ਘਬਰਾਉਂਦੇ ਨਹੀਂ ਸਨ, ਸਗੋਂ ਔਕੜਾਂ ਉਨ੍ਹਾਂ ਤੋਂ ਘਬਰਾਉਂਦੀਆਂ ਤੇ ਪਾਸਾ ਮਰੋੜ ਜਾਂਦੀਆਂ ਸਨ, ਪਰ ਸਿੰਘ ਉਨ੍ਹਾਂ ਨੂੰ ਬਦੋਬਦੀ ਸੱਦਾ ਦੇ ਕੇ ਆਪਣੇ ਖੰਡੇ ਦੇ ਅੰਮ੍ਰਿਤ ਛਕੇ ਦੀ ਸ਼ਕਤੀ ਵਖਾ ਕੇ ਹੀ ਆਉਣਾ ਫਖਰ ਸਮਝਦੇ ਸਨ। ਸੋ ਜੁੜੀਆਂ ਸੰਗਤਾਂ ਵਿਚੋਂ ਏਸੇ ਪਰਕਾਰ ਦੇ ਚਾਰ ਪੰਜ ਹੋਰ ਸਿੰਘ ਸਿੰਘਣੀਆਂ ਦੇ ਸੂਰਬੀਰਤਾ ਦੇ ਭਰੇ ਪਰਸੰਗ ਸੁਣੇ ਸੁਣਾਏ ਗਏ। ਗੁਰੂ ਜੀ ਸੁਣਕੇ ਬਹੁਤ ਪ੍ਰਸੰਨ ਹੋਏ ਤੇ ਕਹਿਣ ਲਗੇ, ''ਹੁਣ ਇਸ ਪੰਥ ਦੀ ਬਿਰਧੀ ਹੋਣੀ ਅਵੱਸ਼ ਹੈ।''

ਪੰਥ ਦੀ ਸ਼ਕਤੀ ਦਾ ਉਭਾਰ

ਜਦ ਸ਼ਕਤੀ ਆਉਂਦੀ ਹੈ ਤਾਂ ਜਰੀ ਨਹੀਂ ਜਾਂਦੀ। ਸਤਿਗੁਰਾਂ ਨੇ ਸਿੰਘਾਂ ਦੇ ਤਨ ਤੇ ਮਨ ਵਿਚ ਸ਼ਕਤੀ ਦਾ ਸੰਚਾਰ ਕੀਤਾ। ਉਨ੍ਹਾਂ ਨੂੰ ਬਾਹਰੋਂ ਨਵੀਂ ਤੇ ਚੁਸਤ ਵਰਦੀ ਤੇ ਅੰਦਰੋਂ ਨਵੀਂ ਨਰੋਈ ਮਨੌਤ ਦਿਤੀ। ਉਤਸ਼ਾਹ ਏਡਾ ਭਰਿਆ ਕਿ ਦੇਸ ਵਿਚ ਫਿਰ

ਕੇ ਅਨੇਕਾਂ ਟੋਲੇ ਸਿੰਘਾਂ ਦੇ ਸਿਖਾਂ ਤੇ ਹੋਰਾਂ ਨੂੰ ਸਿੱਖੀ ਦੀ ਪਿਉਂਦ ਚੜ੍ਹਾਉਣ ਲਗੇ। ਇਕ ਦਿਨ ਤੀਹ ਕੁ ਸਿੰਘਾਂ ਦਾ ਟੋਲਾ ਤੁਰਦਾ ਫਿਰਦਾ ਚੌਦੇ ਨਾਮ ਦੇ ਇਕ ਪਿੰਡ ਜਾ ਉਤਰਿਆ। ਰਸਤ ਦੀ ਲੋੜ ਪਈ ਤਾਂ ਵਸਨੀਕ ਸਾਰੇ ਸਖੀ ਸਰਵਰੀਏ ਸਨ, ਉਨ੍ਹਾਂ ਸਿੰਘਾਂ ਦੇ ਭੇਜੇ ਦੂਤਾਂ ਨੂੰ ਦੁਰਕਾਰ ਦਿਤਾ। ਕੁਦਰਤ ਨਾਲ ਉਸੇ ਦਿਨ, ਗੁਗੇ ਦੀ ਮੜ੍ਹੀ ਪੁਰ ਇਸਤ੍ਰੀਆਂ ਪੁਰਸ਼ ਦੇਵੀਆਂ, ਦੁਧ, ਪੂੜੇ, ਚੂਰਮਾਂ ਚੜ੍ਹਾ ਚੜ੍ਹਾ ਕੇ ਜਾ ਰਹੇ ਸਨ। ਸਿੰਘਾਂ ਨੇ ਉਨ੍ਹਾਂ ਨੂੰ ਆਖਿਆ, "ਤੁਸੀਂ ਸਰਬ-ਸ਼ਕਤੀਮਾਨ ਪਰਮੇਸ਼੍ਵਰ ਨੂੰ ਛਡ ਕੇ ਏਹਨਾਂ ਮੜ੍ਹੀਆਂ ਮਾੜ੍ਹੀਆਂ ਨੂੰ ਕਿਉਂ ਪੂਜਦੇ?" ਸਿੰਘਾਂ ਦੇ ਉਪਦੇਸ਼ ਭਰੇ ਬਚਨ ਉਨ੍ਹਾਂ ਨੂੰ ਟੋਕ ਲਗੇ। ਸੋ ਉਥੋਂ ਦੇ ਜੱਟ ਖੋਹਬੜ ਪਏ। ਸਿੰਘਾਂ ਦੀ ਮਨੌਤ ਦੀ ਤੀਬਰਤਾ ਵੀ ਘਟ ਨਹੀਂ ਸੀ। ਸੋ ਇਹ ਵੀ ਅਗੋਂ ਟਲੇ ਨਾਂਹ ਤੇ ਨੌਬਤ ਲੜਾਈ ਤੇ ਆ ਪੁਜੀ। ਭਾਵੇਂ ਸਿੰਘ ਬਹੁਤ ਥੋੜੇ ਸਨ ਪਰ ਅੰਮ੍ਰਿਤ ਦੀ ਸ਼ਕਤੀ ਦਾ ਉਨ੍ਹਾਂ ਅਜੇਹਾ ਕ੍ਰਿਸ਼ਮਾ ਵਿਖਾਇਆ ਕਿ ਮਾਰ ਕੁਟ ਕੇ ਸਭ ਨੂੰ ਭਜਾ ਦਿਤਾ। ਉਹ ਨੱਠ ਕੇ ਪਿੰਡ ਜਾ ਵੜੇ ਤਾਂ ਸਿੰਘਾਂ ਨੇ ਗੁਗੇ ਦਾ ਸਾਰਾ ਸਾਮਾਨ ਕਰਦ-ਭੇਟ ਕਰਕੇ ਛੱਕ ਛਕਾ ਲਿਆ।

ਉਨ੍ਹਾਂ ਲੋਕਾਂ ਨੇ ਸਰਹੰਦ ਜਾ ਕੇ ਹਾਕਮ ਪਾਸ ਫਰਿਆਦ ਕੀਤੀ ਕਿ ਸਿੰਘਾਂ ਨੇ ਸਾਨੂੰ ਲੁਟ ਪੁਟ ਲਿਆ ਹੈ। ਸਰਹੰਦੋਂ ਪਿੰਡ ਦੀ ਸਹਾਇਤਾ ਲਈ ਫੌਜ ਆਈ ਪਰ ਸਿੰਘ ਨਿਕਲ ਗਏ ਤੇ ਹਥ ਨਾ ਆਏ।

ਇਸੇ ਪ੍ਰਕਾਰ ਹੋਰ ਥਾਵਾਂ ਤੇ ਵੀ ਸਿੰਘਾਂ ਦੀ ਐਸੀ ਹੀ ਚਰਚਾ ਚਲੀ ਤਾਂ ਦੇਸ਼ ਭਰ ਵਿਚ ਸਿੰਘਾਂ ਦੇ ਪੰਥ ਦਾ ਦਬਦਬਾ ਬੈਠ ਗਿਆ। ਮਾਰਖੋਰੇ ਤੇ ਲੁਟੇਰੇ ਪਿੰਡ, ਜਿਹੜੇ ਅਗੇ ਗੁਰੂ ਦਰਸ਼ਨ ਨੂੰ ਜਾਂਦੀਆਂ ਸੰਗਤਾਂ ਤੇ ਹੋਰ ਲੋਕਾਂ ਉਤੇ ਹੱਥ ਸਾਫ਼ ਕਰਿਆ ਕਰਦੇ ਸਨ, ਹੁਣ ਸਿੰਘਾਂ ਦੇ ਹਥੋਂ ਮਾਰੇ ਤੇ ਲੁਟੇ ਗਏ, ਤਾਂ ਇਹ ਅਧੀਨ ਹੋ ਕੇ ਸਿੰਘਾਂ ਦੇ ਸਾਥੀ ਬਣਨ ਲਗੇ। ਜਦ ਬਾਦਸ਼ਾਹੀ ਫ਼ੌਜ ਸਿੰਘਾਂ ਤੇ ਚੜ੍ਹ ਕੇ ਆਉਂਦੀ ਤਾਂ ਇਹ ਸਿੰਘਾਂ ਦੇ ਸਾਥੀ ਹੋ ਕੇ ਜੁਧ ਜੰਗ ਕਰਨ ਲਗੇ।

ਇਹ ਬੜੀ ਅਸਚਰਜ ਗਲ ਹੋਈ ਪਰ ਲੋਕਾਈ ਦੀ ਐਸੀ ਹੀ ਗਤੀ ਹੈ, ਕਿ ਕਮਜ਼ੋਰ ਉਪਰ ਚੜ੍ਹਦੀ ਹੈ, ਪਰ ਬਲਵਾਨ ਅਗੇ ਨਿਊਂ ਕੇ ਉਸ ਦੇ ਨਾਲ ਜੁੜਦੀ ਹੈ, ਇਸੇ ਲਈ ਤਾਂ ਧੱਕਾ ਵਧਦਾ ਹੈ। ਪਰ ਧਕੇ ਨੂੰ ਰੋਕਣ ਲਈ ਜਨਤਾ ਤਦ ਤਕ ਤਿਆਰ ਨਹੀਂ ਹੁੰਦੀ ਜਦ ਤਕ ਕੋਈ ਧੱਕੜ ਤੋਂ ਵਧੇਰੇ ਬੱਲ ਦਾ ਪ੍ਰਗਟਾਵਾ ਕਰਕੇ ਵਧੇਰਾ ਡਰ ਤੇ ਨੇੜਿਓਂ ਡਰ ਦਿਖਾ ਕੇ ਉਨ੍ਹਾਂ ਨੂੰ ਵਧੇਰੇ ਤਕੜੇ ਨਾਲ ਰਲਣ ਲਈ ਮਜਬੂਰ ਨਾ ਕਰ ਦੇਵੇ।

"ਰੱਬ ਨੇੜੇ ਕਿ ਘਸੁੰਨ" ਦੀ ਮੰਤਕ ਤੁਰਤ ਕਾਮਯਾਬ ਹੁੰਦੀ ਹੈ। ਨੀਤੀ ਦੇ ਗਿਆਨੀਆਂ ਨੇ ਇਹ ਨਿਚੋੜ ਚਾਣਕ ਵੇਲੇ ਤੋਂ ਸਿੱਧ ਕੀਤਾ ਹੋਇਆ ਸੀ ਤੇ ਅਜ ਤਕ ਇਹੋ ਰੱਬੀ ਨੇਮ ਟੋਲਿਆਂ ਤੇ ਸਮੂੰਹਾਂ ਵਿਚ ਕੰਮ ਕਰਦਾ ਨਜ਼ਰ ਆਉਂਦਾ ਹੈ। 'ਕਮਜ਼ੋਰ ਖੁਰਾਕ ਹਨ, ਉਨ੍ਹਾਂ ਨੂੰ ਖਾਓ, ਬਲਵਾਨ ਮਾਰਦੇ ਹਨ, ਉਨ੍ਹਾਂ ਤੋਂ ਡਰੋ ਤੇ ਉਨ੍ਹਾਂ ਦੀ ਸ਼ਰਨ ਆਓ। ਫਿਰ ਜਿਹੜਾ ਬਲਵਾਨ ਨੇੜੇ ਹੋਵੇ ਉਸੇ ਨੂੰ ਮੰਨੋ'। ਅਵਾਮ ਇਸੇ ਵਿਚ ਹੀ ਆਪਣੀ ਫ਼ੌਰੀ ਸੁਰੱਖਿਆ ਵੇਖਦੇ ਹਨ ਤੇ ਇਸੇ ਸੋਚ-ਵਿਰਤੀ ਅਨੁਸਾਰ ਵੱਗ ਤੁਰਦੇ ਹਨ। ਹੈ ਤਾਂ ਇਹ ਪਸ਼ੂ ਮਨੋ-ਵਿਰਤੀ ਜੋ ਮਨੁਖਾਂ ਵਿਚ ਵੀ ਕੰਮ ਕਰਦੀ ਹੈ ਪਰ ਹੈ ਮੌਜੂਦ ਜ਼ਰੂਰ। ਤਾਂ ਤੇ ਇਸ ਨੂੰ ਸੋਧਣ ਤੇ ਧੱਕੜ ਦੇ ਵਿਰੁਧ ਖੜਾ ਕਰਨ ਦੀ ਲੋੜ ਹਰ ਸੁਧਾਰਕ ਨੂੰ ਵੀ ਹੁੰਦੀ ਹੈ। ਦਸ਼ਮੇਸ਼ ਜੀ ਨੇ ਜਦ ਬਾਕੀ ਸਾਰੇ ਹੀਲੇ ਕਾਮਯਾਬ ਨਾਂ ਹੁੰਦੇ ਵੇਖੇ, ਤਾਂ ਤਲਵਾਰ ਤੇ ਹਥ ਰਖਿਆ ਤੇ ਬੱਲ ਦੀ ਭਾਸ਼ਾ ਵਰਤ ਕੇ ਵੀ ਲੁਕਾਈ ਨੂੰ ਆਪਣੇ ਪੱਖ ਤੇ ਖੜਾ ਕਰਨ ਅਤੇ ਧੱਕੜ ਨੂੰ ਪਕੜ-ਪਛਾੜਨ ਦਾ ਰਾਹ ਅਪਣਾਇਆ। ਦਸ਼ਮੇਸ਼ ਜੀ ਨੂੰ ਮਨੁਖੀ ਮਨੋਵਿਰਤੀ, ਜਨਤਕ ਮਨੋਵਿਰਤੀ ਤੇ ਦੁਸ਼ਮਣ ਦੀ ਮਨੋਵਿਰਤੀ ਦੀ ਤੀਖਣ ਸੂਝ ਬੂਝ ਰਬੋਂ ਹੀ ਭਾਰੀ ਮਾਤਰਾ ਵਿਚ ਮਿਲੀ ਹੋਈ ਸੀ। ਉਸਦੀ ਵਰਤੋਂ ਕਰਕੇ ਉਨ੍ਹਾਂ ਨੇ ਇਨਕਲਾਬ ਲਿਆਣ ਲਈ ਸਾਰੇ ਸਾਧਨਾਂ ਨੂੰ ਇਕੱਠਾ ਕਰਕੇ ਜੋਅ ਕਢਿਆ। ਇਹ ਸੀ ਦਸ਼ਮੇਸ਼ ਜੀ ਦੀ ਅਦੁੱਤੀ ਗੁਰਿਆਈ, ਤੇ ਅਗਵਾਈ—ਅਦੁੱਤੀ ਪੀਰੀ ਤੇ ਅਦੁੱਤੀ ਮੀਰੀ। ਇਸੇ ਬਾਰੇ ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਲਿਖਿਆ ਹੈ ਕਿ ਸਤਿਗੁਰਾਂ ਨੇ ਕਿਵੇਂ ਗਰੀਬਾਂ ਨੂੰ, ਮਰਦਿਆਂ ਨੂੰ, ਡਿਗੇ ਪਿਆਂ ਨੂੰ ਚੁਕ ਕੇ ਉਨ੍ਹਾਂ ਨੂੰ ਸਰਦਾਰ ਬਨਾਣ ਦਾ ਦਾਹਵਾ ਕੀਤਾ—

ਜਿਨ ਕੀ ਜਾਤ ਔਰ ਕੁਲ ਮਾਹੀ।
ਸਰਦਾਰੀ ਨਹਿੰ ਭਈ ਕਦਾਹੀ।

ਇਨ ਹੀ ਕੋ ਸਰਦਾਰ ਬਨਾਵਉਂ।
ਤਬੈ ਗੋਬਿੰਦ ਸਿੰਘ ਨਾਮ ਕਹਾਵਉਂ।
... ...
ਗੁਜਰ ਗੁਆਰ ਹੀਰ ਕਮਜਾਤ।
ਕੰਬੋ ਸੂਦਰਨ ਕੋ ਪੂਛੈ ਨ ਬਾਤ।
ਝੀਵਰ ਨਾਈ ਰੋੜੇ ਘੁਮਿਆਰ।
ਸੈਣੀ ਸੁਨਾਰੇ ਚੂਹੜੇ ਚਮਿਆਰ।
ਇਨ ਗਰੀਬ ਸਿਖਯਨ ਕੋ ਦਯੋਂ ਪਾਤਸ਼ਾਹੀ।
ਯਹਿ ਯਾਦ ਰਖਹਿ ਹਮਰੀ ਗੁਰਿਆਈ।

ਅਨੰਦਪੁਰ ਸਾਹਿਬ ਵਿਚ ਭੀ ਗੁਰੂ ਜੀ ਪਾਸ ਸਿਖਾਂ ਦਾ ਸਮੁਦਾਇ ਰਹਿਣ ਕਰਕੇ, ਉਨ੍ਹਾਂ ਨੂੰ ਘਾਹ ਰਸਦ ਬਾਹਰੋਂ ਜੂਹਾਂ; ਜੰਗਲਾਂ ਤੇ ਪਿੰਡਾਂ ਵਿਚੋਂ ਲਿਆਉਣੀ ਪੈਂਦੀ ਸੀ। ਜਿਹੜੀ ਮੁਲ ਮਿਲੇ ਮੁਲ ਲੈ ਆਉਂਦੇ ਬਾਕੀ ਜਿਵੇਂ ਮਿਲੇ ਤਿਵੇਂ ਲੋੜ ਪੂਰੀ ਕਰਦੇ ਤੇ ਸਮਾਂ ਸਾਰਦੇ। ਫੋੜੇ ਵਿਚੋਂ ਪਕੇਵਾਂ ਕਢਣ ਲਈ ਪੀੜ ਕਰਨੀ ਵੀ ਪੈ ਜਾਂਦੀ ਹੈ, ਸੋ ਦਸ਼ਮੇਸ਼ ਜੀ ਆਗਿਆ ਦੇ ਦੇਂਦੇ। ਅਨੰਦ ਪੁਰ ਦੇ ਇਰਦੇ ਗਿਰਦੇ ਪਹਾੜੀ ਰਾਜਿਆਂ ਦਾ ਰਾਜ ਸੀ, ਉਹ ਸਿੰਘਾਂ ਦੀ ਵਧਦੀ ਤਾਕਤ ਨਾ ਸਹਾਰ ਸਕੇ। ਉਹ ਸਮਝਦੇ ਸਨ ਕਿ ਧਰਤੀ ਤੇ ਪਰਜਾ ਤੋਂ ਲੋੜਾਂ ਪੂਰੀਆਂ ਕਰਨ ਦਾ ਹੱਕ ਉਨ੍ਹਾਂ ਨੂੰ ਹੀ ਰੱਬ ਨੇ ਦੇ ਰਖਿਆ ਹੈ ਪਰ ਦਸ਼ਮੇਸ਼ ਜੀ ਫੁਰਮਾਂਦੇ ਸਨ ਕਿ ਹੁਣ ਰੱਬ ਨੇ ਉਨ੍ਹਾਂ ਤੋਂ ਇਹ ਹੱਕ ਬੱਲ ਨਾਲ ਖੋਹ ਲੈਣ ਦਾ ਹੁਕਮ ਉਨ੍ਹਾਂ ਨੂੰ ਦੇ ਰਖਿਆ ਹੈ। ਸੋ ਗੁਰੂ ਜੀ ਕਰਤਾਰ ਦਾ ਭਾਣਾ ਚਲਾ ਰਹੇ ਸਨ। ਆਪਣੇ ਆਪ ਤੇ ਆਪਣੇ ਸਿਖਾਂ ਨੂੰ ਭਾਰੇ ਕਸ਼ਟ ਵਿਚੋਂ ਲੰਘਾ ਰਹੇ ਸਨ ਤੇ ਚਾਰੇ ਬੰਨੇ ਜੋ ਦੂਜਿਆਂ ਨੂੰ ਵੀ ਕੁਝ ਕਸ਼ਟ ਦੇਣਾ ਪੈਂਦਾ ਤਾਂ ਕੌੜੀ ਦੁਆਈ ਦੇਣ ਵਾਲਾ ਕਸ਼ਟ ਦੇ ਰਹੇ ਸਨ।

ਪਹਾੜੀ ਰਾਜਿਆਂ ਨਾਲ ਫਿਰ ਟੱਕਰ

ਕਹਿਲੂਰ ਦੂਨ ਵਿਚ ਸ੍ਰੀ ਅਨੰਦਪੁਰ ਨਗਰ ਵਸਦਾ ਸੀ। ਇਸ ਦੂਨ ਦਾ ਰਾਜਾ ਹੁਣ ਅਜਮੇਰ ਚੰਦ ਬਣਿਆ ਸੀ, ਉਸ ਨੇ ਆਪਣੇ ਵਜ਼ੀਰ ਨੂੰ ਗੁਰੂ ਜੀ ਪਾਸ ਭੇਜ ਕੇ ਕੁਹਾਇਆ ਕਿ ਉਹ ਪਹਾੜੀ ਜੂਹਾਂ ਤੇ ਪਿੰਡਾਂ ਵਿਚ ਸਿਖਾਂ ਨੂੰ ਜਾਣ ਤੋਂ ਰੋਕਣ। ਪਰ ਮਾਮਾ ਕ੍ਰਿਪਾਲ ਚੰਦ ਨੇ ਗੁਰੂ ਜੀ ਵਲੋਂ ਜਵਾਬ ਦਿਤਾ ਕਿ ਸਿਖ ਕਿਸੇ ਨੂੰ ਸਤਾਂਵਦੇ ਨਹੀਂ, ਪਰ ਲਕੜੀ ਘਾਸ ਆਦਿਕ ਲੋੜੀਦੀਆਂ ਚੀਜ਼ਾਂ ਤਾਂ ਇਸੇ ਦੇਸ਼ ਵਿਚੋਂ ਲੈਣੀਆਂ ਹੋਈਆਂ, ਹੋਰ ਕਿਥੋਂ ਲਿਆਵਣ ? ਸਿਖਾਂ ਦੇ ਦੂਰੋਂ ਦੂਰੋਂ ਧਨ ਏਧਰ ਲਿਆਵਣ ਨਾਲ ਇਲਾਕੇ ਵਿਚ ਖੁਸ਼ਹਾਲੀ ਆਉਂਦੀ ਹੈ ਤਾਂ ਉਨ੍ਹਾਂ ਦੀ ਖੁਰਾਕ ਦਾ ਇਲਾਕੇ ਨੂੰ ਭਾਰ ਨਹੀਂ ਮੰਨਾਣਾ ਚਾਹੀਦਾ। ਤਾਂਤੇ ਤੁਸੀਂ ਆਪਣੀ ਪਰਜਾ ਨੂੰ ਸਿਖਾਂ ਨਾਲ ਵਿਗਾੜਨ ਦੇ ਰਾਹ ਨਾ ਪਾਓ ਸਗੋਂ ਹੁਕਮ ਦੇ ਛਡੋ ਕਿ ਘਾਹ ਲਕੜੀ ਬਦਲੇ ਸਿਖਾਂ ਨਾਲ ਲੜਿਆ ਨਾ ਕਰਨ, ਸਗੋਂ ਇਹ ਵਸਤਾਂ ਤੇ ਦੁਧ, ਘੀ, ਸ਼ਕਰ, ਅੰਨ ਆਦਿ ਚੀਜ਼ਾਂ ਕੀਮਤ ਲੈ ਕੇ ਦੇ ਦਿਆ ਕਰਨ।

ਇਸ ਜਵਾਬ ਸੁਣ ਕੇ ਵਜ਼ੀਰ ਮੁੜ ਗਿਆ। ਰਾਜਾ ਅਜਮੇਰ ਚੰਦ ਨੇ ਪਿੰਡਾਂ ਦੀ ਰਖਵਾਲੀ ਲਈ ਫ਼ੌਜ ਭੇਜ ਦਿਤੀ ਤੇ ਜੰਗਲਾਂ ਵਿਚ ਆਪਣੇ ਅਧੀਨ ਰਾਜਾ ਬਲੀਆ ਚੰਦ ਤੇ ਆਲਮ ਚੰਦ ਨੂੰ ਫੌਜ ਦੇ ਕੇ ਘਾਤ ਵਿਚ ਬਿਠਾ ਦਿਤਾ ਕਿ ਜਦ ਕੋਈ ਆਵੇ ਉਸ ਨੂੰ ਫੜ ਲਓ ਜਾਂ ਮਾਰ ਮੁਕਾਓ। ਕਈ ਵਾਰੀ ਰਖਵਾਲੀ ਫੌਜ ਤੇ ਸਿਖਾਂ ਵਿਚਕਾਰ ਮੁਕਾਬਲਾ ਹੋਇਆ, ਪਰ ਜਦ ਸਿਖਾਂ ਦਾ ਇਰਾਦਾ ਪਿੰਡਾਂ ਨੂੰ ਲੁਟਣਾ ਨਹੀਂ ਸੀ ਤੇ ਨਾ ਦੇਸ਼ ਫਤਹ ਕਰਨਾ ਸੀ, ਸੋ ਸਿਖ ਉਨ੍ਹਾਂ ਦੇ ਕਾਬੂ ਨਾ ਆਉਂਦੇ। ਇਕ ਵਾਰੀ ਗੁਰੂ ਸਾਹਿਬ ਤੇ ਥੋੜੇ ਜਹੇ ਸਿਖ ਸ਼ਿਕਾਰ ਗਏ ਤੇ ਦੋ ਟੋਲੀਆਂ ਹੋ ਗਈਆਂ। ਸਿਖਾਂ ਦੀ ਟੋਲੀ ਉਤੇ ਅਗੋਂ ਰਾਜਾ ਬਲੀਆ ਚੰਦ ਤੇ ਉਸ ਦੇ ਸਿਪਾਹੀ ਅਛੋਪਲੀ ਆ ਪਏ। ਇਕ ਤਕੜੀ ਝੜਪ ਹੋਈ ਤਾਂ ਬਲੀਆ ਚੰਦ ਭਾਈ ਆਲਮ ਸਿੰਘ ਦੇ ਹਥੋਂ ਜ਼ਖਮੀ ਹੋ ਕੇ ਨੱਸ ਗਿਆ। ਉਸ ਦੀ ਕੁਮਕ ਤੇ ਆਲਮ ਚੰਦ ਆ ਪੁਜਾ ਤੇ ਕਹਿਲੂਰੀ ਰਾਜੇ ਨੇ ਵੀ ਤੁਰਤ ਹੋਰ ਕੁਮਕ ਭੇਜੀ। ਏਧਰੋਂ ਗੁਰੂ ਜੀ ਆ ਪਹੁੰਚੇ। ਬੰਦੂਕਾਂ ਤੇ ਧਨੁਸ਼ਾਂ ਦੀ ਡਟਵੀਂ ਜੰਗ ਹੋਈ ਪਰ ਪਹਾੜੀਆਂ ਨੂੰ ਭਾਂਜ ਪੈ ਗਈ। ਗੁਰੂ ਜੀ ਆਪਣੇ ਜ਼ਖਮੀਆਂ ਨੂੰ ਉਠਵਾ ਕੇ ਅਨੰਦਪੁਰ ਆ ਗਏ। ਇਨ੍ਹਾਂ ਝੜਪਾਂ ਨਾਲ ਦੁਵੱਲੀ ਮੁੜ ਲੜਾਈ ਛਿੜਨ ਦੀ ਸੰਭਾਵਨਾ ਪੈਦਾ ਹੋ ਗਈ ਤੇ ਸੋਚਾਂ ਵਿਚਾਰਾਂ ਤੇ ਤਿਆਰੀਆਂ ਸ਼ੁਰੂ ਹੋਈ ਗਈਆਂ ਰਾਜਾ ਅਜਮੇਰ ਚੰਦ ਨੂੰ ਵੀ ਆਪਣੇ ਬਾਪ ਰਾਜਾ ਭੀਮ ਚੰਦ ਵਾਂਗ ਪਤਾ ਲਗ ਗਿਆ ਕਿ

ਗੁਰੂ ਜੀ ਤੇ ਉਨ੍ਹਾਂ ਦੇ ਸਿੰਘ ਲੋਹੇ ਦੇ ਚਣੇ ਹਨ ਤੇ ਹੁਣ ਜਦ ਖੰਡੇ ਦੇ ਅੰਮ੍ਰਿਤ ਨਾਲ ਉਨ੍ਹਾਂ ਵਿਚ ਨਵੀਂ ਸ਼ਕਤੀ ਉਭਰ ਆਈ ਹੈ, ਉਨ੍ਹਾਂ ਨੂੰ ਦਬਾਣਾ ਹੋਰ ਵੀ ਔਖਾ ਹੈ ।

ਤਾਂਤੇ ਸਾਰਿਆਂ ਰਾਜਿਆਂ ਨੇ ਇਕ ਲੰਮੀ ਚੌੜੀ ਅਰਜ਼ੀ ਸੂਬੇਦਾਰ ਸਰਹੰਦ, ਵਜ਼ੀਦ ਖਾਂ ਨੂੰ ਲਿਖੀ ਜਿਸ ਵਿਚ ਪਰਜਾ ਦੀ ਬਦਹਾਲੀ, ਸਿਖਾਂ ਦੀ ਲੁਟ-ਮਾਰ ਦੇ ਫ਼ਰਜ਼ੀ ਕਿਸਿਆਂ ਤੋਂ ਬਗੈਰ ਇਹ ਵੀ ਲਿਖਿਆ ਕਿ "ਹੁਣ ਗੁਰੂ ਤੇਗ ਬਹਾਦਰ ਦੇ ਪੁਤ੍ਰ ਨੇ ਮੁਗ਼ਲ ਹਕੂਮਤ ਦੀਆਂ ਜੜ੍ਹਾਂ ਪੁਟਣ ਲਈ ਇਕ ਨਵਾਂ ਪੰਥ ਕਾਇਮ ਕੀਤਾ ਹੈ, ਜਿਸ ਵਿਚ ਸ਼ਾਮਲ ਹੋਣ ਲਈ ਉਨ੍ਹਾਂ ਨੇ ਸਾਨੂੰ ਵੀ ਦਾਹਵਤ ਦਿਤੀ, ਪਰ ਅਸਾਂ ਬਾਦਸ਼ਾਹ ਦੀ ਵਫ਼ਾਦਾਰੀ ਕਰਕੇ ਸ਼ਾਮਲ ਨਹੀਂ ਹੋਏ। ਹੁਣ ਇਨ੍ਹਾਂ ਦੀ ਤਾਕਤ ਇਤਨੀ ਵਧ ਗਈ ਹੈ ਕਿ ਇਹ ਸਾਡੇ ਕਾਬੂ ਦੇ ਨਹੀਂ ਰਹੇ । ਹੁਣ ਇਨ੍ਹਾਂ ਵਿਰੁਧ ਸ਼ਾਹੀ ਮੁਹਿੰਮ ਚਾੜ੍ਹਨੀ ਚਾਹੀਦੀ ਹੈ ।"

ਵਜ਼ੀਦ ਖਾਂ ਕੋਈ ਵਡੀ ਮੁਹਿੰਮ ਚਾੜ੍ਹਨ ਤੋਂ ਡਰਦਾ ਸੀ ਕਿ ਕਿਤੇ ਹੇਠੀ ਹੀ ਨਾ ਹੋ ਜਾਵੇ। ਇਸ ਲਈ ਉਸ ਨੇ ਇਹ ਅਰਜ਼ੀ ਔਰੰਗਜ਼ੇਬ ਨੂੰ ਦਖਣ ਵਿਚ ਔਰੰਗਾਬਾਦ ਦੇ ਮੁਕਾਮ ਤੇ ਭੇਜ ਦਿਤੀ ਜਿਥੇ ਉਹ ਮਰਹਟਿਆਂ ਤੇ ਹੋਰ ਦਖਣੀ ਰਾਜਿਆਂ ਵਿਰੁਧ ਲੜ ਰਿਹਾ ਸੀ।

ਸ੍ਰੀ ਅਨੰਦਪੁਰ ਦਾ ਪਹਿਲਾ ਯੁੱਧ

ਸਰਹੰਦ ਦੇ ਸੂਬੇਦਾਰ, ਵਜ਼ੀਦ ਖਾਂ ਨੇ ਬਾਦਸ਼ਾਹ ਤੋਂ ਗੁਰੂ ਗੋਬਿੰਦ ਸਿੰਘ ਜੀ ਉਤੇ ਫ਼ੌਜਕਸ਼ੀ ਦੀ ਆਗਿਆ ਮੰਗਾ ਲਈ। ਪਹਾੜੀ ਰਾਜਿਆਂ ਦੀ ਮਦਦ ਲਈ ਉਸ ਨੇ ਇਕ ਮੁਗਲ ਸਰਦਾਰ ਦੀਨਾ ਬੇਗ ਤੇ ਦੂਜੇ ਪਠਾਣ ਸਰਦਾਰ, ਪੈਂਦੇ ਖਾਂ ਨੂੰ ਮੁਹਿੰਮ ਦੇ ਕਮਾਨੀਅਰ ਥਾਪਿਆ। ਇਨ੍ਹਾਂ ਦੋਹਾਂ ਸਰਦਾਰਾਂ ਦਾ ਦਰਜਾ ਪੰਜ ਹਜ਼ਾਰੀ ਸੀ। ਇਨ੍ਹਾਂ ਨੂੰ ਹੁਕਮ ਦਿਤਾ ਕਿ ਉਹ ਪਹਾੜੀ ਰਾਜਿਆਂ ਨਾਲ ਹੋ ਕੇ ਗੁਰੂ ਗੋਬਿੰਦ ਸਿੰਘ ਜੀ ਨੂੰ ਕਾਹਲੂਰ ਦੂਨ ਵਿਚੋਂ ਬਾਹਰ ਕੱਢ ਦੇਣ ਤੇ ਜੇ ਓਹ ਅਗੋਂ ਰੁਕਾਵਟ ਕਰਨ, ਤਾਂ ਜੰਗ ਕਰਕੇ ਫੜ ਕੇ ਲੈ ਆਣ।

ਏਸ ਹੁਕਮ ਅਨੁਸਾਰ ਦੋਵਾਂ ਸਰਦਾਰਾਂ ਨਾਲ ਦਸ ਹਜ਼ਾਰ ਫ਼ੌਜ ਚਾੜ੍ਹੀ ਗਈ। ਜਦ ਸ਼ਾਹੀ ਲਸ਼ਕਰ ਰੋਪੜ ਪੁਜਾ, ਤਾਂ ਅਗੋਂ ਅਜਮੇਰ ਚੰਦ ਕਹਿਲੂਰੀਆ, ਰਾਜਾ ਬੀਰ ਸਿੰਘ ਜਸਪਾਲੀਆ, ਮਦਨ ਪਾਲ ਕੁਟਲੈੜੀਆ, ਹਿੰਮਤ ਸਿੰਘ ਹਡੂਰੀਆ, ਗੁਪਾਲ ਚੰਦ ਗੁਲੇਰੀਆ, ਹਰਪਾਲ ਢੜਵਾਲੀਆ ਤੋਂ ਹੋਰ ਨਿਕੇ ਰਾਜੇ ਰਾਣੇ ਆਪੋ ਆਪਣੀਆਂ ਸੈਨਾਵਾਂ ਲੈ ਕੇ ਸ਼ਾਹੀ ਲਸ਼ਕਰ ਨਾਲ ਜਾ ਮਿਲੇ।

ਇਹ ਰਲਵਾਂ ਲਸ਼ਕਰ ਰੋਪੜੋਂ ਤੁਰ ਕੇ ਭਰਤਗੜ੍ਹ ਆ ਉਤਰਿਆ। ਇਸ ਚੜ੍ਹਾਈ ਦਾ ਹਾਲ ਸੁਣ ਕੇ ਗੁਰੂ ਜੀ ਘਬਰਾਏ ਨਹੀਂ; ਸਗੋਂ ਨੇੜੇ ਨੇੜੇ ਦੀਆਂ ਸੰਗਤਾਂ ਨੂੰ ਸੁਨੇਹੇ ਭੇਜ ਦਿਤੇ ਤੇ ਰਣਜੀਤ ਨਗਾਰਾ ਵਜਵਾ ਦਿਤਾ ਜਿਸ ਨੂੰ ਸੁਣ ਕੇ ਸਿੰਘ ਸਰਦਾਰ ਆਪੋ ਆਪਣੇ ਡੇਰੇ ਸੁਧਾਰ ਕੇ ਜੰਗ ਲਈ ਆ ਇਕੱਠੇ ਹੋਏ । ਸਭ ਨੂੰ ਦਾਰੂ ਸਿਕਾ ਵਰਤ ਗਿਆ ਤੇ ਪੰਜਾਂ ਪਿਆਰਿਆਂ ਦੀ ਸਰਦਾਰੀ ਵਿਚ ਫੌਜਾਂ ਜੋੜ, ਅਰਦਾਸਾ ਸੋਧ, ਗੁਰੂ ਜੀ ਨੀਲੇ ਤੇ ਅਸਵਾਰ ਹੋ ਕੇ ਦੁਸ਼ਮਣ ਦੇ ਹੱਲਾ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਅਚਨਚੇਤ ਜਾ ਦਬੋਚਣ ਦੀ ਵਿਓਂਤ ਨਾਲ ਨਿਕਲ ਖਲੋਤੇ।

ਪੰਜ ਹਜ਼ਾਰ ਸਵਾਰ ਤੇ ਪਿਆਦਾ ਸਿੰਘਾਂ ਦੇ ਦੱਲ ਨੇ ਸ਼ਾਹੀ ਫੌਜ ਤੇ ਤੂਫਾਨੀ ਹੱਲਾ ਬੋਲ ਦਿਤਾ । ਸ਼ਾਹੀ ਫੌਜ ਡੇਰੇ ਲਾਈ ਪਈ ਸੀ। ਪੈਂਦੇ ਖਾਂ ਦਾ ਡੇਰਾ ਅਗੇ ਸੀ। ਉਸ ਨੇ ਹਮਲਾ ਰੋਕਿਆ ਪਰ ਉਨ੍ਹਾਂ ਤੇ ਤੀਰਾਂ ਬੰਦੂਕਾਂ ਤੇ ਨੇਜ਼ਿਆਂ ਦੀ ਭਾਰੀ ਬੁਛਾੜ ਹੋਈ। ਗੁਰੂ ਜੀ ਦੇ ਤੀਰ ਕਈਆਂ ਨੂੰ ਚੀਰ ਕੇ ਲਿਟਾਣ ਲਗੇ। ਉਧਰੋਂ ਪਠਾਣਾਂ ਵਲੋਂ ਵੀ ਜਵਾਬੀ ਫ਼ਾਇਰ ਤੇ ਤੀਰਾਂ ਦੀ ਵਾਛੜ ਹੋਈ ਤੇ ਸਿੰਘ ਵੀ ਸ਼ਹੀਦ ਹੋਏ; ਪਰ ਸ਼ਾਹੀ ਸਿਪਾਹੀ ਬਹੁਤ ਮਾਰੇ ਗਏ ਤੇ ਲੋਥ ਉਤੇ ਲੋਥ ਚੜ੍ਹ ਗਈ। ਪੈਂਦੇ ਖਾਂ ਆਪਣਾ ਇਤਨਾ ਭਾਰਾ ਨੁਕ-ਸਾਨ ਹੁੰਦਾ ਵੇਖ "ਹਿੰਦ ਦਾ ਪੀਰ, ਹਿੰਦ ਦਾ ਪੀਰ" ਪੁਕਾਰਦਾ ਅਗੇ ਵਧ ਆਇਆ । ਉਸ ਦੀ ਵੰਗਾਰ ਨੂੰ ਸੁਣ ਕੇ ਸੂਰਬੀਰ ਗੁਰੂ ਦਸ਼ਮੇਸ਼ ਜੀ ਵੀ ਸਾਹਮਣੇ ਆ ਗਰਜੇ ।

ਪੈਂਦੇ ਖਾਂ ਬੜਾ ਮੰਨਿਆ ਹੋਇਆ ਬਲਵਾਨ ਜੋਧਾ ਸੀ । ਗੁਰੂ ਜੀ ਨੂੰ ਵੇਖ ਕੇ ਉਹ ਰੋਹ ਵਿਚ ਆਇਆ ਤੇ ਬੋਲਿਆ, "ਐ ਹਿੰਦੂਆਂ ਦੇ ਪੀਰ ! ਮੈਂ ਬਹੁਤ ਦਿਨਾਂ ਤੋਂ ਤੇਰੀ ਬਹਾਦਰੀ ਸੁਣ ਕੇ ਚਾਹੁੰਦਾ ਸਾਂ

ਕਿ ਕਿਵੇਂ ਟਾਕਰਾ ਹੋਵੇ ਤੇ ਜੰਗ ਦੀ ਸੱਧਰ ਲਾਹ ਲਵਾਂ। ਸੋ ਖੁਦਾ ਨੇ ਮੇਰੀ ਖਾਹਸ਼ ਪੂਰੀ ਕਰ ਦਿਤੀ ਹੈ। ਆ! ਪਹਿਲੇ ਵਾਰ ਕਰਕੇ ਮਨ ਦੀ ਹਵਸ ਮਿਟਾ ਲੈ, ਨਹੀਂ ਤਾਂ ਪਿਛੋਂ ਮਣਖ ਰਹਿ ਜਾਊ"।

"ਖਾਨ ! ਤੂੰ ਪਹਿਲੇ ਵਾਰ ਕਰ ਲੈ ਤਾਂ ਜੋ ਤੈਨੂੰ ਪਿਛੋਂ ਪਛਤਾਵਾ ਨਾ ਰਹਿ ਜਾਏ!" ਗੁਰੂ ਜੀ ਨੇ ਵੰਗਾਰ ਕੇ ਜਵਾਬ ਦਿਤਾ।

"ਮੈਂ ਗਿਣਤੀ ਦਾ ਜੋਧਾ ਹਾਂ, ਬੁਜ਼ਦਿਲ ਨਹੀਂ", ਪੈਂਦੇ ਖਾ ਨੇ ਉਤਰ ਦਿਤਾ। "ਜੇ ਪਹਿਲੇ ਵਾਰ ਨਹੀਂ ਕਰਨਾ ਤਾਂ ਦੋਹਾਂ ਪਾਸਿਆਂ ਤੋਂ ਤੀਰ ਚਲਣ।"

ਸੋ ਗੁਰੂ ਜੀ ਤੇ ਖਾਨ ਨੇ ਕਮਾਨਾਂ ਵਿਚ ਤੀਰ ਜੋੜ ਲਏ ਤੇ ਕਮਾਨਾਂ ਖਿਚ ਕੇ ਪੈਂਤੜਾ ਬੰਨ੍ਹ ਕੇ ਨਿਸ਼ਾਨਾ ਲੈਣ ਲਗੇ। ਓੜਕ ਪਠਾਣ ਨੇ ਸਾਰਾ ਜ਼ੋਰ ਲਾ ਕੇ ਗੁਰੂ ਜੀ ਵਲ ਤੀਰ ਛਡਿਆ ਜੋ ਗੁਰੂ ਜੀ ਦੀ ਦਸਤਾਰ ਨੂੰ ਛੋਹ ਕੇ ਚਲਾ ਗਿਆ। ਗੁਰੂ ਜੀ ਬੋਲੇ, "ਵਾਹ ਪਠਾਣ ਵਾਹ ! ਸ਼ਾਬਾਸ਼ ਤੇਰੇ ਉਸਤਾਦ ਦੇ!" ਪਠਾਣ ਇਹ ਤਾਹਨਾ ਸੁਣ ਕੇ ਰੋਸ ਵਿਚ ਆਇਆ ਤੇ ਗੁਰੂ ਜੀ ਨੂੰ ਵਾਰੀ ਦਿਤੇ ਬਗੈਰ ਹੀ ਦੂਜਾ ਤੀਰ ਮਾਰਿਆ, ਜੋ ਵੀ ਖਾਲੀ ਗਿਆ ਖਾਨ ਘਬਰਾ ਕੇ ਪਿਛੇ ਮੁੜਨ ਲਗਾ ਤਾਂ ਗੁਰੂ ਜੀ ਨੇ ਲਲਕਾਰ ਕੇ ਅਜੇਹਾ ਤੀਰ ਛਡਿਆ ਜੋ ਉਸ ਦੀ ਪੁੜ ਪੁੜੀ ਨੂੰ ਚੀਰ ਪਾਰ ਜਾ ਪਿਆ। ਪੈਂਦੇ ਖਾਂ ਧੈ ਕਰਦਾ ਭੁੰਜੇ ਜਾ ਡਿਗਾ, ਜਾਣੋ ਕੋਈ ਮੁਨਾਰਾ ਡਿਗਾ ਹੈ। ਗੁਰੂ ਨੇ ਤੁਰਤ ਅਗੇ ਵਧ ਕੇ ਲਿਫ ਕੇ ਤੇਗ ਨਾਲ ਉਸ ਦਾ ਸਿਰ ਵੱਢ ਲਿਆ ਤੇ ਬਰਛੀ ਨਾਲ ਟੰਗ ਕੇ ਪਿਛਾਂਹ ਮੁੜ ਆਏ।

ਇੰਨੇ ਨੂੰ ਤੁਰਕ ਤੇ ਪਹਾੜੀਏ ਵੀ ਤਿਆਰ ਹੋ ਕੇ ਜਵਾਬੀ ਹੱਲਾ ਕਰਕੇ ਆ ਪਏ। ਸਾਰਾ ਮੈਦਾਨ ਗਰਮ ਹੋ ਗਿਆ ਤੇ ਜੋਧੇ ਹਥੋ-ਹਥੀ ਹੋ ਗਏ। ਪੈਂਦੇ ਖਾਂ ਦੀ ਫੌਜ ਤੇ ਪਹਾੜੀ ਸੈਨਾਂ ਅਗੇ ਲੜਦੀ ਸੀ ਤੇ ਦੀਨਾ ਬੇਗ ਪਿਛੇ ਸੀ। ਉਸ ਤੇ ਸਾਹਿਬਜ਼ਾਦਾ ਅਜੀਤ ਸਿੰਘ ਆਪਣਾ ਵੱਡਾ ਦਸਤਾ ਲੈ ਕੇ ਜਾ ਪਿਆ। ਖਟਾ ਖੱਟ ਤਲਵਾਰ ਚਲੀ, ਲੋਥਾਂ ਦੇ ਢੇਰ ਲੱਗ ਗਏ, ਲਹੂ ਦੇ ਨਾਲੇ ਵਹਿ ਤੁਰੇ। ਸਿੰਘਾਂ ਨੇ ਪਹਾੜੀਆਂ ਨੂੰ ਅਗੇ ਧਰ ਲਿਆ ਤੇ ਉਹ ਨਸ ਉਠੇ। ਸਾਹਿਬਜ਼ਾਦਾ ਅਜੀਤ ਸਿੰਘ ਨੇ ਤੀਰ ਮਾਰ ਕੇ ਦੀਨਾ ਬੇਗ ਨੂੰ ਜ਼ਖਮੀ ਕਰ ਘਤਿਆ, ਜੋ ਫੌਜ ਦੇ ਪਿਛੇ ਜਾ ਲੁਕਿਆ। ਉਧਰੋਂ ਪੈਂਦੇ ਖਾਂ ਦੀ ਫੌਜ ਸਰਦਾਰ ਦੇ ਮਾਰੇ ਜਾਣ ਤੇ ਦਿਲ ਛੱਡ ਚੁਕੀ ਸੀ, ਉਹ ਗੁਰੂ ਜੀ ਦੇ ਹਲਿਆਂ ਸਾਹਵੇਂ ਨਾ ਖਲੋ ਸਕੀ। ਦੀਨਾਬੇਗ ਨੇ ਸੋਚਿਆ, "ਅਸੀਂ ਪਹਾੜੀਆਂ ਦੀ ਕੁਮਕ ਤੇ ਆਏ ਸਾਂ, ਜਦ ਓਹੋ ਨੱਸ ਗਏ ਤਾਂ ਅਸੀਂ ਨਾਹਕ ਕਿਉਂ ਮਰੀਏ" ਸੋ ਉਹ ਵੀ ਪਿਛੇ ਮੁੜ ਪਿਆ।

ਮੁਗਲ ਸਰਦਾਰ ਨੇ ਪੇਛਾ ਸੰਭਾਲਿਆ ਹੋਇਆ ਸੀ। ਜਦ ਉਹ ਹਿਲ ਗਿਆ ਤਾਂ ਸਾਰੇ ਪਾਸੇ ਭਾਜੜ ਪੈ ਗਈ। ਸਿੰਘ ਨਸਦਿਆਂ ਦੇ ਪਿਛੇ ਪੈ ਗਏ ਤੇ ਉਨ੍ਹਾਂ ਨੂੰ ਮਾਰ ਕੁਟ ਕੇ ਸਰਸਾ ਦਰਿਆ ਟਪਾ ਛਡਿਆ। ਸੈਂਕੜੇ ਘੋੜੇ, ਹਥਿਆਰ, ਪਦਾਰਥ ਸਿੰਘਾਂ ਦੇ ਹਥ ਲਗੇ। ਸਾਹਿਬਜ਼ਾਦਾ ਅਜੀਤ ਸਿੰਘ, ਜੋ ਮੋਹਰਲੀ ਸੱਫ ਵਿਚ ਸੀ, ਵਾਪਸ ਮੁੜਿਆ ਤੇ ਗੁਰਾਂ ਦੇ ਚਰਨਾਂ ਵਿਚ ਆ ਫਤਹਿ ਗਜਾਈ।

ਗੁਰੂ ਜੀ ਨੇ ਬੇਟੇ ਨੂੰ ਥਾਪੀ ਦੇ ਕੇ ਕਿਹਾ, "ਬੇਟਾ! ਅਜ ਮੈਂ ਵਡਭਾਗੀ ਹੋ ਗਿਆ ਹਾਂ ਜੋ ਤੇਰੇ ਜਹੇ ਸਪੁਤਰਾਂ ਨੇ ਸਿੰਘਾਊਪਣ ਦਾ ਧਰਮ ਪਾਲ ਵਖਾਇਆ"। ਫੇਰ ਗੁਰੂ ਜੀ ਨੇ ਜ਼ਖਮੀਆਂ ਨੂੰ ਗਰਮ ਗਰਮ ਕੜਾਹ ਪ੍ਰਸ਼ਾਦ ਛਕਾ ਕੇ, ਫਟ ਬੰਨ੍ਹਾ ਕੇ ਡੇਰੇ ਮੋੜਿਆ, ਸ਼ਹੀਦਾਂ ਦੀ ਸੰਭਾਲ ਕੀਤੀ ਤੇ ਫ਼ਤਹ ਦੇ ਡੰਕੇ ਵਜਾਉਂਦੇ ਵਾਪਸ ਅਨੰਦ ਪੁਰ ਮੁੜ ਆਏ। ਪਹਾੜੀਆਂ ਤੇ ਤੁਰਕਾਂ ਨੂੰ ਤਾਂ ਆਪਣੀਆਂ ਜਾਨਾਂ ਦੀ ਪਈ ਹੋਈ ਸੀ--ਉਨ੍ਹਾਂ ਦੀਆਂ ਲੋਥਾਂ ਮੁਰਦਾਰਖੋਰ ਜਾਨਵਰਾਂ ਤੇ ਪੰਛੀਆਂ ਦਾ ਗ੍ਰਾਸ ਹੋਣ ਲਈ ਰਣ ਵਿਚ ਪਈਆਂ ਰਹੀਆਂ।

ਸ੍ਰੀ ਅਨੰਦਪੁਰ ਦਾ ਦੂਜਾ ਯੁੱਧ

ਸਤਿਗੁਰਾਂ ਪਾਸ ਨਾ ਤਾਂ ਕੋਈ ਸ਼ਾਹੀ ਖਜ਼ਾਨਾ ਸੀ ਤੇ ਨਾ ਰਾਜ ਸਾਜ ਸੀ ਜਿਸ ਤੋਂ ਧਨ, ਸ਼ਸਤਰ ਤੇ ਜੰਗੀ ਸਾਮਾਨ ਤੁਰੇ ਚਲੇ ਆਉਣ। ਦਸ਼ਮੇਸ਼ ਜੀ ਦਾ ਵੱਡਾ ਸਾਧਨ ਤਾਂ ਉਨ੍ਹਾਂ ਦੇ ਸ਼ਰਧਾਲੂ ਸਿਖ ਸਨ ਜੋ ਮੁਗਲ ਪਠਾਣ ਹਾਕਮਾਂ ਦੀ ਪਰਜਾ ਸਨ। ਜਦ ਪਹਾੜੀ ਰਾਜਿਆਂ ਦੇ ਮੁਕਾਬਲੇ ਤੇ ਦਸ਼ਮੇਸ਼ ਜੀ ਦੀ ਫਤਹ ਹੁੰਦੀ ਤਾਂ ਸਿਖ ਦੂਣੇ ਉਤਸ਼ਾਹ ਨਾਲ ਉਨ੍ਹਾਂ ਨੂੰ ਧਨ ਮਾਲ ਭੇਟਾ ਕਰਦੇ, ਉਨ੍ਹਾਂ ਦੀਆਂ ਫੌਜਾਂ ਵਿਚ

ਆ ਸ਼ਾਮਲ ਹੁੰਦੇ ਤੇ ਜੰਗ ਦੇ ਘਾਟੇ ਮਾਟੇ ਪੂਰੇ ਕਰ ਦੇਂਦੇ। ਸ੍ਰੀ ਅਨੰਦਪੁਰ ਦੀ ਪਹਿਲੀ ਜੰਗ ਵੀ ਪਹਾ-ੜੀਆਂ ਨਾਲ ਜੰਗ ਸੀ, ਇਸ ਲਈ ਇਸ ਦੀ ਫ਼ਤਹ ਵਿਚ ਵੀ ਸਿਖਾਂ ਨੇ ਭਾਰੇ ਉਤਸ਼ਾਹ ਨਾਲ ਨਜ਼ਰਾਂ ਭੇਟਾ ਚੜ੍ਹਾਣੀਆਂ ਤੇ ਹਾਜ਼ਰੀਆਂ ਭਰਨੀਆਂ ਸ਼ੁਰੂ ਕਰ ਦਿਤੀਆਂ। ਦਿਨਾਂ ਵਿਚ ਸਤਿਗੁਰਾਂ ਦੇ ਖਜ਼ਾਨੇ ਭਰਪੂਰ ਹੋ ਗਏ, ਜੰਗੀ ਸਾਮਾਨ ਦੇ ਕਾਰਖਾਨੇ ਜ਼ੋਰ ਨਾਲ ਚਲ ਪਏ, ਗੋਲਾ ਬਾਰੂਦ ਤੇ ਸ਼ਸਤਰਾਂ ਕੋਠੇ ਭਰੇ ਗਏ ਤੇ ਖੁਲ੍ਹੇ ਹਡਾਂ ਵਾਲੇ ਜੁਆਨ ਆ ਆ ਕੇ ਅੰਮ੍ਰਿਤ ਛਕਣ ਤੇ ਫੌਜਾਂ ਵਿਚ ਸ਼ਾਮਲ ਹੋਣ ਲਗੇ।

ਗੁਰੂ ਜੀ ਦੀ ਹੋਰ ਵੀ ਚੜ੍ਹਦੀ ਕਲਾ ਵੇਖ ਕੇ ਪਹਾੜੀ ਰਾਜਿਆਂ ਨੂੰ ਬਹੁਤ ਫਿਕਰ ਲਗਾ। ਅੰਤ ਉਨ੍ਹਾਂ ਨੇ ਬਿਲਾਸਪੁਰ ਵਿਖੇ ਇਕਠ ਕੀਤਾ ਤੇ ਮਤਾ ਕੀਤਾ ਕਿ ਹੁਣ ਅਸੀਂ ਸ਼ਾਹੀ ਫੌਜ ਦੇ ਆਸਰੇ ਤੇ ਨਾ ਰਹੀਏ। ਇਕ ਤਾਂ ਉਨ੍ਹਾਂ ਦਾ ਖਰਚਾ ਵੀ ਭਾਰਾ ਦੇਣਾ ਪੈਂਦਾ ਹੈ ਤੇ ਦੂਜੇ ਓਹ ਲੜਾਈ ਵਿਚ ਵੀ ਸਾਨੂੰ ਹੀ ਅਗੇ ਝੋਂਕਦੇ ਹਨ ਤੇ ਆਪਣੀ ਲੜਾਈ ਨਹੀਂ, ਸਾਡੀ ਸਮਝਦੇ ਹਨ। ਜੇ ਖਰਚਾ ਅਸਾਂ ਹੀ ਕਰਨਾ ਹੈ ਤਾਂ ਆਪਣੇ ਪਕੇ ਤੇ ਭਰੋਸੇ ਵਾਲੇ ਬੰਦੇ ਕਿਉਂ ਨਾ ਸੈਨਾਂ ਵਿਚ ਭਰਤੀ ਕਰੀਏ ਜੋ ਅਧੀਨ ਵੀ ਰਹਿਣ ਤੇ ਵਫਾਦਾਰ ਵੀ।

ਇਸ ਮਤੇ ਅਨੁਸਾਰ ਰਾਜਾ ਅਜਮੇਰ ਚੰਦ, ਹਿੰਮਤ ਸਿੰਘ ਹੰਡੂਰੀਏ, ਕਰਮ ਪ੍ਰਕਾਸ਼, ਮਦਨ ਪਾਲ ਕੁਟਲੇੜ ਵਾਲੇ, ਬੀਰ ਸਿੰਘ ਜਸਵਾਲੀਏ, ਘੁਮੰਡ ਚੰਦ ਕਾਂਗੜੀਏ, ਗੋਪਾਲ ਚੰਦ ਗੁਲੇਰੀਏ, ਦੜਵਾਲੀਏ, ਪੜਵਾਲੀਏ, ਕਠਗੜ੍ਹੀਏ, ਡਢਵਾਲੀਏ, ਸ੍ਰੀ ਨਗਰੀਏ ਆਦਿ ਬਹੁਤ ਪਹਾੜੀ ਰਾਜਿਆਂ ਨੇ ਫੌਜ ਤਿਆਰ ਕਰਕੇ ਆਪ ਜਾਂ ਆਪਣੇ ਨਾਇਬਾਂ ਰਾਹੀਂ ਅਨੰਦ ਪੁਰ ਤੇ ਚੜ੍ਹਾਈ ਕਰਨੀ ਮੰਨੀ। ਛੇਤੀ ਹੀ ਵੀਹ ਹਜ਼ਾਰ ਫੌਜ ਇਕਠੀ ਕਰਨੀ ਮਿਥੀ ਗਈ। ਪਰ ਸਿੰਘਾਂ ਪਾਸੋਂ ਉਹ ਇਉਂ ਡਰਦੇ ਸੀ ਜਿਵੇਂ ਸ਼ੇਰਾਂ ਪਾਸੋਂ ਹਰਨ। ਸੋ ਉਨ੍ਹਾਂ ਨੇ ਪਹਿਲੇ ਗੁਰੂ ਜੀ ਨੂੰ ਇਕ ਚਿਠੀ ਲਿਖੀ ਕਿ ਤੁਸੀਂ ਸਾਡੇ ਰਾਜ ਵਿਚ ਵਸ ਕੇ ਸਾਨੂੰ ਹੀ ਦੁਖ ਦੇਂਦੇ ਹੋ ਤੇ ਸਾਡੀ ਪਰਜਾ ਨੂੰ ਲੁਟਦੇ ਤੇ ਉਜਾੜਦੇ ਹੋ। ਸੋ ਤੁਸੀਂ ਜੇ ਅਨੰਦਪੁਰ ਵਿਚ ਰਹਿਣਾ ਹੈ ਤਾਂ ਅਧੀਨ ਹੋ ਕੇ ਰਹੋ ਤੇ ਸੌ ਆਦਮੀ ਤੋਂ ਵਧ ਆਪਣੇ ਪਾਸ ਨਾ ਰਖੋ। ਨਹੀਂ ਤਾਂ ਅਨੰਦਪੁਰ ਛੱਡ ਜਾਵੋ। ਨਾ ਛਡੋਗੇ ਤਾਂ ਅਸੀਂ ਆਪ ਨੂੰ ਮਾਰ ਕੇ ਕਢ ਦਿਆਂਗੇ ਤੇ ਫਿਰ ਆਪ ਦੀ ਪੀਰੀ ਦਾ ਨਾਮ ਨਿਸ਼ਾਨ ਵੀ ਨਹੀਂ ਲਭੇਗਾ।

ਗੁਰੂ ਜੀ ਵੀ ਅਵੇਸਲੇ ਨਹੀਂ ਬੈਠੇ ਸਨ, ਉਨ੍ਹਾਂ ਪਾਸ ਵੀ ਭਾਰੀ ਤਿਆਰੀ ਸੀ। ਚਿਠੀ ਪੜ੍ਹ ਕੇ ਸਿੰਘਾਂ ਦੇ ਨੇਤਰ ਚੜ੍ਹ ਆਏ। ਸੋ ਗੁਰੂ ਜੀ ਨੇ ਜਵਾਬ ਲਿਖਾਇਆ ਕਿ ਤੁਹਾਨੂੰ ਮਲੂਮ ਰਹੇ ਕਿ ਅਸੀਂ ਆਪਣੀ ਜ਼ਰ-ਖਰੀਦ ਜ਼ਮੀਨ ਵਿਚ ਵਸਦੇ ਹਾਂ, ਸਾਡੇ ਸਿਖ ਨਾ ਕਿਸੇ ਨੂੰ ਲੁਟਦੇ ਹਨ, ਨਾ ਪਰਜਾ ਨੂੰ ਦੁਖਾਂਦੇ ਹਨ। ਅਸੀਂ ਕਿਸੇ ਦੀ ਪਰਜਾ ਨਹੀਂ, ਪਿਛੇ ਈਨ ਮੰਨੀ ਨਹੀਂ, ਹੁਣ ਮੰਨਣੀ ਨਹੀਂ। ਧਰਮ ਦੀ ਰਖਜਾ ਲਈ ਅਸਾਂ ਖਾਲਸਾ ਪੰਥ ਸਾਜਿਆ ਹੈ ਦੁਸ਼ਟਾਂ ਤੇ ਜ਼ਾਲਮਾਂ ਦੀਆਂ ਅਸਾਂ ਜੜ੍ਹਾਂ ਪੁਟਣੀਆਂ ਹਨ, ਤੁਸੀਂ ਅੰਮ੍ਰਿਤ ਛੱਕ ਕੇ ਸਾਡੇ ਨਾਲ ਸ਼ਾਮਲ ਹੋ ਜਾਓ, ਤਾਂ ਅਸੀਂ ਤੁਹਾਨੂੰ ਮੁਖੀਆ ਮੰਨ ਕੇ ਮਗਰ ਲਗ ਤੁਰਾਂਗੇ ਤੇ ਤੁਸੀਂ ਵੀ ਸੁਤੰਤਰ ਬਾਦਸ਼ਾਹੀ ਭੋਗੋਗੇ, ਹੋਰ ਸਾਨੂੰ ਬਾਦਸ਼ਾਹੀ ਦੀ ਲੋੜ ਨਹੀਂ। ਹੋਰ ਜੋ ਧਮਕੀਆਂ ਤੁਸੀਂ ਦੇਂਦੇ ਹੋ ਕਿ ਸਾਨੂੰ ਜੰਗ ਕਰਕੇ ਅਨੰਦਪੁਰੋਂ ਕੱਢ ਦਿਓਗੇ, ਸੋ ਦੇਰ ਨਾ ਕਰੋ। ਜੇ ਜੰਗ ਕਰਕੇ ਸਾਨੂੰ ਅਨੰਦਪੁਰੋਂ ਨਾ ਕਢੋ, ਤਾਂ ਤੁਹਾਡੇ ਮੂੰਹ ਤੇ ਮੁਛਾਂ ਨਹੀਂ, ਪਰ ਧ੍ਰਿਗ ਹੈ ਉਸ ਦੇ ਜੰਮਣ ਵਾਲਿਆਂ ਨੂੰ, ਜੋ ਤੁਰਕਾਂ ਤੋਂ ਸਹਾਇਤਾ ਲਵੇ। ਅਸੀਂ ਅਕਾਲ ਆਸਰੇ ਹਾਂ ਤੇ ਉਸੇ ਦੀ ਈਨ ਮੰਨਾਂਗੇ। ਤੁਸੀਂ ਧਮਕੀਆਂ ਨਾ ਦਿਓ, ਜੋ ਕਰਨਾ ਹੈ, ਕਰੋ।

ਇਹ ਜਵਾਬ ਦੇ ਕੇ ਸਤਿਗੁਰਾਂ ਨੇ ਮਾਝੇ ਮਾਲਵੇ ਦਿਆਂ ਚੌਧਰੀਆਂ ਤੇ ਸੰਗਤਾਂ ਨੂੰ ਸ਼ਸਤਰ ਬੰਨ੍ਹ ਕੇ ਆਉਣ ਦੇ ਹੁਕਮਨਾਮੇ ਭੇਜ ਦਿਤੇ। ਬੇਅੰਤ ਸਿਦਕੀ ਸਿਖ ਆਪੋ ਆਪਣੇ ਘਰਾਂ ਤੋਂ ਖਰਚ ਬੰਨ੍ਹ ਕੇ ਅਨੰਦਪੁਰ ਵਲ ਚਲੇ ਆਏ। ਭਾਈ ਸਾਲ੍ਹੋ ਦਾ ਪੋਤਰਾ ਭਾਈ ਦੁਨੀ ਚੰਦ ਪੰਜ ਸੌ ਮਝੈਲ ਲੈ ਕੇ ਆਇਆ। ਭਾਈ ਨੰਦ ਚੰਦ ਡਰੌਲੀ ਵਾਲਾ ਭਾਵੇਂ ਗੁਰੂ ਜੀ ਤੋਂ ਬੇਮੁਖ ਹੋ ਕੇ ਮਰਿਆ ਸੀ, ਪਰ ਉਸ ਦਾ ਪੋਤਰਾ ਭਾਈ ਦੇਸ ਰਾਜ, ਭਾਈ ਰੂਪੇ ਦਾ ਪੋਤਰਾ ਦਿਆਲ ਚੰਦ, ਭਾਈ ਭਗਤੂ ਕਾ ਬੁੱਢਾ ਸਿੰਘ, ਭਾਈ ਬਹਿਲੋ ਦਾ ਪੋਤਰਾ,

ਗੁਰਦਾਸ ਇਹ ਸਭ ਆਪੋ ਆਪਣੇ ਪਰਗਣੇ ਦੇ ਸਿੰਘਾਂ ਨੂੰ ਲੈ ਕੇ ਗੁਰੂ ਜੀ ਦੀ ਸੇਵਾ ਲਈ ਅਨੰਦ ਪੁਰ ਆ ਹਾਜ਼ਰ ਹੋਏ। ਇਉਂ ਦੱਸ ਕੁ ਹਜ਼ਾਰ ਜੋਧਾ ਗੁਰੂ ਜੀ ਪਾਸ ਜਮ੍ਹਾਂ ਹੋ ਗਿਆ।

ਓਧਰ ਜਦ ਗੁਰੂ ਜੀ ਦੀ ਚਿਠੀ ਪਹਾੜੀ ਰਾਜਿਆਂ ਪਾਸ ਪੁਜੀ ਤਾਂ ਉਹ ਸੜ ਗਏ। ਰਾਜਾ ਕੇਸਰੀ ਚੰਦ ਜਸਵਾਲੀਆ ਜੋ ਬਹੁਤ ਬਲੀ ਤੇ ਹੰਕਾਰੀ ਸੀ, ਬਹੁਤ ਭੁੜਕਿਆ। ਤਿਆਰੀ ਤਾਂ ਉਨ੍ਹਾਂ ਦੀ ਹੋਈ ਪਈ ਸੀ, ਸਾਰੇ ਚੜ੍ਹ ਪਏ। ਇਸ ਵਾਰ ਉਨ੍ਹਾਂ ਜਮਤੁਲੇ ਗੁਜਰ ਨੂੰ ਜੋ ਪਹਾੜ ਦਾ ਮਸ਼ਹੂਰ ਬਹਾਦਰ ਸਰਦਾਰ ਸੀ, ਵੀ ਚੜ੍ਹਾ ਲਿਆਂਦਾ। ਉਹ ਆਪਣੇ ਭਾਈਚਾਰੇ ਨੂੰ ਲੈ ਕੇ ਚੜ੍ਹ ਆਇਆ।

ਇਹ ਭਾਰੀ ਚੜ੍ਹਾਈ ਤਕ, ਗੁਰੂ ਜੀ ਨੇ ਸਭ ਖਾਲਸੇ ਨੂੰ ਦਾਰੂ ਸਿਕਾ ਵਰਤਾ ਦਿਤਾ ਤੇ ਇਹ ਦ੍ਰਿੜ੍ਹ ਕਰਾ ਦਿਤਾ ਕਿ ਜਿਤੋਗੇ ਤਾਂ ਰਾਜ ਲਓਗੇ, ਜੂਝੋਗੇ ਤਾਂ ਸ਼ਹੀਦੀ ਤੇ ਸਚਖੰਡ ਦਾ ਨਿਵਾਸ ਪਾਓਗੇ ਤੇ ਮੈਂ ਤੁਹਾਡੇ ਸਦਾ ਅੰਗ ਸੰਗ ਰਹਾਂਗਾ। ਮਾਝੇ ਦੇ ਸਿੰਘਾਂ ਦੀ ਕਮਾਨ ਪਿਆਰੇ, ਭਾਈ ਦਇਆ ਸਿੰਘ ਦੇ ਸਪੁਰਦ ਕਰਕੇ ਉਨ੍ਹਾਂ ਨੂੰ ਲੋਹਗੜ੍ਹ ਦਾ ਕਿਲ੍ਹਾ ਸੌਂਪਿਆ ਗਿਆ। ਮਲਵਈਆਂ ਦੀ ਕਮਾਨ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਦੇ ਕੇ ਫ਼ਤਹਗੜ੍ਹ ਦੇ ਕਿਲ੍ਹੇ ਵਿਚ ਪਕਿਆਂ ਕੀਤਾ ਗਿਆ। ਬਾਕੀ ਦੇ ਸਿੰਘਾਂ ਸਰਦਾਰਾਂ ਨਾਲ ਗੁਰੂ ਜੀ ਨੇ ਅਨੰਦ ਗੜ੍ਹ ਨੂੰ ਮਜ਼ਬੂਤ ਕੀਤਾ।

ਇੰਨੇ ਨੂੰ ਪਹਾੜੀ ਰਾਜਿਆਂ ਦਾ ਟਿੱਡੀ ਦਲ ਵੀ ਨੇੜੇ ਆ ਢੁਕਾ। ਇਹ ਵੇਖ ਸਾਹਿਬਜ਼ਾਦਾ ਅਜੀਤ ਸਿੰਘ ਦਾ ਦਿਲ ਉਛਲਣ ਲਗਾ। ਉਨ੍ਹਾਂ ਨੇ ਭਾਈ ਉਦੇ ਰਾਹੀਂ ਗੁਰੂ ਜੀ ਨੂੰ ਬੇਨਤੀ ਕਿ ਆਉਂਦੇ ਸ਼ਤਰੂਆਂ ਤੇ ਹੱਲਾ ਕਰਨ ਦੀ ਆਗਿਆ ਦਿਤੀ ਜਾਵੇ। ਸਤਿਗੁਰਾਂ ਨੇ ਬੜੀ ਖੁਸ਼ੀ ਨਾਲ ਆਗਿਆ ਦਿਤੀ। ਇਹ ਹੁਕਮ ਸੁਣਕੇ ਸਾਹਿਬਜ਼ਾਦਾ ਜੀ ਚਾਰ ਕੁ ਹਜ਼ਾਰ ਸਿੰਘਾਂ ਨਾਲ ਤਿਆਰ ਹੋ, ਅਕਾਲ ਅਕਾਲ ਗਜਾਉਂਦੇ ਪਹਾੜੀਆਂ ਦੇ ਮੋਰਚੇ ਤੇ ਜਾ ਪਏ। ਦੋਹਾਂ ਪਾਸਿਆਂ ਤੋਂ ਤੀਰ ਗੋਲੀ ਦੀ ਵਰਖਾ ਹੋਣ ਲਗੀ। ਕੇਸਰੀ ਸਿੰਘ ਜਸ-ਵਾਲੀਏ ਦੇ ਖਾਸ ਦਸਤੇ ਉਤੇ ਭਾਈ ਉਦੇ ਸਿੰਘ ਦੋ ਸੌ ਸਵਾਰਾਂਨਾਲ ਵਖਰੇ ਜਾ ਪਏ।ਬੜੀ ਗਹਿਗਚ ਲੜਾਈ ਹੋਈ। ਖੇਤ ਵਿਚ ਰੁੰਡ ਮੁੰਡ ਖਿਲਰ ਗਏ। ਪਹਾੜੀਏ ਅੜ ਅੜ ਕੇ ਲੜੇ ਪਰ ਉਨ੍ਹਾਂ ਦੇ ਪੈਰ ਪਿਛੇ ਪੈਣ ਲਗੇ। ਇਨ੍ਹਾਂ ਦੀ ਮਦਦ ਤੇ ਜਮਤੁਲਾ ਅਗੇ ਆਇਆ ਤਾਂ ਭਾਈ ਉਦੇ ਸਿੰਘ, ਆਲਮ ਸਿੰਘ, ਬਚਿੱਤਰ ਸਿੰਘ, ਕੇਹਰ ਸਿੰਘ, ਭਾਈ ਦਯਾ ਸਿੰਘ ਜਥੇਦਾਰਾਂ ਨੇ ਮਾਝੇ ਦੇ ਸਿੰਘਾਂ ਨੂੰ ਵਧਾ ਕੇ ਅਜੇਹਾ ਲੜਾਇਆ ਕਿ ਗੁਜਰ ਰੰਘੜ ਕਨੈਤ ਜਾਨਾਂ ਲੈ ਕੇ ਭੱਜਣ ਲਗੇ। ਪਹਾੜੀ ਵੀ ਘਬਰਾ ਗਏ।

ਇਹ ਵੇਖ ਕੇ ਕਹਿਲੂਰੀ ਰਾਜੇ ਨੇ ਗੁਜਰਾਂ ਦੇ ਰਾਜੇ ਜਮਤੁਲੇ ਨੂੰ ਲਲਕਾਰ ਕੇ ਆਖਿਆ ਕਿ ਬਜਰੂੜ ਆਦਿ ਅਨੇਕਾਂ ਤੇਰੇ ਭਾਈਚਾਰੇ ਦੇ ਪਿੰਡ ਸਿਖਾਂ ਨੇ ਲੁਟੇ ਹਨ, ਐਸ ਵੇਲੇ ਉਨ੍ਹਾਂ ਤੋਂ ਬਦਲਾ ਲੈਣ ਦਾ ਸਮਾਂ ਹੈ। ਅਸੀਂ ਤੇਰੇ ਨਾਲ ਹਾਂ, ਤੁਹਾਨੂੰ ਬਦਲੇ ਵਿਚ ਅਨੰਦ ਪੁਰ ਫਤਹ ਕਰਕੇ ਉਸ ਤੇ ਹਥ ਸਾਫ ਕਰਨਾ ਚਾਹੀਏ। ਇਸ ਤਰ੍ਹਾਂ ਲਲਕਾਰੇ ਹੋਏ ਜਮਤੁਲਾ ਨੇ ਆਪਣੇ ਨਗਾਰੇ ਨੂੰ ਦੂਹਰੀ ਚੋਬ ਲੁਆਈ। ਭਜਦੇ ਹੋਏ ਸਵਾਰ ਵੀ ਮੁੜ ਪਏ। ਉਸ ਨੇ ਵੰਗਾਰ ਕੇ ਅਜੇਹੇ ਜ਼ੋਰ ਨਾਲ ਹੱਲਾ ਕਰਾ-ਇਆ ਕਿ ਸਿੰਘਾਂ ਦੇ ਪੈਰ ਪਿਛੇ ਹਟਣ ਲਗੇ।

ਇਹ ਵੇਖ ਉਦੇ ਸਿੰਘ ਸਾਹਿਬ ਅਜੀਤ ਸਿੰਘ ਨੂੰ ਕੁਮਕ ਤੇ ਚੜ੍ਹਾ ਲਿਆਏ। ਚਾਰ ਹਜ਼ਾਰ ਮਲਵਈ ਬਹਾਦਰਾਂ ਨੂੰ ਆਇਆਂ ਵੇਖ ਜੋ ਸਿੰਘ ਛਿਥੇ ਪਏ ਸਨ, ਉਹ ਭੀ ਬਾਜ਼ਾਂ ਵਾਂਗ ਟੁਟ ਪਏ। ਲੋਥਾਂ ਦੇ ਢੇਰ ਲਗ ਗਏ। ਪਹਾੜੀਏ ਤੋਬਾ ਤੋਬਾ ਕਰ ਉਠੇ ਇਸ ਤੇ ਗੁਰੂ ਜੀ ਨੇ ਭਾਈ ਉਦੇ ਸਿੰਘ ਨੂੰ ਜਮਤੁਲੇ ਤੇ ਹਮਲਾ ਕਰਨ ਦਾ ਇਸ਼ਾਰਾ ਕੀਤਾ ਜੋ ਮੋਰਚਾ ਅਗੇ ਵਧਾ ਲਿਆਇਆ ਸੀ। ਸਿੰਘਾਂ ਨੇ ਖਟਾ ਖਟ ਝਟਾ ਪਟ ਤੇਗ ਵਾਹੀ ਤੇ ਧਰਤੀ ਲਾਲੋ ਲਾਲ ਕਰ ਦਿਤੀ। ਭਾਈ ਉਦੇ ਸਿੰਘ ਜਮਤੁਲੇ ਨਾਲ ਦੂਬਦੂ ਹੋ ਗਏ ਤੇ ਜਮਤੁਲੇ ਨੂੰ ਮਾਰ ਲਿਆ। ਪਹਾੜੀਆਂ ਤੇ ਗੁਜਰਾਂ ਨੇ ਉਸ ਦੀ ਲੋਥ ਨੂੰ ਚੁਕਣ ਲਈ ਜ਼ੋਰ ਲਾਇਆ ਪਰ ਨਿਸ਼ਾਨਚੀ ਮਾਨ ਸਿੰਘ ਨੇ ਉਸ ਦੀ ਲੋਥ ਪਾਸ ਨਿਸ਼ਾਨ ਸਾਹਿਬ ਜਾ ਗੱਡਿਆ ਜਿਸ ਕਰਕੇ ਸਿੰਘ ਇਧਰ ਝੁਕ ਪਏ। ਸਿੰਘਾਂ ਦਾ ਜ਼ੋਰ ਤੋੜਨ ਲਈ ਘੁਮੰਡ ਚੰਦ ਕਟੋਚੀਏ ਨੇ

ਆਪਣੀ ਫ਼ੌਜ ਦਾ ਹੱਲਾ ਕਰਾ ਦਿਤਾ ਤੇ ਹੋਰ ਰਾਜੇ ਵੀ ਆ ਪੁਜੇ । ਜੰਗ ਨੇ ਬਹੁਤ ਜ਼ੋਰ ਫੜਿਆ ਤੇ ਦੋਹਾਂ ਪਾਸਿਆਂ ਦਾ ਭਾਰਾ ਨੁਕਸਾਨ ਹੋਇਆ ਪਰ ਜਿਤ ਹਾਰ ਕਿਸੇ ਦੀ ਨਾ ਹੋ ਸਕੀ । ਓੜਕ ਸੂਰਜ ਛਿਪ ਗਿਆ ਤਾਂ ਪਹਾੜੀਏ ਡੇਰੇ ਵਲ ਨੂੰ ਹਟੇ। ਸਿੰਘ ਵੀ ਆਪਣੀਆਂ ਲੋਥਾਂ ਸੰਭਾਲ ਕੇ ਵਾਪਸ ਮੁੜੇ ।

ਜੰਗ ਦੇ ਪ੍ਰਸੰਗ ਸੁਣ ਕੇ ਗੁਰੂ ਜੀ ਬਹੁਤ ਪ੍ਰਸੰਨ ਹੋਏ । ਸ਼ਹੀਦਾਂ ਨੂੰ ਦਾਹ ਕਰਾਇਆ, ਜ਼ਖ-ਮੀਆਂ ਨੂੰ ਸਾਲ ਪੱਤਰ ਬਨ੍ਹਵਾ ਕੇ ਕੜ੍ਹਾਹ ਪ੍ਰਸ਼ਾਦ ਛਕਾਇਆ । ਹਿਫ਼ਾਜ਼ਤੀ ਮੋਰਚਿਆਂ ਤੇ ਜੋ ਟਿਕੇ ਸਨ ਉਨ੍ਹਾਂ ਲਈ ਓਥੇ ਪ੍ਰਸ਼ਾਦ ਭੇਜਿਆ ਗਿਆ ਤੇ ਆਪਣੀ ਕਲਾ ਨਾਲ ਅਗਲੇ ਦਿਨ ਦੀ ਲੜਾਈ ਲਈ ਸਭ ਦੇ ਦਿਲਾਂ ਵਿਚ ਉਤਸ਼ਾਹ ਭਰ ਦਿਤਾ।

(ਚਲਦਾ)

ਸੰਤ ਸਿਪਾਹੀ ਵਲੋਂ ਛਪਿਆ ਲਿਟਰੇਚਰ

ਸੰਤ ਸਿਪਾਹੀ ਵਿਚ ਛਪੇ ਮੈਟਰ ਨੂੰ ਸੰਗਤਾਂ ਨੇ ਬਹੁਤ ਪਸੰਦ ਕੀਤਾ ਹੈ। ਉਹ ਚਾਹੁੰਦੇ ਹਨ ਕਿ ਇਸ ਮੈਟਰ ਨੂੰ ਜਾਂ ਇਸ ਵਰਗੇ ਮੈਟਰ ਨੂੰ ਕਿਤਾਬੀ ਸ਼ਕਲ ਵਿਚ ਵੀ ਪੇਸ਼ ਕੀਤਾ ਜਾਵੇ, ਤਾਂ ਜੋ ਲਾਇਬਰੇਰੀਆਂ ਦੇ ਖਾਨਿਆਂ ਵਿਚ ਨਖੇੜ ਕੇ ਸਜਾਇਆ ਜਾ ਸਕੇ ।

ਇਸ ਅਨੁਸਾਰ ਅਜੇ ਅਸਾਂ ਕੁਝ ਕਿਤਾਬਾਂ ਛਾਪੀਆਂ ਹਨ ਤੇ ਚਾਹੁੰਦੇ ਹਾਂ ਕਿ ਹੋਰ ਵੀ ਛਾਪੀਏ। ਪਰ ਅਗਲੀਆਂ ਛਪੀਆਂ ਪੁਸਤਕਾਂ ਅਣ-ਵਿਕੀਆਂ ਹੀ ਪਈਆਂ ਹਨ, ਇਸ ਲਈ ਹੋਰ ਪੁਸਤਕਾਂ ਛਪਣ ਦਾ ਰਾਹ ਰੁਕ ਗਿਆ ਹੈ। ਸੋ ਪਾਠਕਾਂ ਪਾਸ ਤੇ ਸਰਦੇ ਪੁਜਦੇ ਸਿਖ ਸਾਹਿਤ ਦੇ ਪ੍ਰੇਮੀਆਂ ਅਗੇ ਬੇਨਤੀ ਹੈ ਕਿ ਪੁਸਤਕਾਂ ਖਰੀਦ ਕੇ ਸਾਨੂੰ ਪਰੋਗਰਾਮ ਤੇ ਚਲਣ ਯੋਗ ਬਨਾਣ ।

ਹੇਠ ਲਿਖੀਆਂ ਪੁਸਤਕਾਂ ਅਸਾਂ ਛਾਪੀਆਂ ਹਨ । ਪਰੰਤੂ ਸੰਤ ਸਿਪਾਹੀ ਦੇ ਪਾਠਕਾਂਨੂੰ ਖਾਸ ਰਿਐਤ ਤੇ ਭੇਟਾ ਕੀਤੀਆਂ ਜਾਂਦੀਆਂ ਹਨ ।

ਪਵਿੱਤਰ ਪ੍ਰਤੱਗਿਆ—ਸਿਖ ਰਾਜ ਕਾਇਮ ਹੋਣ ਦੀ ਕ੍ਰਿਆ ਪ੍ਰਗਟਾਉਣ ਵਾਲਾ ਨਾਵਲ ੫)

ਤੀਰਾਂ ਵਾਲੀ— ਛੋਟੇ ਘਲੂਘਾਰੇ ਦੇ ਸਮੇਂ ਦਾ ਨਾਵਲ ੨)

ਬੀਬੀ ਭਾਨੀ ਜੀ—ਬੀਬੀ ਭਾਨੀ ਅਤੇ ਸ੍ਰੀ ਗੁਰੂ ਰਾਮਦਾਸ ਜੀ ਦਾ ਜੀਵਨ ਇਤਿਹਾਸ ਰੂਪ ੨॥)

ਪ੍ਰੀਤਮ ਮਹਿਮਾ— ਪੰਥ ਪ੍ਰਸਿਧ ਕਵੀ ਸ: ਮਹਿੰਦਰ ਸਿੰਘ ਜੀ 'ਪ੍ਰੇਮ' ਦੀ ਮਾਂ ਸਤਿਗੁਰਾਂ ਦੀ ਮਹਿਮਾ ਵਿਚ ਲਿਖੀਆਂ ਅਨੁਪਮ ਕਵਿਤਾਵਾਂ ੨॥)

ਸੰਤ ਸਿਪਾਹੀ ਦੇ ਪਾਠਕਾਂ ਨੂੰ ਚਾਰੇ ਪੁਸਤਕਾਂ ੬) ਰੁਪੈ ਵਿਚ ਭੇਟਾ ਹਨ । ਡਾਕ ਖਰਚ ਵਖਰਾ ਜੋ ਰਜਿ-ਸਟਰੀ ਕਰਾ ਕੇ ਭੇਜਣ ਦਾ ਲਗ ਪਗ ੧. ੬੦ ਹੈ ।

ਲਾਈਫ ਮੈਂਬਰਾਂ ਨੂੰ ਕੇਵਲ ਡਾਕ ਖਰਚ (੧. ੬੦.) ਦੀ ਵੀ. ਪੀ. ਰਾਹੀਂ ਚਾਰੇ ਕਿਤਾਬਾਂ ਭੇਜੀਆਂ ਜਾਂਦੀਆਂ ਹਨ ਤੇ ੧੦੦ ਰੁਪਿਆਂ ਵਿਚੋਂ ੬) ਦੀ ਕਟੌਤੀ ਪੁਸਤਕਾਂ ਦੇ ਖਾਤੇ ਲਿਖੀ ਜਾਂਦੀ ਹੈ ।

ਦਾਸ : ਮੈਨੇਜਰ, ਸੰਤ ਸਿਪਾਹੀ, ਗੇਟ ਮਹਾਂ ਸਿੰਘ ਅੰਮ੍ਰਿਤਸਰ ।

ਸਲੋਕ ਸ਼ੇਖ ਫਰੀਦ ਜੀ ਦੇ (ਸਟੀਕ)

(੩)

(ਸਲੋਕ ਨੰ: ੫੩–੮੩ : ਪੰਨਾ ੧੩੮੦–੮੨)

ਫਰੀਦਾ ਸੋਈ ਸਰਵਰੁ ਢੂਢਿ ਲਹੁ
ਜਿਥਹੁ ਲਭੀ ਵਥੁ ॥
ਛਪੜਿ ਢੂਢੈ ਕਿਆ ਹੋਵੈ,
ਚਿਕੜਿ ਡੁਬੈ ਹਥੁ ॥ ੫੩ ॥

ਹੇ ਫਰੀਦ ! ਉਹੋ ਸਰੋਵਰ ਢੂੰਢ ਜਿਥੋਂ ਮੋਤੀਆਂ ਵਰਗੀ ਵਸਤ ਲਭੇ ! ਛਪੜ ਵਿਚ ਢੂੰਢਿਆ ਕੀ ਹੁੰਦਾ ਹੈ–ਹਥ ਚਿਕੜ ਵਿਚ ਹੀ ਲਿਬੜਦਾ ਹੈ । ਏਵੇਂ, ਚੰਗਾ ਗੁਰੂ ਢੂੰਢ, ਜਿਥੋਂ ਨਾਮ ਦੀ ਵਸਤ ਪ੍ਰਾਪਤ ਹੋਵੇ, ਦੰਭੀ ਗੁਰੂ ਤੋਂ ਕੀ ਲਓਗੇ ? ਐਵੇਂ ਮੱਤ ਹੋਰ ਮਾਇਆ ਵਿਚ ਲਿਬੜੇਗੀ ।

ਫਰੀਦਾ ਨੰਢੀ ਕੰਤੁ ਨ ਰਾਵਿਓ
ਵਡੀ ਥੀ ਮੁਈ ਆਸੁ ॥
ਧਨ ਕੂਕੇਂਦੀ ਗੋਰ ਮੇਂ
ਤੈ ਸਹ ਨ ਮਿਲੀਆਸੁ ॥ ੫੪ ॥

ਹੇ ਫਰੀਦ ! ਅਫਸੋਸ ਕਿ ਨੌਜੁਆਨੀ ਦੀ ਉਮਰ ਵਿਚ ਵਾਹਿਗੁਰੂ ਕੰਤ ਨਹੀਂ ਸੇਵਿਆ ਗਿਆ, ਹੁਣ ਬੁਢੇ ਹੋਣ ਤੇ ਤਾਂ ਆਸ ਹੀ ਮਰ ਗਈ ਹੈ, ਜੀਵ ਰੂਪੀ ਇਸਤ੍ਰੀ ਜਦ ਕਬਰਾਂ ਵਿਚ ਜਾ ਪਵੇਗੀ ਤਾਂ ਪੁਕਾਰ ਕਰੇਗੀ, 'ਹੇ ਸ਼ਹੁ ਅਫਸੋਸ, ਮੈਂ ਤੈਨੂੰ ਨਾ ਮਿਲ ਸਕੀ' !

ਫਰੀਦਾ ਸਿਰੁ ਪਲਿਆ ਦਾੜੀ ਪਲੀ
ਮੁਛਾਂ ਭੀ ਪਲੀਆਂ ॥
ਰੇ ਮਨ ਗਹਿਲੇ ਬਾਵਲੇ,
ਮਾਣਹਿ ਕਿਆ ਰਲੀਆਂ ॥ ੫੫ ॥

ਹੇ ਫਰੀਦ ਸਿਰ ਚਿੱਟਾ ਹੋ ਗਿਆ, ਦਾੜ੍ਹੀ ਚਿੱਟੀ ਹੋ ਗਈ ਤੇ ਮੁਛਾਂ ਵੀ ਚਿੱਟੀਆਂ ਹੋ ਗਈਆਂ, ਪਰ ਹੇ ਗਾਫਲ ਕਮਲੇ ਮਨਾਂ ਅਜੇ ਵੀ ਤੂੰ ਦੁਨਿਆਵੀ ਰੰਗ ਵਿਚ ਰਲੀਆਂ ਮਾਣਦਾ ਪਿਆ ਹੈਂ ? ਕੀ ਪਿਆ ਕਰਨਾ ਹੈਂ ?

ਫਰੀਦਾ ਕੋਠੇ ਧੁਕਣੁ ਕੇਤੜਾ
ਪਿਰ ਨੀਦੜੀ ਨਿਵਾਰਿ ॥
ਜੋ ਦਿਹ ਲਧੇ ਗਾਣਵੇ
ਗਏ ਵਿਲਾੜਿ ਵਿਲਾੜਿ ॥ ੫੬ ॥

ਹੇ ਫਰੀਦ ਦੀਏ ਜਿੰਦੇ ! ਕਿੰਨੀ ਰਾਤ ਤਕ ਖੇਡ ਖੇਡ ਕੇ ਕੋਠਿਆਂ ਤੇ ਧਰੁਕਦੀ (ਦੌੜਦੀ ਭਜਦੀ) ਪਤੀ ਵਲੋਂ ਗਾਫਲ ਰਹੇਗੀ । ਪਤੀ ਵਲੋਂ ਗ਼ਫਲਤ ਦੀ ਨੀਂਦ ਖਤਮ ਕਰ, ਕਮਲੀਏ ਜੇਹੜੇ ਗੇਣਵੇਂ ਦਿਨ ਮਿਲਾਪ ਲਈ ਲਭੇ ਹਨ, ਉਹ ਤਾਂ ਲੰਘਦੇ ਜਾਂਦੇ ਹਨ ।

ਫਰੀਦਾ ਕੋਠੇ ਮੰਡਪ ਮਾੜੀਆ
ਏਤੁ ਨ ਲਾਏ ਚਿਤੁ ॥
ਮਿਟੀ ਪਈ ਅਤੋਲਵੀਂ
ਕੋਈ ਨ ਹੋਸੀ ਮਿਤੁ ॥ ੫੭ ॥

ਹੇ ਫਰੀਦ ! ਕੋਠੇ ਮਹਿਲ ਮਾੜੀਆਂ ਵਿਚ ਚਿੱਤ ਨਾ ਲਾਵੀਂ, ਕਿਉਂਕਿ ਜਦ ਮਰ ਕੇ ਕਬਰ ਵਿਚ ਜਾ ਪਏਂਗਾ ਤੇ ਉਪਰ ਬੇਅੰਤ ਭਾਰ ਮਿਟੀ ਦੇ ਪੈ ਜਾਣਗੇ ਤਾਂ ਇਨ੍ਹਾਂ ਵਿਚੋਂ ਕੋਈ ਤੇਰਾ ਮਿਤਰ ਨਹੀਂ ਹੋਵੇਗਾ ।

ਫਰੀਦਾ ਮੰਡਪ ਮਾਲੁ ਨ ਲਾਇ,
ਮਰਗ ਸਤਾਣੀ ਚਿਤਿ ਧਰਿ ॥
ਸਾਈ ਜਾਇ ਸਮ੍ਹਾਲਿ
ਜਿਥੈ ਹੀ ਤਉ ਵੰਞਣਾ ॥੫੮॥

ਹੇ ਫਰੀਦ ! ਮਕਾਨਾਂ ਤੇ ਮਾਲਾਂ ਨਾਲ ਦਿਲ ਨਾ ਲਾ, ਮੌਤ ਜੋ ਬਲਵਾਨ ਹੈ, ਉਸ ਨੂੰ ਯਾਦ ਰਖ,

ਉਸ ਥਾਂ ਨੂੰ ਸੰਭਾਲ, ਦਰਗਾਹ ਨੂੰ ਚੇਤੇ ਵਿਚ ਵਸਾ, ਜਿਥੇ ਤੂੰ ਅੰਤ ਜਾਣਾ ਹੈ ।

ਫਰੀਦਾ ਜਿਨੀ ਕੰਮੀ ਨਾਹਿ ਗੁਣ
ਤੇ ਕੰਮੜੇ ਵਿਸਾਰਿ ॥

ਹੇ ਫਰੀਦ ! ਜਿਨ੍ਹਾਂ ਕੰਮਾਂ ਵਿਚ ਫੈਦਾ ਨਹੀਂ ਉਹ ਨਿਕੰਮੇ ਕੰਮ ਭੁਲਾ ਦੇਹ,

ਮਤੁ ਸਰਮਿੰਦਾ ਥੀਵਹੀ
ਸਾਈ ਦੈ ਦਰਬਾਰਿ ॥ ੫੯ ॥
ਫਰੀਦਾ ਸਾਹਿਬ ਦੀ ਕਰ ਚਾਕਰੀ
ਦਿਲ ਦੀ ਲਾਹਿ ਭਰਾਂਦਿ ॥
ਦਰਵੇਸਾਂ ਨੋ ਲੋੜੀਐ
ਰੁਖਾਂ ਦੀ ਜੀਰਾਦਿ ॥ ੬੦ ॥
ਫਰੀਦਾ ਕਾਲੇ ਮੈਡੇ ਕਪੜੇ
ਕਾਲਾ ਮੈਡਾ ਵੇਸੁ ॥
ਗੁਨਹੀ ਭਰਿਆ ਮੈ ਫਿਰਾ,
ਲੋਕੁ ਕਹੈ ਦਰਵੇਸੁ ॥ ੬੧ ॥
ਤਤੀ ਤੋਇ ਨ ਪਲਵੈ
ਜੇ ਜਲਿ ਟੁਬੀ ਦੇਇ ॥
ਫਰੀਦਾ ਜੋ ਡੋਹਾਗਣਿ ਰਬ ਦੀ
ਝੂਰੇਦੀ ਝੂਰੇਇ ॥ ੬੨ ॥
ਜਾਂ ਕੁਆਰੀ ਤਾ ਚਾਉ
ਵੀਵਾਹੀ ਤਾਂ ਮਾਮਲੇ ॥
ਫਰੀਦਾ ਏਹੋ ਪਛੋਤਾਉ
ਵਤਿ ਕੁਆਰੀ ਨ ਥੀਐ ॥ ੬੩ ॥

ਕਲਰ ਕੇਰੀ ਛਪੜੀ
ਆਇ ਉਲਥੇ ਹੰਝ ॥
ਚਿੰਜੂ ਬੋੜਨਿ ਨਾ ਪੀਵਹਿ
ਉਡਣ ਸੰਦੀ ਡੰਝ ॥ ੬੪ ॥

ਹੰਸੁ ਉਡਰਿ ਕੋਧ੍ਰੈ ਪਾਇਆ,
ਲੋਕ ਵਿਡਾਰਣਿ ਜਾਇ ॥
ਗਹਿਲਾ ਲੋਕੁ ਨ ਜਾਣਦਾ,
ਹੰਸੁ ਨ ਕੋਧ੍ਰਾ ਖਾਇ ॥ ੬੫ ॥
ਚਲਿ ਚਲਿ ਗਈਆਂ ਪੰਖੀਆਂ
ਜਿਨੀ ਵਸਾਏ ਤਲ ॥
ਫਰੀਦਾ ਸਰ ਭਰਿਆ ਭੀ ਚਲਸੀ
ਥਕੇ ਕਵਲ ਇਕਲ ॥ ੬੬ ॥
ਫਰੀਦਾ ਇਟ ਸਿਰਾਣੇ ਭੁਇ ਸਵਣੁ
ਕੀੜਾ ਲੜਿਓ ਮਾਸਿ ॥

ਮਤੇ ਤੂੰ ਇਨ੍ਹਾਂ ਕੰਮਾਂ ਦਾ ਲੇਖਾ ਦੇਂਦਾ ਸਾਈਂ ਦੇ ਦਰਬਾਰ ਵਿਚ ਸ਼ਰਮਿੰਦਾ ਹੋਵੇਂ।

ਹੇ ਫਰੀਦ! ਪੂਰੇ ਸਬਰ ਨਾਲ ਮਾਲਕ ਦੀ ਸੇਵਾ ਨੌਕਰੀ ਕਰ ਤੇ ਦਿਲ ਚੋਂ ਸਭ ਡੋਲਣ-ਡੁਲਾਣ ਵਾਲੇ ਭਰਮ ਕਢ ਦੇਹ,

ਦਰਵੇਸ਼ਾਂ ਨੂੰ ਤਾਂ ਰੁਖਾਂ ਜੇਡਾ ਜੇਰਾ ਰਖਣਾ ਚਾਹੀਦਾ ਹੈ, ਕਾਹਲੇ ਨਹੀਂ ਪੈਣਾ ਚਾਹੀਦਾ।

ਹੇ ਫਰੀਦ ! ਮੇਰੇ ਸੂਫੀ ਫਕੀਰਾਂ ਵਾਲੇ ਕਾਲੇ ਕਪੜੇ ਹਨ, ਤੇ ਕਾਲਾ ਵੇਸ ਹੈ। ਲੋਕੀ ਮੈਨੂੰ ਵਡਾ ਦਰਵੇਸ਼ ਕਹਿੰਦੇ ਹਨ, ਪਰ ਮੈਂ ਤਾਂ ਗੁਨਾਹਾਂ ਦਾ ਭਰਿਆ ਹੋਇਆ ਹਾਂ ਤੇ ਕਾਲੇ ਕਪੜੇ ਵੇਖ ਕੇ ਆਪਣੇ ਗੁਨਾਹਾਂ ਵਲ ਨਿਗਾਹ ਮਾਰਦਾ ਹਾਂ।

ਉਹ ਅਭਾਗੀ ਖੇਤੀ, ਜੋ ਪਾਣੀ ਨਾਲ ਸੜ ਗਈ ਹੈ, ਨੂੰ ਭਾਵੇਂ ਜਲ ਵਿਚ ਟੁਬੀ ਦੇ ਦਿਓ, ਤਾਂ ਵੀ ਨਹੀਂ ਪਲ੍ਹਰਦੀ।

ਹੇ ਫਰੀਦ! ਜੋ ਰਬ ਨੂੰ ਵਿਸਾਰਣ ਵਾਲੀ, ਬੇਮੁਖ ਇਸਤਰੀ ਹੈ, ਉਹ ਝੂਰ ਝੂਰ ਕੇ ਪਛਤਾ ਪਛਤਾ ਕੇ ਜਾਂਦੀ ਹੈ।

ਜਦ ਕੁੜੀ ਕੁਆਰੀ ਹੁੰਦੀ ਹੈ ਤਾਂ ਉਸ ਨੂੰ ਵਿਆਹ ਦਾ ਬੜਾ ਚਾਅ ਹੁੰਦਾ ਹੈ, ਪਰ ਜਦ ਵਿਆਹੀ ਜਾਂਦੀ ਹੈ ਤਾਂ ਸਿਰ ਤੇ ਜ਼ਿੰਮੇਵਾਰੀਆਂ ਆ ਪੈਂਦੀਆਂ ਹਨ। ਫਿਰ ਇਹੋ ਪਛਤਾਵਾ ਲਗ ਜਾਂਦਾ ਹੈ ਕਿ ਹਾਏ ਹੁਣ ਫਿਰ ਕੁਆਰੀ (ਬੇਫਿਕਰ ਤੇ ਖੁਸ਼) ਕਿਵੇਂ ਹੋਵਾਂ। ਇਸੇ ਤਰ੍ਹਾਂ ਪਰ-ਮਾਰਥ ਦੇ ਰਸਤੇ ਲੋਕ ਬੜੇ ਚਾਅ ਨਾਲ ਪੈਂਦੇ ਸਨ ਪਰ ਜਦ ਲਗਨ ਲਗਦੀ ਤੇ ਵੈਰਾਗ ਸਤਾਂਦਾ ਹੈ ਤਾਂ ਡੋਲਦੇ ਹਨ ਕਿ ਹਾਏ ਇਸ ਪਾਸੇ ਕਿਉਂ ਆਏ।

ਹੇ ਫਰੀਦ! ਕਲਰ ਦੇ ਪਾਣੀ ਵਾਲੀ ਗੰਦੀ ਛਪੜੀ ਤੇ ਹੰਸ ਆ ਉਤਰੇ ਹਨ। ਉਹ ਚੁੰਝ ਤਾਂ ਡੋਬਦੇ ਹਨ ਪਰ ਪਾਣੀ ਨਹੀਂ ਪੀਂਦੇ। ਉਨ੍ਹਾਂ ਨੂੰ ਉਥੋਂ ਉਡ ਜਾਣ ਦੀ ਤਾਂਘ ਹੀ ਲਗੀ ਰਹਿੰਦੀ ਹੈ। ਏਵੇਂ ਹੀ ਰਬ ਵਾਲੇ ਦੁਨੀਆਂ ਵਿਚ ਦਿਨ ਕਟੀ ਕਰਦੇ ਹਨ, ਉਨ੍ਹਾਂ ਨੂੰ ਅਗਲੇ ਜੀਵਨ ਦੀ ਤਾਂਘ ਹੀ ਲਗੀ ਰਹਿੰਦੀ ਹੈ।

ਹੰਸ ਉਡ ਕੇ ਕੋਧਰੇ ਦੇ ਖੇਤ ਤੇ ਜਾ ਬੈਠਾ, ਤਾਂ ਲੋਕ ਉਡਾਣ ਨੂੰ ਭਜੇ, ਪਰ ਅਜਾਣ ਲੋਕ ਨਹੀਂ ਜਾਣਦੇ ਕਿ ਹੰਸ ਕੋਧਰਾ ਨਹੀਂ ਖਾਂਦਾ, ਭਾਵ ਗੁਰਮੁਖ ਮਾਇਆ ਤੇ ਗ੍ਰਹਸਤ ਵਿਚ ਰਹਿੰਦੇ ਹੋਏ ਵੀ ਅਲੇਪ ਰਹਿੰਦੇ ਹਨ।

ਉਹ ਪੰਖੀਆਂ (ਉਡ ਜਾਣ ਵਾਲੀਆਂ ਜਿੰਦੜੀਆਂ) ਤੁਰ ਗਈਆਂ ਹਨ ਜਿਨ੍ਹਾਂ ਤਲਾ ਵਸਾਏ ਸਨ। ਹਾਂ ਭਰਿਆ ਤਲਾ ਭੀ ਚਲ ਜਾਸੀ, ਇਕਲੇ ਕੰਵਲ ਰਹਿ ਜਾਸਨ, ਭਾਵ ਸਭ ਸੰਸਾਰ ਤੋਂ ਚਲ ਜਾਣਗੇ, ਇਕ ਰਾਮ ਨਾਮ ਨੂੰ ਕਹਿਣ ਵਾਲੇ ਰਹਿ ਜਾਸਨ।

ਹੇ ਫ਼ਰੀਦ! ਅਸਲ ਜੀਵਨ ਤਾਂ ਕਬਰ ਦਾ ਜੀਵਨ ਹੈ, ਜਿਸ ਵਿਚ ਸਰਹਾਣੇ ਇੱਟ ਹੈ, ਭੁਇੰ ਦਾ ਸੌਣਾ ਹੈ ਤੇ ਮਾਸ ਨੂੰ ਕੀੜਾ ਖਾਂਦਾ ਹੈ।

ਕੇਤੜਿਆ ਜੁਗ ਵਾਪਰੇ
ਇਕਤੁ ਪਇਆ ਪਾਜਿ ॥ ੬੭ ॥

ਇਕੋ ਪਾਸੇ ਪਿਆਂ ਨੂੰ ਕਈ ਜੁਗ ਲੰਘ ਜਾਣਗੇ। ਮੁਸਲਮਾਨ ਮੰਨਦੇ ਹਨ ਕਿ ਕਿਆਮਤ ਤਕ ਮਨੁਖ ਕਬਰ ਵਿਚ ਪਿਆ ਰਹੇਗਾ, ਮਰ ਕੇ ਮੁੜ ਜੰਮੇਗਾ ਮਰੇਗਾ ਨਹੀਂ।

ਫਰੀਦਾ ਭੰਨੀ ਘੜੀ ਸਵੰਨਵੀ
ਟੂਟੀ ਨਾਗਰ ਲਜੁ ॥
ਅਜਰਾਈਲ ਫਰੇਸਤਾ
ਕੈ ਘਰਿ ਨਾਠੀ ਅਜੁ ॥੬੮ ॥

ਹੇ ਫਰੀਦ! ਦੇਹੀ ਇਕ ਸੋਹਣੀ ਘੜੀ ਵਾਂਗ ਹੈ ਜੋ ਜੀਵਨ ਦੇ ਖੂਹ ਵਿਚ ਸੁਆਸਾਂ ਦੀ ਲੱਜ ਨਾਲ ਲੱਟਕਦੀ ਪਈ ਹੈ। ਰੋਜ ਕੋਈ ਸੋਹਣੀ ਘੜੀ ਭਜਦੀ ਹੈ ਤੇ ਬਾਂਕੀ ਲੱਜ ਟੁਟਦੀ ਹੈ। ਵੇਖੋ ਫਰੀਦ, ਅਜ ਮੌਤ ਦਾ ਫਰਿਸ਼ਤਾ (ਅਜਰਾਈਲ) ਕਿਸ ਦੇ ਘਰ ਪ੍ਰਾਹੁਣਾ ਆ ਬੈਠਦਾ ਹੈ!

ਫਰੀਦਾ ਭੰਨੀ ਘੜੀ ਸਵੰਨਵੀ
ਟੂਟੀ ਨਾਗਰ ਲਜੁ ॥
ਸੋ ਸਜਣ ਭੁਇ ਭਾਰ ਥੇ
ਸੇ ਕਿਉ ਆਵਹਿ ਅਜੁ ॥ ੬੯ ॥

ਹੇ ਫਰੀਦ! ਵੇਖ ਅਜ ਇਕ ਹੋਰ ਦੇਹ ਰੂਪੀ ਸੁੰਦਰ ਘੜੀ ਭੱਜ ਗਈ ਹੈ ਤੇ ਸੁਆਸਾਂ ਦੀ ਲੱਜ ਟੁਟ ਗਈ ਹੈ। ਜਿਹੜੇ ਸਜਣ ਧਰਤੀ ਤੇ ਨਿਰੇ ਭਾਰ ਸਨ ਉਹ ਤੁਰ ਗਏ, ਉਹ ਫਿਰ ਕਿਉਂ ਆਵਣਗੇ?

ਫਰੀਦਾ ਬੇਨਿਵਾਜਾ ਕੁਤਿਆ
ਏਹ ਨ ਭਲੀ ਰੀਤਿ ॥
ਕਬਹੀ ਚਲ ਨ ਆਇਆ
ਪੰਜੇ ਵਖਤ ਮਸੀਤਿ ॥੭੦॥

ਓ ਫਰੀਦਾ, ਨਿਮਾਜ਼ ਤੋਂ ਜੀ ਚੁਰਾਣ ਵਾਲਿਆਂ ਕੁਤਿਆ! ਤੂੰ ਇਹ ਚੰਗੀ ਰੀਤ ਨਹੀਂ ਫੜੀ ਕਿ ਕਦੀ ਤੂੰ ਨਿਮਾਜ਼ ਪੜ੍ਹਨ ਲਈ ਪੰਜੇ ਵਕਤ ਚਲ ਕੇ ਮਸੀਤੇ ਨਹੀਂ ਆਇਆ।

ਉਠੁ ਫਰੀਦਾ ਉਜੂ ਸਾਜਿ
ਸੁਬਹ ਨਿਵਾਜ ਗੁਜਾਰਿ ॥
ਜੋ ਸਿਰੁ ਸਾਂਈ ਨ ਨਿਵੈ
ਸੋ ਸਿਰੁ ਕਪਿ ਉਤਾਰਿ ॥੭੧॥

ਪ੍ਰਭਾਤੇ ਉਠਣ ਲਈ ਆਪਣੇ ਆਪ ਨੂੰ ਕਹਿੰਦੇ ਹਨ, ਹੇ ਫਰੀਦ! ਉਠ, ਉਠ ਕੇ ਮੂੰਹ ਹਥ ਧੋਹ (ਉਜ਼ੂ ਸਾਜ਼) ਤੇ ਸਵੇਰ ਦੀ ਨਿਮਾਜ਼ ਅਦਾ ਕਰ, ਜਿਹੜਾ ਸਿਰ ਸਾਈਂ ਅਗੇ ਨਹੀਂ ਨਿਉਂਦਾ, ਉਹ ਸਿਰ ਕੱਟ ਕੇ ਉਤਾਰ ਦੇਣਾ ਚਾਹੀਦਾ ਹੈ।

ਜੋ ਸਿਰੁ ਸਾਈ ਨਾ ਨਿਵੈ
ਸੋ ਸਿਰੁ ਕੀਜੈ ਕਾਇ ॥
ਕੁੰਨੇ ਹੇਠਿ ਜਲਾਈਐ
ਬਾਲਣ ਸੰਦੈ ਥਾਇ ॥ ੭੨ ॥

ਹਾਂ, ਭਾਈ, ਜਿਹੜਾ ਸਿਰ ਸਾਈਂ ਅਗੇ ਨਾ ਨਿਵੇਂ, ਉਸ ਸਿਰ ਨੂੰ ਕੀ ਕਰਨਾ ਹੋਇਆ, ਉਸਨੂੰ ਤਾਂ ਕੁੰਨੇ ਹੇਠ ਬਾਲਣ ਦੀ ਥਾਂ ਜਲਾਣਾ ਚਾਹੀਦਾ ਹੈ।

ਫਰੀਦਾ ਕਿਥੈ ਤੈਡੇ ਮਾਪਿਆ
ਜਿਨ੍ਹੀ ਤੂ ਜਣਿਓਹਿ ॥
ਤੈ ਪਾਸਹੁ ਓਇ ਲਦਿ ਗਏ
ਤੂੰ ਅਜੈ ਨ ਪਤੀਣੋਹਿ ॥ ੭੩॥

ਹੇ ਫਰੀਦ! ਸਾਰਿਆਂ ਹੀ ਇਥੋਂ ਤੁਰ ਜਾਣਾ ਏਂ, ਵੇਖ ਤੇਰੇ ਮਾਪੇ ਕਿਥੇ ਹਨ ਜਿਨ੍ਹਾਂ ਤੈਨੂੰ ਜਣਿਆ ਸੀ, ਤੇਰੇ ਪਾਸੋਂ ਉਹ ਲੱਦ ਗਏ ਹਨ, ਕੀ ਤੈਨੂੰ ਅਜੇ ਵੀ ਯਕੀਨ ਨਹੀਂ ਬਝਾ ਕਿ ਤੂੰ ਵੀ ਚਲੇ ਜਾਣਾ ਹੈ।

ਫਰੀਦਾ ਮਨੁ ਮੈਦਾਨੁ ਕਰਿ
ਟੋਏ ਟਿਬੇ ਲਾਹਿ ॥
ਅਗੈ ਮੂਲਿ ਨ ਆਵਸੀ
ਦੋਜਕ ਸੰਦੀ ਭਾਹਿ ॥ ੭੪ ॥

ਹੇ ਫਰੀਦ! ਵਿਥਾਂ, ਵਿਤਕਰੇ ਦੂਰ ਕਰਕੇ ਮਨ ਦੇ ਟੋਏ ਟਿਬੇ ਢਾਹ ਸੁਟ ਤੇ ਮੈਦਾਨ ਵਾਂਗ ਇਸ ਨੂੰ ਸਾਫ਼ ਕਰ ਦੇਹ, ਫਿਰ ਅਗੇ ਦੋਜ਼ਖ (ਨਰਕ) ਵਾਲੀ ਅੱਗ ਵਿਚ ਤੈਨੂੰ ਸੜਨਾ ਨਹੀਂ ਪਏਗਾ।

ਮਹਲਾ ੫
ਫ਼ਰੀਦਾ ਖਾਲਕੁ ਖਲਕ ਮਹਿ
ਖਲਕ ਵਸੈ ਰਬ ਮਾਹਿ ॥
ਮੰਦਾ ਕਿਸ ਨੋ ਆਖੀਐ
ਜਾਂ ਤਿਸੁ ਬਿਨੁ ਕੋਈ ਨਾਹਿ ॥੭੫॥

—ਪੰਜਵੇਂ ਸਤਿਗੁਰਾਂ ਦਾ ਤਾਈਦੀ ਸਲੋਕ—

ਹੇ ਫਰੀਦ ਜੀ! ਠੀਕ ਕਿਹਾ ਜੇ, ਖਾਲਕ (ਕਰਤਾਰ) ਖਲਕਤ (ਆਪਣੀ ਰਚਨਾ) ਵਿਚ ਮੌਜੂਦ ਹੈ ਤੇ ਖਲਕ ਖ਼ਾਲਕ ਦੇ ਵਿਚ ਵਸਦੀ ਹੈ, ਫਿਰ ਮੰਦਾ ਕਿਸ ਨੂੰ ਕਹੀਏ ਜਦ ਉਸ ਬਿਨਾਂ ਹੋਰ ਹੈ ਹੀ ਕੋਈ ਨਹੀਂ।

ਫਰੀਦਾ ਜਿ ਦਿਹਿ ਨਾਲਾ ਕਪਿਆ
ਜੇ ਗਲੁ ਕਪਹਿ ਚੁਖ ॥
ਪਵਨਿ ਨ ਇਤੀ ਮਾਮਲੇ
ਸਹਾਂ ਨ ਇਤੀ ਦੁਖ ॥ ੭੬ ॥

ਫਰੀਦ ਜੀ ਆਪਣੇ ਆਪ ਨੂੰ ਕਹਿੰਦੇ ਹਨ, ਕਿ ਜਿਸ ਦਿਨ ਤੇਰਾ ਜੰਮਣ ਤੇ ਨਾੜੂ ਕਟਿਆ ਸਾਨੇ ਜੇ ਤਾ ਗਲਾ ਵੀ ਕੱਟ ਦੇਂਦੇ, ਤਾਂ ਨਾਂ ਅਜ .ਤੈਨੂੰ ਇਤਨੀਆਂ ਔਖੀਆਂ ਜ਼ਿਮੇਵਾਰੀਆਂ ਆਂਦੀਆਂ ਤੇ ਨਾਂ ਤੂੰ ਇਤਨੇ ਦੁਖ ਸਹਿੰਦਾ।

ਚਬਣ ਚਲਣ ਰਤੰਨ ਸੇ
ਸੁਣੀਅਰ ਬਹਿ ਗਏ ॥
ਹੇੜੇ ਮੁਤੀ ਧਾਹ
ਸੇ ਜਾਨੀ ਚਲਿ ਗਏ ॥ ੭੭ ॥

ਹੇ ਫਰੀਦ! ਵੇਖ ਤੇਰੇ ਚਬਣ ਵਾਲੇ ਦੰਦ, ਚਲਣ ਵਾਲੀਆਂ ਲਤਾਂ ਵੇਖਣ ਵਾਲੇ ਰਤਨ, (ਅਖਾਂ) ਤੇ ਸੁਨਣ ਵਾਲੇ ਕੰਨ ਕੰਮ ਛਡ ਕੇ ਬਹਿ ਗਏ ਹਨ, ਸਰੀਰ ਨੇ ਢਾਹ ਮਾਰੀ ਹੈ ਕਿ ਹਾਏ ਮੇਰੇ ਸਾਥੀ ਅੰਗ ਕੰਮ ਕਰਨੋਂ ਰਹਿ ਗਏ ਹਨ।

ਫਰੀਦਾ ਬੁਰੇ ਦਾ ਭਲਾ ਕਰਿ
ਗੁਸਾ ਮਨਿ ਨ ਹਢਾਇ ॥
ਦੇਹੀ ਰੋਗੁ ਨ ਲਗਈ
ਪਲੈ ਸਭੁ ਕਿਛੁ ਪਾਇ ॥੭੮॥

ਹੇ ਫਰੀਦ! ਬੁਰੇ ਦਾ ਭਲਾ ਕਰ, ਰੋਹ ਨੂੰ ਮਨ ਵਿਚ ਨਾ ਲਿਆ, ਗੁਸੇ ਨਾਲ ਮਨ ਨੂੰ ਕਲਪਾ ਨਹੀਂ। ਜੇ ਸਭ ਕੁਝ ਪਲੇ ਪਾ ਲਵੇਂ (ਜਰ ਲਵੇਂ) ਤਾਂ ਦੇਹੀ ਨੂੰ ਕੋਈ ਰੋਗ ਨਾ ਲਗੇਗਾ।

ਫਰੀਦਾ ਪੰਖ ਪਰਾਹੁਣੀ,
ਦੁਨੀ ਸੁਹਾਵਾ ਬਾਗੁ ॥
ਨਉਬਤਿ ਵਜੀ ਸੁਬਹ ਸਿਉ
ਚਲਣ ਦਾ ਕਰਿ ਸਾਜੁ ॥੭੯॥

'ਹੇ ਫਰੀਦ! ਇਹ ਪੰਖਾਂ ਵਾਲੀ ਜਿੰਦੜੀ ਪਰਾਹੁਣੀ ਹੈ ਇਸ ਸੁਹਾਵਣੇ ਦੁਨੀਆਂ ਦੇ ਬਾਗ ਵਿਚ, ਉਮਰ ਰੂਪੀ ਰਾਤ ਬੀਤ ਗਈ ਹੈ, ਤੇ ਮੌਤ ਦਾ ਨਗਾਰਾ ਸਵੇਰ ਸਵੇਰ ਹੀ ਵਜ ਪਿਆ ਹੈ, ਉਠ! ਚਲਣ ਦਾ ਸਾਮਾਨ ਕਰ (ਤਿਆਰੀ ਕਰ)।

ਫਰੀਦਾ ਰਾਤਿ ਕਥੂਰੀ ਵੰਡੀਐ
ਸੁਤਿਆ ਮਿਲੈ ਨ ਭਾਉ ॥
ਜਿੰਨ੍ਾ ਨੈਣ ਨੀਂਦ੍ਰਾਵਲੇ
ਤਿੰਨ੍ਾ ਮਿਲਣੁ ਕੁਆਉ ॥੮੦॥

ਹੇ ਫਰੀਦ! ਰਾਤ ਸਿਮਰਣ ਵਿਚ ਜਾਗਣਾ ਕਸਤੂਰੀ ਵਰਗੀ ਕੀਮਤੀ ਚੀਜ਼ ਹੈ ਜੋ ਰਾਤ ਨੂੰ ਹੀ ਵੰਡੀਦੀ ਹੈ, ਸੁਤਿਆਂ ਨੂੰ ਉਸ ਵਿਚੋਂ ਹਿੱਸਾ ਨਹੀਂ ਮਿਲਦਾ। ਜਿਨ੍ਹਾਂ ਦੀਆਂ ਅਖਾਂ ਵਿਚ ਨੀਂਦਰ ਆ ਗਈ ਉਨ੍ਹਾਂ ਨੂੰ ਕਿਵੇਂ ਮਿਲੇਗੀ ਇਹ ਕਸਤੂਰੀ।

ਫਰੀਦੈ ਮੈ ਜਾਨਿਆ ਦੁਖੁ ਮੁਝ ਕੂ
ਦੁਖ ਸਬਾਇਐ ਜਗਿ ॥
ਊਚੇ ਚੜਿ ਕੈ ਦੇਖਿਆ
ਤਾਂ ਘਰਿ ਘਰਿ ਏਹਾ ਅਗਿ ॥੮੧॥

ਹੇ ਫਰੀਦ! ਮੈਂ ਸਮਝਿਆ ਸੀ ਕਿ ਦੁਖ ਮੈਨੂੰ ਹੀ ਹੈ, ਪਰ ਨਹੀਂ, ਇਹ ਤਾਂ ਸਾਰੇ ਜਗ ਨੂੰ ਹੈ। ਮੈਂ ਉਚੀ ਥਾਂ ਚੜ੍ਹ ਕੇ ਵੇਖਿਆ ਹੈ, ਦੁਖ ਦੀ ਅੱਗ ਤਾਂ ਘਰ ਘਰ ਲਗੀ ਹੈ।

ਮਹਲਾ ੫

—ਪੰਜਵੇਂ ਸਤਿਗੁਰਾਂ ਦਾ ਉਪਰਾਮਤਾ ਘਟਾਣ ਵਾਲਾ ਉਪਦੇਸ਼—

ਫਰੀਦਾ ਭੂਮਿ ਰੰਗਾਵਲੀ
ਮੰਝਿ ਵਿਸੂਲਾ ਬਾਗ ॥
ਜੋ ਜਨ ਪੀਰਿ ਨਿਵਾਜਿਆ
ਤਿੰਨ੍ਾ ਅੰਚ ਨ ਲਾਗ ॥੮੨॥

ਹੇ ਫਰੀਦ ਇਹ ਧਰਤੀ ਪਿਆਰ ਭਰੀ, ਰੰਗ ਭੂਮੀ ਹੈ, ਇਸ ਵਿਚਕਾਰ ਜੋ ਵਿਸ਼ੇ ਵਿਕਾਰਾਂ ਵਾਲਾ ਬਾਗ ਹੈ, ਉਹੀ ਜ਼ਹਿਰੀਲਾ ਖਿਤਾ ਹੈ। ਪਰ ਜਿਸ ਬੰਦੇ ਨੂੰ ਪੀਰ ਨੇ ਨਿਵਾਜਿਆ (ਗੁਰੂ ਨੇ ਕ੍ਰਿਪਾ ਕੀਤੀ) ਹੈ, ਉਸ ਨੂੰ ਕੋਈ ਆਂਚ ਨਹੀਂ ਲਗਦੀ।

ਮਹਲਾ ੫

—ਪੰਜਵੇਂ ਸਤਿਗੁਰਾਂ ਦਾ ਆਸ਼ਾਵਾਦੀ ਉਪਦੇਸ਼—

ਫਰੀਦਾ ਉਮਰ ਸੁਹਾਵੜੀ
ਸੰਗਿ ਸੁਵੰਨੜੀ ਦੇਹ ॥
ਵਿਰਲੇ ਕੇਈ ਪਾਈਅਨਿ
ਜਿਨ੍ਾ ਪਿਆਰੇ ਨੇਹ ॥੮੩॥

ਹੇ ਫਰੀਦ ਜੀ ਉਮਰ ਦਾ ਸੁਹਾਵਣਾ ਸਮਾਂ ਹੈ, ਸੋਹਣੀ ਦੇਹ ਦੇ ਸੰਗ ਨਾਲ। ਪਰ ਵਿਰਲੇ ਹੀ ਕੋਈ ਇਸ ਸੁਹਾਵਣੇ ਸਮੇਂ ਤੋਂ ਫਾਇਦਾ ਉਠਾਂਦੇ ਹਨ ਜਿਨ੍ਹਾਂ ਦਾ ਪਿਆਰੇ ਨਾਲ ਨੇਹ ਹੁੰਦਾ ਹੈ।

(ਚਲਦਾ)

ਕੀ ਪੰਜਾਬੀ ਭਾਸ਼ਾ ਨਾਕਸ ਹੈ ?

ਮਹਾਸ਼ਾ ਨਰੇਂਦਰ, ਐਡੀਟਰ 'ਪ੍ਰਤਾਪ' ਨੂੰ ਜਵਾਬ

(ਵਲੋਂ : ਸ: ਚੰਦਾ ਸਿੰਘ ਜੀ, ਰਾਏ ਬਰੇਲੀ)

ਮਹਾਸ਼ਾ ਨਰੇਂਦਰ ਆਪਣੀ ਉਰਦੂ ਅਖਬਾਰ 'ਪ੍ਰਤਾਪ' ਨਿਊ ਦਿਲੀ ਵਿਚ ਪੰਜਾਬੀ ਭਾਸ਼ਾ ਦੀ ਮੁਖਾਲਫਤ ਕਰਦਾ ਹੋਇਆ ਲਿਖਦਾ ਹੈ ਕਿ "ਪੰਜਾਬੀ ਏਕ ਨਾਕਸ ਭਾਸ਼ਾ ਹੈ। ਜੋ ਲੋਗ ਹਿੰਦੀ ਔਰ ਸੰਸਕ੍ਰਿਤ ਕੇ ਸ਼ਬਦੋਂ ਕਾ ਦਰੁਸਤ ਉਚਾਰਨ ਨਾ ਕਰ ਸਕੇ, ਉਨ੍ਹੋਂ ਨੇ ਪੰਜਾਬੀ ਭਾਸ਼ਾ ਬਨਾ ਕਰ ਰਖ ਦੀ। ਸੰਸਕ੍ਰਿਤ ਕੇ ਸ਼ਬਦ ਕੀ ਟਾਂਗ ਤੋੜ ਕਰ ਰਖ, ਦੀ ਔਰ ਯੋਹ ਪੰਜਾਬੀ ਕਾ ਸ਼ਬਦ ਬਨ ਗਿਆ, ਗ਼ਲਤ ਭਾਸ਼ਾ (ਪੰਜਾਬੀ) ਪੜ੍ਹਨੇ ਪਰ ਮਜਬੂਰ ਕੀਆ ਜਾ ਰਹਾ ਹੈ। ਹਿੰਦੀ ਦੁਨੀਆਂ ਭਰ ਕੀ ਤਮਾਮ ਭਾਸ਼ਾਓਂ ਸੇ ਉੱਤਮ ਹੈ। ਅਕਾਲੀ ਭਾਈ ਏਕ ਨਾਕਸ ਜ਼ੁਬਾਨ ਕੋ ਹਿੰਦੀ ਪਰ ਤਰਜੀਹ ਦੇ ਰਹੇ ਹੈਂ। ਇਕ ਗ਼ਲਤ ਔਰ ਨਾਕਸ ਭਾਸ਼ਾ ਕੋ ਕਿਉਂ ਪੜ੍ਹੇਂ ? ਕਿਉਂ ਨਾ ਇਸ ਕੀ ਜਗਹ ਕੋਈ ਵਿਦੇਸ਼ੀ ਯਾ ਦੂਸਰੇ ਕਿਸੀ ਸੂਬਾ ਕੀ ਭਾਸ਼ਾ ਪੜ੍ਹੇਂ" ਆਦਿ। ਇਹ ਸਤਰਾ ੨੧. ੧. ੬੬ ਤੇ ੩. ੨. ੬੬ ਦੇ ਰੋਜ਼ਾਨਾ ਪ੍ਰਤਾਪ ਵਿਚ "ਪੰਜਾਬੀ ਕੀ ਹੈਸੀਅਤ ਤੇ 'ਸ੍ਰੀ ਹੁਕਮ ਸਿੰਘ ਔਰ ਰੋਜ਼ਾਨਾ ਪ੍ਰਤਾਪ' ਦੇ ਐਡੀਟੋਰੀਅਲ ਲੇਖਾਂ ਵਿਚ ਛਪੀਆਂ ਹਨ।

ਮਹਾਸ਼ਾ ਨਰੇਂਦਰ ਨੰਗਾ ਹੋ ਕੇ ਪੰਜਾਬੀ ਭਾਸ਼ਾ ਨੂੰ ਗਾਹਲਾਂ ਸੁਣਾਂਦਾ ਹੈ ਤੇ ਸਬੂਤ ਵਜੋ 'ਮਨੁਖ' ਤੇ 'ਵਿਰਖ' ਦੇ ਸ਼ਬਦਾਂ ਦਾ ਬਹੁਤਾ ਹਵਾਲਾ ਦੇਂਦਾ ਹੈ। 'ਵਿਰਖ' ਦੇ ਥਾਂ ਇਸ ਨੂੰ 'ਰੁਖ' ਲਿਖਣਾ ਚਾਹੀਦਾ ਹੈ ਕਿਉਂਕਿ ਪੰਜਾਬੀ ਭਾਸ਼ਾ ਵਿਚ 'ਰੁਖ' ਦੀ ਵਰਤੋਂ ਬਹੁਤੀ ਹੁੰਦੀ ਹੈ, 'ਵਿਰਖ' ਦੀ ਨਹੀਂ। ਜੇ ਮਹਾਸ਼ਾ ਜੀ ਨੂੰ ਇਸ ਗਲ ਦਾ ਪਤਾ ਨਹੀਂ ਤਾਂ ਉਹ ਜਾਣੇ, ਅਸੀਂ ਦਲੀਲ ਵਾਸਤੇ 'ਵਿਰਖ' ਨੂੰ ਹੀ ਵਿਚਾਰ ਗੋਚਰੇ ਕਰਾਂਗੇ।

ਮਹਾਸ਼ਾ ਹੋਰਾਂ ਦੀ ਦਲੀਲ ਹੈ, ਕਿ ਇਹ ਦੋਵੇਂ ਸ਼ਬਦ ਸੰਸਕ੍ਰਿਤ ਦੇ 'ਮਨੁਸ਼' ਤੇ 'ਵਰਿਕਸ਼' ਤੋਂ ਵਿਗੜ ਕੇ ਬਣੇ ਹਨ। ਇਸ ਤਰ੍ਹਾਂ ਦੇ ਸੈਂਕੜੇ ਹੋਰ ਸ਼ਬਦਾਂ ਦੀਆਂ ਮਿਸਾਲਾਂ ਦਿਤੀਆਂ ਜਾ ਸਕਦੀਆਂ ਹਨ। ਇਹ ਅਸੀਂ ਮੰਨਦੇ ਹਾਂ ਕਿ ਪੰਜਾਬੀ ਤੇ ਸੰਸਕ੍ਰਿਤ ਵਿਚ ਸ਼ਬਦਾਂ ਦਾ ਉਚਾਰਣਤੇਲਿਖਤਭਿੰਨ ਹਨਪਰਪੰਜਾਬੀ ਸ਼ਬਦ ਜਾਂ ਭਾਸ਼ਾ ਸੰਸਕ੍ਰਿਤ ਵਿਚੋਂ ਨਹੀਂ ਨਿਕਲੇ ਸਗੋਂ ਦੋਵਾਂ ਦਾ ਸੋਮਾ ਕੋਈ ਪੁਰਾਣੀ ਭਾਸ਼ਾ 'ਪ੍ਰਾਕ੍ਰਿਤ' ਆਦਿ ਸੀ ਜਿਸ ਤੋਂ ਬਦਲ ਕੇ ਦੋਹਾਂ ਨੇ ਆਪੋ ਆਪਣਾ ਰੂਪ ਲਿਆ। ਰੂਪ ਬਦਲਣ ਨੂੰ ਵਿਗੜਨਾ ਜਾਂ ਸੰਵਾਰਨਾ ਕਹਿਣਾ ਦੁਰੁਸਤ ਨਹੀਂ। ਸੰਸਕ੍ਰਿਤ ਵੱਲ ਪੇਚ ਵਾਲੇ ਪੰਡਤਾਂ ਦੇ ਵਹੇ ਚੜ੍ਹੀ ਜੋ ਉਸ ਨੂੰ ਜਨਤਾ ਤੋਂ ਦੂਰ ਲਿਜਾ ਕੇ ਆਪਣੀ ਇਜਾਰਾਦਾਰੀ ਬਨਾਣਾ ਚਾਹੁੰਦੇ ਸਨ, ਸੋ ਉਹ ਜਨਤਾ ਤੋਂ ਦੂਰ ਹੁੰਦੀ ਹੁੰਦੀ ਮਰ ਗਈ। ਪੰਜਾਬੀ ਜਨਤਾ ਦੀ ਜ਼ੁਬਾਨ ਬਣੀ ਰਹੀ ਤੇ ਅਜ ਤਕ ਹੈ। ਦੋਹਾਂ ਵਿਚ ਮੁਰਦਾ ਤੇ ਜਿਉਂਦੀ ਜ਼ੁਬਾਨ ਹੋਣ ਦਾ ਫ਼ਰਕ ਹੈ। ਸੋ ਸੋਚਣਾ ਚਾਹੀਦਾ ਹੈ ਮੁਰਦਾ ਹੋ ਜਾਣਾ ਸੌਰਣਾ ਹੈ ਜਾਂ ਵਿਗੜਨਾ। ਪਰ ਜੇ ਤੁਅੱਸਬ ਵਿਚ ਵਿਚ ਮਹਾਸ਼ਾ ਜੀ ਪੰਜਾਬੀ ਨੂੰ ਸੰਸਕ੍ਰਿਤ ਦਾ ਵਿਗੜਿਆ ਰੂਪ ਹੀ ਕਹਿਣਾ ਚਾਹੁਣ ਤਾਂ ਇਕ ਮਿੰਟ ਲਈ ਮੰਨ ਲਓ। ਫਿਰ ਹਿੰਦੁਸਤਾਨ ਦੀਆਂ ਬਾਕੀ ਬਹੁਤੀਆਂ ਜ਼ੁਬਾਨਾਂ ਵੀ ਸੰਸਕ੍ਰਿਤ ਦਾ ਵਧੇਰੇ ਵਿਗੜਿਆ ਹੋਇਆ ਰੂਪ ਮੰਨਣੀਆਂ ਪੈਣਗੀਆਂ। ਇਸ ਦੀਆਂ ਕੁਝ ਮਿਸਾਲਾਂ ਥਲੇ ਦਿਤੀਆਂ ਜਾਣਗੀਆਂ। ਪਰ ਮਹਾਸ਼ਾ ਜੀ, ਆਪ ਦੇ ਕਥਨ ਤੋਂ ਤਾਂ ਇਹ ਸਾਬਤ

ਹੋਇਆ ਕਿ ਜੇ ਕਿਸੇ ਭਾਸ਼ਾ ਦੇ ਕੁਝ ਸ਼ਬਦ ਰੂਪ ਵਟਾਕੇ ਕਿਸੇ ਦੂਜੀ ਭਾਸ਼ਾ ਵਿਚ ਚਲੇ ਜਾਂਣ ਤਾਂ ਲੈਣ ਵਾਲੀ ਭਾਸ਼ਾ 'ਗ਼ਲਤ ਤੇ ਨਾਕਸ' ਹੁੰਦੀ ਹੈ। ਫਿਰ ਤੁਹਾਡੀ ਦਲੀਲ ਅਨੁਸਾਰ ਜੇ ਪੰਜਾਬੀ ਗਲਤ ਤੇ ਨਾਕਸ ਹੋ ਗਈ ਕਿਉਂਕਿ ਉਹ ਵੀ ਸੰਸਕ੍ਰਿਤ ਵਿਚੋਂ ਰੂਪ ਵਟਾਕੇ ਨਿਕਲੀ ਹੈ ਤਾਂ ਫੇਰ ਹੋਰ ਸੂਬਿਆਂ ਦੀਆਂ ਭਾਸ਼ਾਵਾਂ (ਕੁਝ ਦਖਣੀ ਸੂਬਿਆਂ ਨੂੰ ਛਡ ਕੇ) ਸੰਸਕ੍ਰਿਤ ਵਿਚੋਂ ਇਵੇਂ ਨਿਕਲੀਆਂ ਕਹੀਆਂ ਜਾ ਸਕਦੀਆਂ ਹਨ, ਉਹ ਵੀ ਸਭ ਗਲਤ ਹੋਈਆਂ। ਕਿਉਂਕਿ ਦੁਨੀਆਂ ਦੀ ਹਰ ਭਾਸ਼ਾ ਆਪਣੇ ਤੋਂ ਪਹਿਲਾਂ ਦੀ ਕਿਸੇ ਹੋਰ ਭਾਸ਼ਾ ਦੇ ਮੇਲ ਤੋਂ ਜਾਂ ਵਿਚੋਂ ਨਿਕਲੀ ਹੈ, ਇਸ ਲਈ ਤੁਹਾਡੀ ਦਲੀਲ ਅਨੁਸਾਰ ਦੁਨੀਆਂ ਦੀ ਕੋਈ ਵੀ ਭਾਸ਼ਾ ਸ਼ੁਧ ਨਹੀਂ, ਸਭੇ ਗ਼ਲਤ ਤੇ ਨਾਕਸ ਹਨ। ਫਿਰ ਜੇ 'ਪੰਜਾਬੀ ਕਿਉਂ ਪੜ੍ਹੀਏ ?' ਦਾ ਨਾਹਰਾ ਲਾਉਂਦੇ ਹੋ, ਤਾਂ ਹੋਰ ਸਭ ਭਾਸ਼ਾਂ ਵੀ ਨਾ ਪੜ੍ਹਨ ਦਾ ਨਾਹਰਾ ਲਾਓ, ਇਕੋ ਸੰਸਕ੍ਰਿਤ ਹੀ ਪੜ੍ਹੋ। ਪਰ ਸੰਸਕ੍ਰਿਤ ਵੀ ਕਿਤੋਂ ਨਿਕਲੀ ਹੈ, ਇਸ ਲਈ ਤੁਹਾਡੀ ਦਲੀਲ ਅਨੁਸਾਰ ਇਹ ਵੀ ਗਲਤ ਤੇ ਨਾਕਸ ਹੋਈ, ਇਹ ਵੀ ਕਿਉਂ ਪੜ੍ਹੋ ? ਤਾਂਤੇ ਕੋਈ ਜ਼ੁਬਾਨ ਨਾ ਪੜ੍ਹੋ। ਵਾਹ, ਮਹਾਸ਼ਾ ਜੀ ਵਾਹ !

ਉਪਰਲੇ ਲਿਖੇ ਤੋਂ ਇਹੋ ਸਿੱਧ ਹੋਇਆ ਕਿ ਮਹਾਸ਼ਾ ਨਰੇਂਦਰ ਨੂੰ ਆਪਣੀ ਮਾਂ ਬੋਲੀ ਪੰਜਾਬੀ ਨਾਲ ਕੋਈ ਵੈਰ ਤੇ ਬੇਦਲੀਲਾ ਵੈਰ ਹੈ। ਜਾਂ ਸਿਖਾਂ ਨਾਲ ਧਾਰਮਕ ਵੈਰ ਹੈ ਜੋ ਪੰਜਾਬੀ ਨੂੰ ਯੋਗ ਥਾਂ ਦਿਵਾ ਕੇ ਇਸ ਦੀ ਉਨਤੀ ਚਾਹੁੰਦੇ ਹਨ। ਜਾਂ ਫਿਰ ਇਹ ਹੈ ਕਿ, "ਮਾਂ ਨੀ ਮਾਂ, ਜੇ ਮੈਂ ਥਾਣੇਦਾਰ ਹੋਵਾਂ, ਤਾਂ ਪਹਿਲੇ ਤੇਰੇ ਹੀ............ਕੁਟਾਂ"। ਪੜ੍ਹ ਲਿਖਕੇ ਚੰਗੇ ਸਿਆਣੇ ਨਿਕਲੇ ਹੋ ਕਿ ਮਾਂ ਦੇ ਦੁਆਲੇ ਡਾਂਗ ਲਈ ਫਿਰਦੇ ਹੋ। ਪਰ ਯਾਦ ਰਖੋ, ਮਹਾਸ਼ਾ ਜੀ, ਪੰਜਾਬੀ ਮਾਂ ਦੇ ਹੋਰ ਸਪੁਤਰ ਜਿਊਂਦੇ ਜਾਗਦੇ ਨੇ, ਤੁਹਾਡੀ ਡਾਂਗ ਨਹੀਂ ਚਲਣ ਦੇਣਗੇ। ਤੁਸੀਂ ਪੰਜਾਬੀ ਮਾਂ ਨੂੰ ਰੋਲਣਾ ਚਾਹੁੰਦੇ ਹੋ, ਉਹ ਰੁਲਣ ਨਹੀਂ ਦੇਣਗੇ ਤੇ ਉਹ ਇਸ ਨੂੰ ਉਹੋ ਇਜ਼ਤ ਵਾਲੀ ਥਾਂ ਜ਼ਰੂਰ ਦੁਆਣਗੇ ਜੋ ਦੂਜਿਆਂ ਸੂਬਿਆਂ ਦੀਆਂ ਮਾਤ-ਭਾਸ਼ਾਵਾਂ ਨੂੰ ਮਿਲ ਚੁਕੀ ਹੈ।

ਸੰਸਕ੍ਰਿਤ ਸ਼ਬਦ 'ਭਗਿਨੀ' ਹੈ, ਪੰਜਾਬੀ ਵਿਚ ਆ ਕੇ ਇਹ 'ਭੈਣ' ਬਣ ਗਿਆ। ਏਸੇ ਤਰ੍ਹਾਂ ਹਿੰਦੀ ਵਿਚ 'ਬਹਿਨ' ਗੁਜਰਾਤੀ ਵਿਚ 'ਬੇਹੇਨ' ਮਰਾਠੀ ਵਿਚ 'ਬਹੀਣ' ਤੇ ਬੰਗਾਲ ਵਿਚ ਇਹੋ ਸ਼ਬਦ ਆ ਕੇ 'ਬੋਨ' ਬਣ ਗਿਆ ਹੈ। ਹੁਣ ਤੁਹਾਡਾ ਪੰਜਾਬੀ 'ਭੈਣ' ਨੂੰ ਬੁਰਾ ਕਹਿਣਾ ਤੇ ਹਿੰਦੀ 'ਬਹਿਨ' ਨੂੰ ਚੰਗਾ ਕਹਿਣਾ ਕਿਧਰ ਦਾ ਇਨਸਾਫ਼ ਹੈ। ਫੇਰ ਪੰਜਾਬੀ ਬੋਲੀ ਨੂੰ ਗਲਤ ਕਹਿਣਾ ਤੇ ਦੂਜਿਆਂ ਨੂੰ ਸਹੀਹ ਕਹਿਣਾ ਕਿਧਰ ਦਾ ਨਿਆਂ ਏ। ਪੰਜਾਬੀ ਨਾਲ ਤੁਹਾਡੇ ਵੈਰ ਦੀ ਹੱਦ ਹੋ ਗਈ ਹੈ। ਕਿਉਂ ਮਾਂ, ਪਿਉ, ਭੈਣ ਭਰਾਵਾਂ ਨਾਲੋਂ ਨਾਤਾ ਤੋੜ ਕੇ ਦੂਜਿਆਂ ਨਾਲ ਜੋੜ ਰਹੇ ਹੋ ? ਅਖੇ "ਚੀਚੀ ਵੱਢੀ, ਉਂਗਲ ਵੱਢੀ ਸਾਡਾ ਸਾਥੀ ਕੋਈ ਹੋਰ"।

ਮਹਾਸ਼ਾ ਜੀ ! ਤੁਸੀਂ ਕਹਿੰਦੇ ਹੋ, ਪੰਜਾਬੀ ਨੇ ਸੰਸਕ੍ਰਿਤ ਦੀ ਟੰਗ ਤੋੜ ਦਿਤੀ। ਪਰ ਇਹ ਜ਼ੁਬਾਨਾਂ ਦਾ ਗੁਣ ਹੁੰਦਾ ਹੈ ਕਿ ਦੂਜੀਆਂ ਜ਼ੁਬਾਨਾਂ ਦੇ ਸ਼ਬਦ ਆਪਣੇ ਵਿਚ ਸਮੋ ਕੇ ਉਨ੍ਹਾਂ ਨੂੰ ਆਪਣੇ ਨਾਲ ਇਕ ਜਾਨ ਤੇ ਇਕ ਮਿਕ ਕਰ ਲੈਣਾ। ਖੈਰ ! ਜੇ ਤੁਸੀਂ ਇਸ ਗੁਣ ਨੂੰ ਟੰਗ ਤੋੜਨਾ ਹੀ ਕਹਿਣਾ ਚਾਹੁੰਦੇ ਹੋ, ਤਾਂ ਮੁਕਾਬਲਾ ਕਰਕੇ ਦੇਖੋ ਕਿ ਪੰਜਾਬੀ ਨੇ ਸੰਸਕ੍ਰਿਤ ਦੀ ਟੰਗ ਬਹੁਤੀ ਤੋੜੀ ਹੈ ਜਾਂ ਹਿੰਦੀ ਨੇ। ਨਿਕੀ ਜਹੀ ਸੂਚੀ ਭੇਟਾ ਹੈ :

ਸੰਸਕ੍ਰਿਤ	ਪ੍ਰਾਕ੍ਰਿਤ	ਪੰਜਾਬੀ	ਹਿੰਦੀ
ਅਗ੍ਨਿ	ਅੱਗਿ	ਅੱਗ	ਆਗ
ਅਖ਼ਿ	ਅੱਖਿ	ਅੱਖ	ਆਂਖ
ਅੱਦਬ	ਅੱਜ	ਅੱਜ	ਆਜ
ਅਸ਼ਟ	ਅੱਠ	ਅੱਠ	ਆਠ
ਦੁਗੱਧ	ਦੁਧ	ਦੁਧ	ਦੂਧ
ਤ੍ਰਯ	ਤ੍ਰੈ	ਤ੍ਰੈ	ਤੀਨ
ਪਿਪੱਲ	...	ਪਿਪਲ	ਪੀਪਲ
ਚਿਤ੍ਰਕ	...	ਚਿਤ੍ਰਾ	ਚੀਤਾ
ਫੁੱਲ	...	ਫੁੱਲ	ਫੂਲ
ਕਜਲ	...	ਕੱਜਲ	ਕਾਜਲ
ਧੂਮ੍ਰ	...	ਧੂੰ	ਧੂਆਂ

ਇਹੋ ਜਹੇ ਅਨੇਕਾਂ ਸ਼ਬਦ ਹੋਰ ਦਸੇ ਜਾ ਸਕਦੇ ਹਨ ਜਿਨ੍ਹਾਂ ਤੋਂ ਪਤਾ ਲਗੇਗਾ ਕਿ ਹਿੰਦੀ ਨੇ ਪੰਜਾਬੀ ਨਾਲੋਂ ਸੰਸਕ੍ਰਿਤ ਦੇ ਸ਼ਬਦ ਬਹੁਤੇ ਵਿਗਾੜੇ ਹਨ ਤੇ ਪੰਜਾਬੀ ਸੰਸਕ੍ਰਿਤ ਦੇ ਜ਼ਿਆਦਾ ਨੇੜੇ ਹੈ। ਭਾਸ਼ਾ ਆਪਣੇ ਕੁਦਰਤੀ ਮੁਭਾ ਤੇ ਵਾਯੂ ਮੰਡਲ ਅਨੁਸਾਰ ਬਣਦੀ, ਬਦਲਦੀ, ਭਿਗਦੀ ਢਹਿੰਦੀ, ਤੁਰੀ ਜਾਂਦੀ ਹੈ। ਕਿਸੇ ਭਾਸ਼ਾ ਵਿਚ ਪਿਆਰ, ਰਵਾਦਾਰੀ, ਖੁਲ੍ਹ ਦਿਲੀ, ਨਿਮਰਤਾ ਭਾਵ ਹੁੰਦਾ ਹੈ ਜਿਨ੍ਹਾਂ ਕਰਕੇ ਉਹ ਨਵੀਂ ਨਰੋਈ ਤੇ ਵਧਦੀ ਫੁਲਦੀ ਰਹਿੰਦੀ ਹੈ ਤੇ ਕਿਸੇ ਵਿਚ ਨਫਰਤ, ਈਰਖਾ, ਫਿੱਟ ਤੇ ਹੰਕਾਰ ਹੁੰਦਾ ਹੈ ਜਿਨ੍ਹਾਂ ਕਰਕੇ ਉਹ ਨਿਘਰਦੀ ਹੋਈ ਮਰ ਜਾਂਦੀ ਹੈ। ਭਾਸ਼ਾ ਲੋਕਾਂ ਲਈ ਹੈ, ਇਸ ਦਾ ਲੋਕਾਂ ਨਾਲ ਮੇਲ ਜੋਲ ਬਣਿਆ ਰਹਿਣਾ ਚਾਹੀਦਾ ਹੈ। ਇਸ ਨੂੰ ਕਰੜੇ ਨੇਮਾਂ ਤੇ ਬੰਦਸ਼ਾਂ ਵਿਚ ਜਕੜਿਆ ਨਹੀਂ ਤੇ ਇਹ ਸਤਹੀਣ ਹੋਈ ਨਹੀਂ। ਆਮ ਜਨਤਾ ਕਰੜੇ ਨੇਮਾਂ ਦੀ ਪਾਲਣਾ ਨਹੀਂ ਕਰ ਸਕਦੀ ਤੇ ਕਿਸੇ ਹੰਕਾਰੀ ਹੋਈ ਬੋਲੀ ਦੀ ਟੈਂ ਨਹੀਂ ਸਹਿ ਸਕਦੀ। ਲੋਕੀਂ ਉਸ ਨਾਲੋਂ ਨਾਤਾ ਤੋੜ ਕੇ ਹੋਰ ਭਾਸ਼ਾ ਘੜ ਲੈਂਦੇ ਹਨ। ਸੋ ਕਰੜੇ ਨੇਮਾਂ ਵਾਲੀ ਮਹਿੰਗੀ ਤੇ ਅਭਿਮਾਨੀ ਭਾਸ਼ਾ ਲੋਕਾਂ ਲਈ ਮੁਰਦਾ ਹੋ ਜਾਂਦੀ ਹੈ। ਅਜ ਕਲ ਦੇ ਮਹਾਸ਼ਾ ਨਰੇਂਦਰ ਵਰਗੇ ਹਿੰਦੀ ਪ੍ਰੇਮੀ ਹਿੰਦੀ ਦਾ ਵੀ ਇਹੋ ਹਾਲ ਕਰ ਦੇਣਗੇ ਜੋ ਹਿੰਦੀ ਨੂੰ ਸੰਸਕ੍ਰਿਤ ਦੀ ਤਸਵੀਰ ਬਣਾਣਾ ਚਾਹੁੰਦੇ ਹਨ।

ਹਿੰਦ ਸਰਕਾਰ ਨੇ ਆਪਣੇ ਵਿਧਾਨ ਅਨੁਸਾਰ ੧੪ ਭਾਸ਼ਾਵਾਂ ਪ੍ਰਵਾਨ ਕੀਤਿਆਂ ਹਨ, ਜਿਨ੍ਹਾਂ ਵਿਚੋਂ ਇਕ ਪੰਜਾਬੀ ਵੀ ਹੈ। ਸਾਰੀਆਂ ਹੀ ਜਨਤਾ ਦੀਆਂ ਬੋਲੀਆਂ ਹਨ ਤੇ ਕੋਈ ਵੀ ਗਲਤ ਜਾਂ ਨਾਕਸ ਨਹੀਂ, ਸਭ ਪਵਿੱਤਰ ਹਨ, ਸਭ ਦਾ ਵਿਕਾਸ ਹੋਣਾ ਚਾਹੀਦਾ ਹੈ, ਸਭ ਨੂੰ ਆਪੋ ਆਪਣਿਆਂ ਇਲਾਕਿਆਂ ਵਿਚ ਤਰੱਕੀ ਦਾ ਪੂਰਾ ਮੌਕਾ ਤੇ ਹੱਕ ਮਿਲਣਾ ਚਾਹੀਦਾ ਹੈ। ਕਿਸੇ ਬੋਲੀ ਨੂੰ ਨਾ ਗਾਹਲ ਕਢਣੀ ਚਾਹੀਦੀ ਹੈ, ਨਾ ਉਸ ਨੂੰ ਉਸ ਦੀ ਜਾਇਜ਼ ਥਾਂ ਤੋਂ ਵਾਂਜਿਆਂ ਰਖਣਾ ਚਾਹੀਦਾ ਹੈ। ਮਹਾਸ਼ਾ ਨਰੇਂਦਰ ਜੀ ਪੰਜਾਬੀ ਲਈ ਜੋ ਮੰਦ ਭਾਵਨਾ ਰਖਦੇ ਹਨ, ਛਡ ਦੇਣੀ ਚਾਹੀਦੀ ਹੈ।

ਹਿੰਦੀ ਰਾਸ਼ਟਰ ਭਾਸ਼ਾ ਹੈ, ਭਾਵੇਂ ਮੁਕਾਬਲੇ ਵਿਚ ਮਸਾਂ ਇਕੋ ਵੋਟ ਦੇ ਵਧ ਹੋ ਜਾਣ ਨਾਲ ਜਿਤੀ ਹੈ, ਉਹ ਵੀ ਇਕ ਪੰਜਾਬੀ ਸਰਦਾਰ ਦੀ ਵੋਟ ਨਾਲ। ਸਾਨੂੰ ਇਸ ਦੀ ਇਜ਼ਤ ਹੈ। ਪਰ ਇਹ ਦੁਖ ਵਾਲੀ ਗਲ ਹੈ ਕਿ ਇਸ ਦੇ ਨਾਦਾਨ ਦੋਸਤ ਇਸ ਨੂੰ ਕਠਨ ਤੋਂ ਕਠਨ ਬਨਾਣ ਵਿਚ ਲਗੇ ਹੋਏ ਹਨ। ਆਮ-ਫਹਿਮ ਸ਼ਬਦ ਜੋ ਪਹਿਲਾਂ ਇਸ ਵਿਚ ਵਰਤੇ ਜਾਂਦੇ ਸਨ, ਓਹਨਾਂ ਨੂੰ ਛੱਡ ਕੇ ਇਹ ਓਹਨਾਂ ਦੀ ਥਾਂ ਸੰਸਕ੍ਰਿਤ ਦੇ ਤਤਸਮ ਭਾਵ ਮੁਢਲੇ ਕਠਨ ਸ਼ਬਦਾਂ ਦੀ ਭਰਤੀ ਕਰਨ ਲਗ ਪਏ ਹਨ। 'ਪੇੜ' ਸ਼ਬਦ ਹਿੰਦੀ ਦਾ ਸੌਖਾ ਸ਼ਬਦ ਹੈ ਤੇ ਇਸ ਨੂੰ ਯੂ. ਪੀ. ਦੇ ਪੜ੍ਹੇ ਅਨਪੜ੍ਹੇ ਪਿੰਡਾਂ ਦੇ ਲੋਕ ਵੀ ਸਮਝਦੇ ਹਨ, ਪਰ ਮਹਾਸ਼ਾ ਜੀ ਵਰਗੇ ਹੁਣ 'ਪੇੜ' ਦੀ ਥਾਂ 'ਬਰਿਕਸ਼' ਸੰਸਕ੍ਰਿਤ ਦਾ ਸ਼ਬਦ ਘਸੋੜ ਰਹੇ ਹਨ ਜਿਸ ਨੂੰ ਪੇਂਡੂ ਤੇ ਅਨਪੜ੍ਹਾਂ ਲਈ ਸਮਝਣਾ ਔਖਾ ਹੈ। 'ਰੁਖ' ਹਿੰਦੀ ਬ੍ਰਜ ਭਾਸ਼ਾ ਦਾ ਸ਼ਬਦ ਹੈ (ਦੇਖੋ ਹਿੰਦੀ ਭਾਸ਼ਾ ਕੇ ਇਤਿਹਾਸ, ਧੀਰੇਂਦਰ ਵਰਮਾ... ਅਧਿਅਕਸ਼ ਹਿੰਦੀ ਵਿਭਾਗ ਅਲਾਹਬਾਦ ਯੂਨੀਵਰ-ਸਿਟੀ ਸਫਾ ੧੩੬) ਇਸ ਨੂੰ ਇਹ ਨਹੀਂ ਵਰਤਣਗੇ। ਉਹ ਇਸ ਦੇ ਸੋਮੇ ਵਲ ਦੌੜਨਗੇ, ਪਿਛਾਂਹ ਨੂੰ, ਤੇ ਢੂੰਡ ਕੇ 'ਵਰਕਿਸ਼' ਸ਼ਬਦ ਹੀ ਵਰਤਣਗੇ। ਇਸੇ ਤਰ੍ਹਾਂ 'ਮਾਨੁਸ਼', 'ਮਨਈ' ਤੇ 'ਆਦਮੀ' ਦੇ ਅਰਥ ਸਾਧਾਰਣ ਪਿੰਡਾਂ ਦੇ ਲੋਕ ਵੀ ਸਮਝਦੇ ਹਨ ਪਰ ਮਹਾਸ਼ਾ ਜੀ ਵਰਗੇ ਹਿੰਦੀ ਦੇ ਯਾਰ ਵਾਹ ਲਗਦੀ ਇਨ੍ਹਾਂ ਸ਼ਬਦਾਂ ਦਾ ਪ੍ਰਯੋਗ ਬਿਲਕੁਲ ਨਹੀਂ ਕਰਨਗੇ। ਭਾਵੇਂ ਪੁਰਾਣੀ ਹਿੰਦੀ ਵਿਚ 'ਮਾਨੁਸ਼' ਦੀ ਆਮ ਵਰਤੋਂ ਹੋਈ ਹੋਈ ਹੈ ਜਿਵੇਂ ਕਿ "ਪਾਨੀ ਕੇਰਾ ਬੁਦਬੁਦਾ ਅਸ ਮਾਨੁਸ਼ ਕੀ ਜਾਤ ਤੇ ਮਾਨੁਸ਼ ਹੌਂ ਤੋ ਵਹੀ ਰਸਖਾਨਿ ਬਸੌਂ ਬ੍ਰਜ ਗੋਕਲ ਗਾਂਵ ਕੇ ਗਵਾਰਨ", ਪਰ ਇਹ ਕੋਸ਼ਸ਼ ਕਰਕੇ ਪਿਛਾਂਹ ਨੂੰ ਦੌੜਨਗੇ ਤੇ ਸੰਸਕ੍ਰਿਤ ਦਾ 'ਮਨੁਸ਼ਯ', ਜਿਸ ਦੀ ਵਰਤੋਂ ਭਾਵੇਂ ਆਮ ਲੋਕਾਂ ਵਿਚ ਨਾ ਹੁੰਦੀ ਹੋਵੇ, ਲੱਭ ਕੇ ਲਿਆਉਣਗੇ।

ਇਨ੍ਹਾਂ ਦੀ ਕੋਸ਼ਸ਼ ਹੈ ਕਿ ਹਿੰਦੀ ਦਾ ਢਿੱਡ ਸੰਸ-ਕ੍ਰਿਤ ਦੇ ਸ਼ੁਧ ਸ਼ਬਦਾਂ ਨਾਲ ਭਰ ਕੇ ਇਸਨੂੰ ਸੰਸਕ੍ਰਿਤ ਗਰਭਿਤ ਹਿੰਦੀ ਬਣਾ ਦਿਓ। ਜਨਤਾ ਇਨ੍ਹਾਂ ਦਾ ਸਾਥ ਦੇਂਦੀ ਹੈ ਜਾਂ ਨਹੀਂ, ਇਹ ਸਮਾਂ ਦਸੇਗਾ। ਗਾਂਧੀ ਜੀ ਜਾਂ ਨਹਿਰੂ ਜੀ ਏਸ ਲਈ ਸੌਖੀ ਹਿੰਦੀ ਜ ਹਿੰਦੁਸਤਾਨੀ ਦੇ ਹੱਕ ਵਿਚ ਸਨ ਕਿ ਉਹ ਜਨਤਾ ਨਾਲ ਤਾਲ ਮੇਲ ਬਣਾਈ ਰਖਣਾ ਚਾਹੁੰਦੇ ਸਨ। ਪਰ ਹਿੰ

ਦੇ ਨਾਦਾਨ ਦੋਸਤ ਇਸ ਨੂੰ ਕਠਨ ਬਨਾਣ ਦੇ ਹਠ ਵਿਚ ਹਨ। ਪੰਜਾਬੀ ਦੀ ਇਹ ਗੱਲ ਨਹੀਂ। ਉਥੇ 'ਰੁਖ' ਜਾਂ 'ਮਨੁਖ' ਜੋ ਪਿੰਡਾਂ ਦੇ ਅਨਪੜ੍ਹ ਲੋਕ ਬੋਲਦੇ ਹਨ, ਉਹੋ ਕਿਤਾਬੀ ਬੋਲੀ ਵਿਚ ਵਰਤੇ ਲਿਖੇ ਤੇ ਪੜ੍ਹੇ ਜਾਂਦੇ ਹਨ। ਉਹ ਉਚੋਂ ਦੇ ਜਨਤਾ ਦੀ ਬੋਲੀ ਹੈ। ਪੰਜਾਬੀ ਵਾਲੇ ਪਿਛਾਂਹ ਨੂੰ ਨਹੀਂ ਦੌੜਦੇ ਕਿ ਪੁਰਾਣੇ ਤੋਂ ਪੁਰਾਣੇ ਸ਼ਬਦਾਂ ਨੂੰ ਢੂੰਡ ਕੇ ਲਿਆਣ ਤੇ ਉਨ੍ਹਾਂ ਦੀ ਵਰਤੋਂ ਕਰਨ। ਉਹ ਜਾਣਦੇ ਹਨ ਕਿ ਇਸ ਤਰ੍ਹਾਂ ਕਰਨਾ ਪਹਾੜਾਂ ਵਿਚੋਂ ਨਿਕਲ ਕੇ ਮੈਦਾਨ ਵਿਚ ਆ ਚੁਕੀ ਨਦੀ ਨੂੰ ਮੁੜ ਪਹਾੜਾਂ ਵਲ ਧਕਣ ਵਾਲੀ ਗਲ ਹੈ। ਭਾਸ਼ਾ ਦਾ ਪ੍ਰਵਾਹ ਮਨਜ਼ਲਾਂ ਮਾਰਕੇ ਬਹੁਤ ਅਗਾਂਹ ਵਧ ਚੁਕਾ ਹੈ, ਇਸ ਨੂੰ ਪਿਛਾਂਹ ਮੋੜਨਾ ਕਿਧਰ ਦੀ ਦਾਨਾਈ ਹੈ? ਫੇਰ ਇਹ ਪ੍ਰਵਾਹ ਮੁੜਨ ਲਗੈ ? ਮੋੜਨ ਵਾਲਿਆਂ ਨੂੰ ਲਤਾੜ ਕੇ ਇਹ ਅਗਾਂਹ ਵਧ ਜਾਏਗਾ। ਸੰਸਕ੍ਰਿਤ ਕਦੇ ਰਾਜ-ਭਾਸ਼ਾ ਸੀ ਪਰ ਆਮ ਜਨਤਾ ਨਾਲੋਂ ਟੁਟਕੇ ਮਰ ਗਈ ਜਾਂ ਮੋਇਆਂ ਸਮਾਨ ਹੋ ਗਈ। ਇਸੇ ਤਰ੍ਹਾਂ ਹਿੰਦੀ ਭੀ ਰਾਸ਼ਟਰ ਭਾਸ਼ਾ ਹੁੰਦਿਆਂ ਹੋਇਆਂ, ਜੇ ਆਮ ਲੋਕਾਂ ਜਾਂ ਜਨਤਾ ਨਾਲੋਂ ਆਪਣੀ ਕਠਨਾਈ ਕਰਕੇ ਟੁਟ ਗਈ, ਤਾਂ ਇਹ ਵੀ ਫਿਰ ਜੀਊਂਦੀ ਨਾ ਸਮਝਣਾ। ਭਾਸ਼ਾ ਜਨਤਾ ਵਾਸਤੇ ਹੈ ਨਾ ਕਿ ਜਨਤਾ ਭਾਸ਼ਾ ਵਾਸਤੇ।

ਮਹਾਸ਼ਾ ਜੀ ਪੰਜਾਬੀ ਨੂੰ ਇਹ ਤਾਹਨਾ ਵੀ ਦੇਂਦੇ ਹਨ ਕਿ "ਚੂੰਕਿ ਪੰਜਾਬੀ ਭਾਸ਼ਾ ਕੋ ਚਲਾਨੇ ਵਾਲੇ ਭੋਲੇ ਭਾਲੇ ਸੀਧੇ ਮਹਾ-ਪੁਰਸ਼ ਥੇ ਜਿਨ੍ਹੇਂ ਭਾਸ਼ਾ ਕੀ ਲਾਜ਼ਮੀ ਜ਼ਰੂਰੀਆਤ ਸੇ ਕੋਈ ਸਰੋਕਾਰ ਨਾ ਥਾ, ਇਸ ਲੀਏ ਉਨ੍ਹੋਂ ਨੇ ਸ਼ੁਧ ਸੰਸਕ੍ਰਿਤ ਸ਼ਬਦ ਕਾ ਗ਼ਲਤ ਉਚਾਰਣ ਕਰਨਾ ਸ਼ੁਰੂ ਕਰ ਦੀਆ ਔਰ ਆਜ ਯਹ ਪੰਜਾਬੀ ਜ਼ੁਬਾਨ ਉਨ ਸੰਸਕ੍ਰਿਤ ਸ਼ਬਦੋਂ ਕੇ ਗ਼ਲਤ ਸ਼ਬਦੋਂ ਕਾ ਮਜਮੂਆ ਬਨ ਕਰ ਹਮਾਰੇ ਸਾਹਮਣੇ ਆ ਰਹੀ ਹੈ......ਜਿਸ ਭਾਸ਼ਾ ਕੀ ਕੋਈ ਬਾਕਾਇਦਾ ਗ੍ਰਾਮਰ ਨਹੀਂ, ਵੁਹ ਭਾਸ਼ਾ ਕੈਸੇ ਬਣ ਸਕਦੀ ਹੈ?"

ਪੰਜਾਬੀ ਜ਼ੁਬਾਨ ਨੂੰ ਜੋ ਸੰਸਕ੍ਰਿਤ ਦੇ ਗ਼ਲਤ ਸ਼ਬਦਾਂ ਦਾ ਮਜਮੂਆ ਆਖਿਆ ਜਾ ਸਕਦਾ ਹੈ ਤਾਂ ਇਹ ਗਲ ਹਿੰਦੀ ਵਾਸਤੇ ਵੀ ਆਖੀ ਜਾ ਸਕਦੀ ਹੈ, ਜਿਹੜੀ ਰਾਸ਼ਟਰ ਭਾਸ਼ਾ ਆਖੀ ਜਾਂਦੀ ਹੈ। ਉਹ ਵੀ ਸੰਸਕ੍ਰਿਤ ਦੇ ਗਲਤ ਸ਼ਬਦਾਂ ਦਾ ਮਜਮੂਆ ਹੈ ਜਿਵੇਂ ਕਿ ਪਹਿਲਾਂ ਮਿਸਾਲ ਦੇ ਕੇ ਦਸਿਆ ਜਾ ਚੁਕਾ ਹੈ। ਸੰਸਕ੍ਰਿਤ ਦੇ ਕ੍ਰਿਆ ਸ਼ਬਦਾਂ ਦਾ ਹਿੰਦੀ ਤੇ ਪੰਜਾਬੀ ਵਿਚ ਕੀ ਰੂਪ ਬਣਿਆ ਤੇ ਕਿਹੜਾ ਵਧ ਸ਼ੁਧ ਹੈ, ਥਲੇ ਦਿਤੀ ਵਨਗੀ ਤੋਂ ਸਿੱਧ ਹੋਵੇਗਾ।

ਸੰਸਕ੍ਰਿਤ	ਪੰਜਾਬੀ	ਹਿੰਦੀ
ਗੱਛਤਿ	ਲਿਖਦਾ ਹੈ	ਲਿਖਤਾ ਹੈ
ਖਾਦਤਿ	ਖਾਂਦਾ ਹੈ	ਖਾਤਾ ਹੈ
ਲਭਤੇ	ਲਭਦਾ ਹੈ	ਪ੍ਰਾਪਤ ਕਰਤਾ ਹੈ

ਨੋਟ:–ਸੰਸਕ੍ਰਿਤ ਦੇ 'ਲਭ' ਮੂਲ ਤੋਂ ਹਿੰਦੀ ਵਿਚ ਕੇਵਲ 'ਲਾਭ' ਹੀ ਸੰਗਯਾ ਮਿਲਦੀ ਹੈ। ਕ੍ਰਿਆ ਵਜੋਂ ਹਿੰਦੀ ਵਿਚ ਇਹ ਨਹੀਂ ਲਭਦਾ। ਪੰਜਾਬੀ ਵਿਚ 'ਲਭਦਾ' ਤੇ 'ਲਾਭ' ਕਿਰਿਆ ਤੇ ਸੰਗਿਆ ਦੋਹਾਂ ਵਿਚ ਅਜ ਕਲ ਵੀ ਪ੍ਰਚਲਤ ਹਨ।

ਰੂਪ ਬਦਲਣਾ ਭਾਸ਼ਾ ਦਾ ਸੁਭਾ ਹੈ, ਇਸ ਤੇ ਮਹਾਸ਼ਾ ਜੀ ਨੂੰ ਰੋਣਾ ਨਹੀਂ ਚਾਹੀਦਾ, ਫਿਰ ਕੇਵਲ ਪੰਜਾਬੀ ਦੇ ਸੰਬੰਧ ਵਿਚ ਹੀ ਰੋਣਾ ਹੋਰ ਵੀ ਨਿੰਦਣੀਯ ਗਲ ਹੈ, ਇਨ੍ਹਾਂ ਦੇ ਰੋਣ ਤੇ ਕੋਈ ਜ਼ੁਬਾਨ ਵੀ ਆਪਣਾ ਸੁਭਾਵ ਨਹੀਂ ਬਦਲੇਗੀ। ਨਾਗਰੀ ਪ੍ਰਚਾਰਣੀ ਸਭਾ ਕਾਸ਼ੀ ਦੀ ਪ੍ਰਮਾਣੀਕ ਪੁਸਤਕ, 'ਭਾਸ਼ਾ ਵਿਗਿਆਨ ਸਾਰ' ਦੇ ਸਫਾ ੧੯੭ ਤੇ ਲਿਖਿਆ ਹੈ :–

"ਕੋਈ ਭੀ ਭਾਸ਼ਾ ਐਸੀ ਨਹੀਂ ਹੈ ਜਿਸ ਕਾ ਪ੍ਰਾਰੰਭਕ ਸ੍ਵਰੂਪ ਪ੍ਰਵਿਰਤਿਤ (ਬਦਲਾ) ਨ ਹੂਆ ਹੋ। ਪ੍ਰੀਵਰਤਣ–ਸ਼ੀਲਤਾ ਭਾਸ਼ਾ ਕਾ ਜੀਵਨ ਹੈ, ਸੰਮਿਸ਼ਰਣ (ਮਿਲਾਵਟ) ਉਸ ਕਾ ਸਵਭਾਵ ਹੈ, ਤਦਨੁਸਾਰ (ਇਸ ਅਨੁਸਾਰ) ਹਮਾਰੀ ਹਿੰਦੀ ਭੀ ਨਿੱਤਾਪ੍ਰਤਿ ਪਰਿਵਿਰਤਿਤ (ਬਦਲਦੀ) ਰਹਿਤੀ ਹੈ। ਵਾਸਤਵ ਮੇਂ ਹਿੰਦੀ ਅਨੇਕ ਭਾਸ਼ਾਓਂ ਕੇ, ਸ਼ਬਦੋਂ ਕੀ ਖਿਚੜੀ ਹੈ। ਉਸ ਮੇਂ ਵਿਸ਼ੇਸ਼ਤਰ (ਖਾਸ ਕਰਕੇ) ਆਰਯ ਅਨਾ-ਰਯ ਤਥਾ (ਔਰ) ਵਿਦੇਸ਼ੀ ਤੀਨ ਪ੍ਰਕਾਰ ਦੇ ਸ਼ਬਦ ਹੈਂ......"

ਸੋ ਪਤਾ ਲਗਾ ਕਿ ਹਿੰਦੀ, ਨਿਰੀ ਸੰਸਕ੍ਰਿਤ ਦੇ ਵਿਗੜੇ ਹੋਏ ਸ਼ਬਦਾਂ ਦਾ ਹੀ ਮਜਮੂਆ ਨਹੀਂ, ਇਸ

ਵਿਚ ਅਰਬੀ, ਫਾਰਸੀ ਤੁਰਕੀ, ਅੰਗਰੇਜ਼ੀ ਤੇ ਹੋਰ ਦੇਸੀ ਭਾਸ਼ਾਵਾਂ ਦੇ ਸੈਂਕੜੇ ਨਹੀਂ, ਹਜ਼ਾਰਾਂ ਸ਼ਬਦ ਪਾਏ ਜਾਂਦੇ ਹਨ, ਜਿਨ੍ਹਾਂ ਬਾਰੇ ਮਹਾਸ਼ਾ ਜੀ ਵਰਗੇ ਹਿੰਦੀ ਦੇ ਨਾਦਾਨ ਦੋਸਤਾਂ ਦੀ ਹੁਣ ਇਹ ਕੋਸ਼ਸ਼ ਹੈ ਕਿ ਜਿਥੋਂ ਤਕ ਹੋ ਸਕੇ, ਵਰਤੋਂ ਵਿਚ ਆਣ ਵਾਲੇ ਆਮ ਸ਼ਬਦਾਂ ਨੂੰ ਕਢਕੇ, ਉਨ੍ਹਾਂ ਦੀ ਥਾਂ ਸੰਸਕ੍ਰਿਤ ਦੇ ਸ਼ੁਧ ਸ਼ਬਦ ਲਭ ਲਭ ਕੇ ਰਖੇ ਜਾਣ ਤੇ ਜੇ ਸੰਸਕ੍ਰਿਤ ਦੇ ਪੁਰਾਣੇ ਸ਼ਬਦ ਮਿਲਣ ਤਾਂ ਸੰਸਕ੍ਰਿਤ ਦੇ ਨਵੇਂ ਸ਼ਬਦ ਸੰਧੀ ਕਰਕੇ, ਘੜਕੇ ਪਾਏ ਜਾਣ। ਉਹ ਲੋਕਾਂ ਦੀ ਸਮਝ ਵਿਚ ਨਾ ਆਉਣ ਤਾਂ ਉਨ੍ਹਾਂ ਦੀ ਬਲਾ ਤੋਂ।

ਮਹਾਸ਼ਾ ਹੋਰਾਂ ਦਾ ਇਹ ਦਾਹਵਾ ਵੀ ਗ਼ਲਤ ਹੈ ਕਿ ਪੰਜਾਬੀ ਸੰਸਕ੍ਰਿਤ ਦੇ ਵਿਗੜੇ ਸ਼ਬਦਾਂ ਦਾ ਮਜ-ਮੂਆ ਹੈ, ਹਾਂ, ਪੰਜਾਬੀ ਵਿਚ ਵੀ ਅਨੇਕਾਂ ਭਾਸ਼ਾਵਾਂ ਦੇ ਲਫਜ਼ ਮਿਲਕੇ ਪੰਜਾਬੀ ਦਾ ਰੂਪ ਹੋ ਗਏ ਹਨ। ਇਉਂ ਮਹਾਸ਼ਾ ਜੀ ਦੇ ਮਤ ਅਨੁਸਾਰ ਸਭ ਭਾਸ਼ਾਵਾਂ ਗਲਤ ਤੇ ਨਾਕਸ ਸਾਬਤ ਹੋ ਜਾਂਦੀਆਂ ਹਨ, ਸੋ ਪੰਜਾਬੀ ਵਿਰੁਧ ਫ਼ਤਵਾ ਦੇਣ ਤੋਂ ਪਹਿਲਾਂ ਉਨ੍ਹਾਂ ਨੂੰ ਹਿੰਦੀ ਦੀ ਸ਼ੁਧੀ ਤੇ ਹੋਰ ਸੂਬਕ ਜ਼ੁਬਾਨਾਂ ਦੀ ਸ਼ੁਧੀ ਕਰਕੇ ਇਨ੍ਹਾਂ ਨੂੰ ਨਿਰੋਲ ਤੇ ਸ਼ੁਧ ਸੰਸਕ੍ਰਿਤ ਸ਼ਬਦਾਂ ਦਾ ਮਜਮੂਆ ਬਨਾਨਾ ਚਾਹੀਦਾ ਹੈ। ਜ਼ਰਾ ਇਸ ਪਾਸੇ ਜਤਨ ਕਰ ਵੇਖਣ, ਫਿਰ ਉਨ੍ਹਾਂ ਨੂੰ ਪਤਾ ਲਗੇਗਾ ਕਿ ਇਹ ਸ਼ੁਧੀ ਕੀ ਭੌਂ ਪੈਂਦੀ ਹੈ। ਮਹਾਸ਼ਾ ਜੀ ਨਿਰਾ ਪੰਜਾਬੀ ਤੇ ਹੀ ਚੜ੍ਹੇ ਆਉਂਦੇ ਹਨ ਤੇ ਜੋ ਜੀ ਕਰਦੈ ਊਲ ਜਲੂਲ ਬਕੀ ਜਾਂਦੇ ਹਨ। ਜ਼ਰਾ ਦੂਜੀਆਂ ਭਾਸ਼ਾਵਾਂ ਵਲ ਆਪਣੀ ਸੰਸਕ੍ਰਿਤ ਨੁਮਾ ਹਿੰਦੀ ਦਾ ਮੂੰਹ ਤਾਂ ਫੇਰਨ। ਮਦਰਾਸ ਵਾਲੇ ਫਸਾਦਾਂ ਦੇ ਕਾਂਡ ਦੀ ਤਾਂ ਅਜੇ ਸਿਆਹੀ ਵੀ ਨਹੀਂ ਸੁਕੀ। ਪਰ ਪੰਜਾਬ ਵਿਚ ਵੀ ਤੁਹਾਡੀ ਕੌਣ ਪ੍ਰਵਾਹ ਕਰਦਾ ਹੈ, ਪੰਜਾਬੀ ਮਾਤ ਭਾਸ਼ਾ ਦਾ ਕਾਫ਼ਲਾ ਹਾਥੀ ਵਾਂਗ ਆਪਣੀ ਮਸਤ ਚਾਲ ਚਲਦਾ ਜਾਏਗਾ ਤੇ......ਰਹਿਣਗੇ।

ਸਿਖ ਸਤਿਗੁਰੂਆਂ ਦੇ ਸਮੇਂ ਪੰਜਾਬੀ ਆਮ ਜਨਤਾ ਦੀ ਬੋਲੀ ਸੀ, ਉਨ੍ਹਾਂ ਨੇ ਜਨਤਾ ਨੂੰ ਆਪਣਾ ਪੈਗਾਮ ਸੁਨਾਣਾ ਸੀ ਸੋ ਉਨ੍ਹਾਂ ਨੇ ਪੰਜਾਬੀ ਵਿਚ ਸੁਣਾ-ਇਆ, ਸੰਸਕ੍ਰਿਤ ਵਿਚ ਨਹੀਂ ਸੁਣਾਇਆ! ਉਨ੍ਹਾਂ ਦਾ ਮਨੋਰਥ ਆਪਣੇ ਵਚਨਾਂ ਨੂੰ ਲੋਕਾਂ ਦੇ ਜ਼ਿਹਨ ਤੇ ਹਿਰਦੇ ਵਿਚ ਉਤਾਰਨਾ ਸੀ, ਫਿਰ ਸਿਖ ਸਤਿਗੁਰੂਆਂ ਨੂੰ ਤਾਹਨਾ ਕਿਉਂ ਦਿਤਾ ਜਾਂਦਾ ਹੈ ਕਿ "ਚੂੰਕਿ ਪੰਜਾਬੀ ਜ਼ੁਬਾਨ ਕੋ ਚਲਾਨੇ ਵਾਲੇ ਭੋਲੇ ਭਾਲੇ ਸੀਧੇ ਮਹਾਂ ਪੁਰਸ਼ ਥੇ ਜਿਨ੍ਹੇ ਭਾਸ਼ਾ ਕੀ ਲਾਜ਼ਮੀ ਜ਼ਰੂਰੀਆਤ ਸੇ ਕੋਈ ਸਰੋਕਾਰ ਨਾ ਥਾ, ਇਸ ਲੀਏ ਉਨ੍ਹੋਂ ਨੇ ਸ਼ੁਧ ਸੰਸਕ੍ਰਿਤ ਸ਼ਬਦੋਂ ਕਾ ਗ਼ਲਤ ਉਚਾਰਣ ਕਰਨਾ ਸ਼ੁਰੂ ਕਰ ਦੀਆ ਔਰ ਆਜ ਵੁਹ ਗ਼ਲਤ ਸ਼ਬਦੋਂ ਕਾ ਮਜਮੂਆ ਬਨ ਕਰ ਹਮਾਰੇ ਸਾਹਮਣੇ ਆ ਰਹੀ ਹੈ"। ਸਤਿਗੁਰਾਂ ਵਿਰੁਧ ਇਹ ਬਕਵਾਸ ਬੇਸਮਝੀ ਤੇ ਹੀ ਆਧਾਰਤ ਨਹੀਂ, ਸ਼ਰਾਰਤ ਪੈਦਾ ਕਰਨ, ਸਿਖਾਂ ਦੇ ਮਨ ਦੁਖਾਣ ਤੇ ਉਨ੍ਹਾਂ ਨੂੰ ਭੜਕਾਹਟ ਦਿਵਾਣ ਵਾਲੀ ਵੀ ਹੈ। ਪਰ ਮਹਾਸ਼ਾ ਜੀ ਦੀ ਕਲਮ ਆਪਣੇ ਸੁਆਮੀ ਦਯਾਨੰਦ ਦੇ ਪੂਰ-ਨਿਆਂ ਤੇ ਚਲ ਰਹੀ ਹੈ ਜਿਸ ਦਾ ਜ਼ਿਕਰ ਥਲੇ ਆਵੇਗਾ।

ਮਹਾਸ਼ਾ ਜੀ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਨ੍ਹਾਂ 'ਭੋਲੇ ਭਾਲੇ ਸੀਧੇ ਮਹਾਂਪੁਰਸ਼ਾਂ' ਦਾ ਮੰਤਵ ਲੋਕਾਂ ਦਾ ਉਧਾਰ ਕਰਨਾ ਸੀ। ਉਨ੍ਹਾਂ ਦੀ ਭਲਾਈ ਨਮਿਤ ਉਨ੍ਹਾਂ ਨੇ ਆਪਣੇ ਵਿਚਾਰ ਉਸੇ ਭਾਸ਼ਾ ਵਿਚ ਜ਼ਾਹਰ ਕੀਤੇ, ਜਿਹੜੀ ਕਿ ਲੋਕ ਚੰਗੀ ਤਰ੍ਹਾਂ ਸਮਝਦੇ ਸਨ। ਮੁਖ ਚੀਜ਼ ਉਨ੍ਹਾਂ ਲਈ ਜਨਤਾ ਦੀ ਭਲਾਈ ਸੀ ਨਾ ਕਿ ਕਿਸੇ ਖਾਸ ਭਾਸ਼ਾ ਦੀ ਬੁਰਾਈ ਜਾਂ ਉਨਤੀ ਤੇ ਇਹ ਪਕੀ ਗੱਲ ਹੈ ਕਿ ਜਨਤਾ ਦੀ ਭਲਾਈ ਜਨਤਾ ਦੀ ਭਾਸ਼ਾ ਰਾਹੀਂ ਹੀ ਹੋ ਸਕਦੀ ਹੈ। ਜਿਵੇਂ ਮਹਾਤਮਾਂ ਬੁਧ ਨੇ ਜਨਤਾ ਦੀ ਭਲਾਈ ਕਰਨੀ ਸੀ, ਤਾਂ ਉਨ੍ਹਾਂ ਨੇ ਜਨਤਾ ਦੀ ਭਾਸ਼ਾ (ਪਾਲੀ) ਰਾਹੀਂ ਹੀ ਆਪਣਾ ਉਪ-ਦੇਸ਼ ਦਿਤਾ ਨਾ ਕਿ ਸੰਸਕ੍ਰਿਤ ਰਾਹੀਂ, ਹਾਲਾਂ ਕਿ ਉਹ ਸੰਸਕ੍ਰਿਤ ਦੇ ਮਹਾਂ ਵਿਦਵਾਨ ਸਨ। ਉਨ੍ਹਾਂ ਦੇ ਸੰਸਕ੍ਰਿਤ ਦੇ ਵਿਗੜੇ ਰੂਪ ਵਾਲੀ ਭਾਸ਼ਾ (ਪਾਲੀ) ਦਾ ਵਰਤਣਾ, ਇਹ ਸਿੱਧ ਨਹੀਂ ਕਰਦਾ ਕਿ ਪਾਲੀ ਨੂੰ ਚਲਾਉਣ ਵਾਲੇ 'ਭੋਲੇ ਭਾਲੇ ਸੀਧੇ ਮਹਾਂ ਪੁਰਸ਼' ਸਨ ਤੇ 'ਉਨ੍ਹਾਂ ਨੇ ਸ਼ੁਧ ਸੰਸਕ੍ਰਿਤ ਦੇ ਸ਼ਬਦਾਂ ਦਾ ਗਲਤ ਉਚਾਰਣ ਸ਼ੁਰੂ ਕਰ ਦਿਤਾ ਤੇ ਇਸ ਤਰ੍ਹਾਂ ਪਾਲੀ ਭਾਸ਼ਾ ਸੰਸਕ੍ਰਿਤ ਦੇ ਗਲਤ ਸ਼ਬਦਾਂ ਦਾ ਮਜਮੂਆ ਬਨ ਗਈ'। ਮਹਾਸ਼ਾ ਜੀ ਨੂੰ ਇਸ ਬੇ ਤੁਕੇ ਪਣ ਅਤੇ ਸਤਿਗੁਰਾਂ ਦੇ ਮਹਾਂ ਉਤਮ ਕੰਮ ਨੂੰ ਗਲਤ ਰੰਗ ਵਿਚ ਪੇਸ਼ ਕਰਨ ਉਤੇ ਸ਼ਰਮ ਆਣੀ ਚਾਹੀਦੀ ਹੈ।

ਸਿਖ ਸਤਿਗੁਰਾਂ ਨੇ ਕਿਸੇ ਭਾਸ਼ਾ ਦੀ ਤਰਫ਼ਦਾਰੀ

ਨਹੀਂ ਕੀਤੀ। ਉਨ੍ਹਾਂ ਤਰਫਦਾਰੀ ਕੀਤੀ ਦੁਖੀ ਜਨਤਾ ਦੀ। ਤਰਫਦਾਰੀ ਨਹੀਂ ਹਮਦਰਦੀ ਤੇ ਭਲਿਆਈ ਕੀਤੀ ਗਰੀਬ ਜਨਤਾ ਦੀ, ਜਿਹੜੀ ਵਿਚਾਰੀ ਸਦੀਆਂ ਤੋਂ ਪਾਂਧਿਆਂ, ਪੁਜਾਰੀਆਂ, ਮੌਲਾਣਿਆਂ, ਹਾਕਮਾਂ, ਜਰਵਾਣਿਆਂ, ਸੰਸਕ੍ਰਿਤ, ਅਰਬੀ ਤੇ ਫਾਰਸੀ ਦੇ ਕਠੋਰ ਮੁਦੱਈਆਂ, ਧਰਮ ਦੇ ਠੇਕੇਦਾਰਾਂ ਦੇ ਅਸਹਿ ਭਾਰ ਥਲੇ ਸਾਹ ਤੋੜ ਰਹੀ ਸੀ। ਲੋਕਾਂ ਨੂੰ ਇਸ ਭਾਰ ਥਲੋਂ ਕਢਣ ਖਾਤਰ, ਲੋਕਾਂ ਦੇ ਦੁਖ ਦੂਰ ਕਰਨ ਖਾਤਰ, ਲੋਕਾਂ ਨੂੰ ਉਚਿਆਂ ਚੁਕਣ ਖਾਤਰ, ਸਤਿਗੁਰਾਂ ਨੇ ਲੋਕਾਂ ਦੀ ਭਾਸ਼ਾ, ਪੰਜਾਬੀ ਵਰਤੀ। ਇਸੇ ਵਿਚ ਉਹ ਬੋਲੇ, ਇਸੇ ਵਿਚ ਉਨ੍ਹਾਂ ਰੱਬੀ ਸੰਦੇਸ਼ਾਂ ਨੂੰ ਗਾਂਵਿਆ ਤੇ ਲੋਕਾਂ ਵਿਚ ਇਕ ਨਵੀਂ ਜਾਨ ਭਰ ਦਿਤੀ। ਲੋਕਾਂ ਦੀ ਭਲਾਈ ਦੇ ਨਾਲ ਭਾਸ਼ਾ ਦੀ ਭਲਾਈ ਤਾਂ ਬੂੰਗੇ ਵਿਚ ਹੀ ਹੋ ਗਈ। ਸਤਿਗੁਰਾਂ ਦੀ ਬਾਣੀ ਉਨ੍ਹਾਂ ਦੀਆਂ ਘਾਲਨਾਵਾਂ ਤੇ ਉਨ੍ਹਾਂ ਦੀਆਂ ਕੁਰਬਾਨੀਆਂ ਦਾ ਇਨ-ਕਲਾਬੀ ਤੇ ਕਰਾਮਾਤੀ ਅਸਰ ਇਹ ਹੋਇਆ ਕਿ ਚਿਰਾਂ ਦੀ ਦੱਬੀ ਹੋਈ ਲੋਕਾਈ ਜਾਗ ਉਠੀ। ਜਾਗ ਉਠੀਆਂ ਨਵੀਆਂ ਆਸਾਂ। ਨਵੇਂ ਹੁਲਾਰੇ ਤੇ ਨਵਾਂ ਨਰੋਆ ਜੋਸ਼ ਲੈ ਕੇ ਇਹ ਲੋਕਾਂ ਦੀ ਲਹਿਰ ਜਾਗ ਉਠੀ। ਇਸ ਲਹਿਰ ਨੇ ਪਾਂਧਿਆਂ, ਪੁਜਾਰੀਆਂ, ਮੁਲਾਂ ਮੁਲਾਣਿਆਂ ਦਾ ਭਾਰ ਸਿਰੋਂ ਲਾ ਕੇ ਪਰ੍ਹਾਂ ਵਗਾਹ ਮਾਰਿਆ ਤੇ ਧਰਮ ਨਾਲ ਆਪਣਾ ਸਿੱਧਾ ਨਾਤਾ ਜੋੜਿਆ।

ਸਤਿਗੁਰਾਂ ਜਦ ਵੇਖਿਆ ਕਿ ਇਹ ਲੋਕ ਲਹਿਰ ਹੁਣ ਆਪਣੇ ਪੈਰਾਂ ਤੇ ਖਲੋ ਗਈ ਹੈ ਤਾਂ ਉਨ੍ਹਾਂ ਨੇ ਸਾਰੀ ਜ਼ਿੰਮੇਵਾਰੀ ਇਹਨਾਂ ਨੂੰ ਸੌਂਪ ਦਿਤੀ ਤੇ ਆਪ ਲਾਂਭੇ ਹੋ ਗਏ। ਲਾਂਭੇ ਨਹੀਂ, ਆਪਣੇ ਖਾਸ ਰੂਪ, ਕਾਰਨਾਮਿਆਂ ਅਤੇ ਸ਼ਬਦ ਦੇ ਰੂਪ ਵਿਚ ਸਮਾ ਗਏ। ਅਜ ਇਸ ਲੋਕ-ਲਹਿਰ ਨੂੰ ਕੋਈ ਦਬਾਣਾ ਚਾਹੇ, ਤਾਂ ਇਹ ਦਬੇਗੀ ਨਹੀਂ। ਜਰਵਾਣਿਆਂ ਤੋਂ ਦੇਸ਼ ਦੀ ਰਖਿਆ ਕਰੇਗੀ। ਅਜ ਦਸਮ ਸਤਿਗੁਰਾਂ ਦੇ ਸ਼ਸਤਰ ਲੋਕਾਂ ਵਿਚ ਅਥਾਹ ਉਮਾਹ ਪੈਦਾ ਕਰ ਰਹੇ ਹਨ। ਪ੍ਰਗਟ ਹੈ ਕਿ ਸਤਿਗੁਰੂਆਂ ਦੀ ਸ਼ਕਤੀ ਤੇ ਸ਼ਰਧਾ ਅਜ ਵੀ ਕਿਤਨੀ ਪ੍ਰੇਰਨਾ-ਭਰਪੂਰ ਹੈ। ਅਜ ਵੀ ਸਤਿਗੁਰਾਂ ਰਾਹੀਂ ਦੇਸ਼ ਤੇ ਧਰਮ ਦਾ ਭਲਾ ਹੋ ਰਿਹਾ ਹੈ। ਐਸੇ ਸਤਿਗੁਰਾਂ ਬਾਰੇ ਉਪਰ ਲਿਖੇ ਮੂਰਖਤਾ ਭਰੇ ਸ਼ਬਦ ਲਿਖਣੇ ਕਿਤਨੀ ਅਕ੍ਰਿਤਘਨਤਾ ਹੈ। ਸਤਿਗੁਰਾਂ ਦੀ ਨਿੰਦਾ ਕਰਨ ਵਾਲਾ ਨਾ ਦੇਸ਼ ਦਾ ਮਿਤਰ ਹੈ ਨਾ ਸਮਾਜ ਦਾ ਤੇ ਨਾ ਹੀ ਹਿੰਦੀ ਦਾ।

ਸਤਿਗੁਰਾਂ ਨੂੰ ਗਲਤ ਰੰਗ ਵਿਚ ਪੇਂਟ (ਰੰਗਣ) ਕਰਨ ਦੀ ਮਹਾਸ਼ਾ ਨਰਿੰਦਰ ਦੀ ਬੀਮਾਰੀ ਦੀ ਜੜ੍ਹ ਕਿਹੜੀ ਹੈ। ਜੇ ਇਸ ਦੀ ਖੋਜ ਕੀਤੀ ਜਾਏ ਤਾਂ ਪਤਾ ਲਗਦਾ ਹੈ ਕਿ ਇਸ ਬਿਮਾਰੀ ਦੀ ਜੜ੍ਹ ਸੁਆਮੀ ਦਯਾਨੰਦ ਸਨ ਜਿਨ੍ਹਾਂ ਨੇ ਆਪਣੀ ਕਿਤਾਬ "ਸਤਿਆ-ਰਥ ਪ੍ਰਕਾਸ਼" ਵਿਚ ਗੁਰੂ ਨਾਨਕ ਜੀ ਬਾਰੇ ਲਿਖ ਮਾਰਿਆ ਕਿ ਗੁਰੂ ਨਾਨਕ ਅਨਪੜ੍ਹ ਸਨ ਤੇ ਆਪਣੇ ਲਈ ਝੂਠੀ ਸ਼ੋਭਾ ਜਾਂ ਸ਼ੁਹਰਤ ਖਟਣ ਲਈ ਉਹ ਲੋਕਾਂ ਵਿਚ ਆਪਣੇ ਆਪਨੂੰ ਸੰਸਕ੍ਰਿਤ ਪੜ੍ਹਿਆ ਹੋਇਆ ਪ੍ਰਗਟ ਕਰਦੇ ਸਨ। ਇਸ ਦੋਸ਼ ਦੇ ਸਬੂਤ ਵਿਚ ਆਪ ਨੇ ਮੂਲ ਮੰਤਰ ਦਾ ਸਬਦ 'ਨਿਰਭਉ' ਪੇਸ਼ ਕੀਤਾ ਹੈ ਤੇ ਦਲੀਲ ਦਿਤੀ ਹੈ ਕਿ ਜੇ ਗੁਰੂ ਨਾਨਕ ਸੰਸਕ੍ਰਿਤ ਪੜ੍ਹੇ ਹੋਏ ਹੁੰਦੇ ਤਾਂ 'ਨਿਰਭਉ' ਨਾ ਲਿਖਦੇ, 'ਨਿਰਭੈ' ਲਿਖਦੇ। ਮਹਾਸ਼ਿਆਂ ਨੇ ਇਸ ਬੋਦੀ ਦਲੀਲ ਤੇ ਅਧਾ-ਰਤ ਨਿਰਮੂਲ ਕਥਨ ਦਾ ਪ੍ਰਚਾਰ ਈਰਖਾ ਅਧੀਨ ਚਹੁੰ ਕੂੰਟਾਂ ਵਿਚ ਕੀਤਾ। 'ਗੁਰੂ ਨਾਨਕ ਅਨਪੜ੍ਹ ਸਨ' ਸਭ ਭਾਸ਼ਾਵਾਂ ਵਿਚ "ਸਤਿਆਰਥ ਪ੍ਰਕਾਸ" ਛਪਵਾ ਕੇ ਇਸ ਝੂਠੇ ਤੇ ਬੇਦਲੀਲੇ ਬਿਆਨ ਨਾਲ ਕੂੜ ਦਾ ਪ੍ਰਕਾਸ਼ ਕੀਤਾ। ਇਸ ਬਿਆਨ ਤੇ ਇਸ ਦਲੀਲ ਨੂੰ ਵੀ ਲਗਦੇ ਹਥੀਂ, ਥਲੇ ਵਿਚਾਰ ਗੋਚਰਾ ਕੀਤਾ ਜਾਂਦਾ ਹੈ:

ਸੰਸਕ੍ਰਿਤ ਪੜ੍ਹਨ ਨਾਲ ਨਾ ਤਾਂ ਕੋਈ ਸੁਰਖ਼ਾਬ ਦਾ ਪਰ ਲਗ ਜਾਂਦਾ ਹੈ ਤੇ ਨਾ ਹੀ ਨਾ ਪੜ੍ਹਨ ਨਾਲ ਖੋਤੀ ਨੂੰ ਹਥ ਲਗ ਗਾਂਦਾ ਹੈ। ਸੁਆਮੀ ਦਯਾਨੰਦ ਆਪ ਫਾਰਸੀ, ਪੰਜਾਬੀ, ਆਦਿ—ਕਈ ਜ਼ੁਬਾਨਾਂ—ਨਹੀਂ ਪੜ੍ਹਿਆ ਹੋਇਆ ਸੀ। ਅੰਗਰੇਜ਼ੀ ਤਾਂ ਉਹ ਉਕਾ ਹੀ ਨਹੀਂ ਜਾਣਦਾ ਸੀ। ਤਾਂ ਕੀ ਉਸ ਨੂੰ ਵੀ ਅਨਪੜ੍ਹ ਕਿਹਾ ਜਾਏ?

ਭਾਸ਼ਾ ਵਿਗਿਆਨ (Phi lology) ਦਾ ਉਸਨੂੰ ਕੱਖ ਵੀ ਪਤਾ ਨਹੀਂ ਸੀਕਿਇਕ ਭਾਸ਼ਾ ਦਾ ਸ਼ਬਦ ਦੂਜੀ ਭਾਸ਼ਾ ਵਿਚ ਜਾ ਕੇ ਕਿਵੇਂ ਬਦਲ ਜਾਂਦਾ ਹੈ। ਸੰਸਕ੍ਰਿਤ ਦਾ ਨਿਰਭੈ ਪੁਰਾਣੇ ਰੂਪ ਵਿਚ 'ਨਿਰਭਉ' ਹੀ ਸੀ ਜਾਂ ਕਹਿ ਲਓ ਕਿ ਪੰਜਾਬੀ ਵਿਚ ਆ ਕੇ 'ਨਿਰਭਉ'ਬਣ ਚੁਕਾ ਸੀ।'ਨਿਰਭਉ' ਸ਼ਬਦ ਪੰਜਾਬੀਵਿਚ

ਆਮ ਵਰਤਿਆ ਜਾਂਦਾ ਸੀ ਤੇ ਅਜ ਕਲ ਵੀ ਵਰਤਿਆ ਜਾਂਦਾ ਹੈ। ਸਤਿਗੁਰਾਂ ਨੇ ਉਸ ਵੇਲੇ ਦੀ ਪੰਜਾਬੀ ਵਿਚ ਆਪਣੇ ਵੀਚਾਰ ਪ੍ਰਗਟ ਕੀਤੇ ਤੇ ਲੋੜ ਅਨੁਸਾਰ ਪੰਜਾਬੀ ਦਾ ਸ਼ਬਦ 'ਨਿਰਭਉ' ਵਰਤਿਆ। ਉਨ੍ਹਾਂ ਠੀਕ ਕੀਤਾ। ਜੇ ਸੰਸਕ੍ਰਿਤ ਜ਼ੁਬਾਨ ਵਿਚ ਬਾਣੀ ਕਹਿ ਰਹੇ ਹੁੰਦੇ ਤੇ 'ਨਿਰਭਉ' ਕਹਿੰਦੇ ਤਾਂ ਇਸ ਦੋਸ਼ ਵਿਚ ਕੋਈ ਵਜ਼ਨ ਹੁੰਦਾ, ਪਰ ਜਪੁ ਜੀ ਸਾਹਿਬ ਤੇ ਹੋਰ ਗੁਰਬਾਣੀ ਪੰਜਾਬੀ ਵਿਚ ਲਿਖੀ ਗਈ ਤੇ ਉਚਾਰੀ ਗਈ, ਸੰਸਕ੍ਰਿਤ ਵਿਚ ਉਕਾ ਨਹੀਂ। ਫਿਰ ਇਹ ਗਲਤੀ ਕਢਣ ਵਾਲੇ ਦੀ ਗਲਤੀ ਹੈ ਕਿ ਕਹੇ ਕਿ ਪੰਜਾਬੀ ਲਿਖਦਿਆਂ ਸ਼ੁਧ ਸੰਸਕ੍ਰਿਤ ਸ਼ਬਦ ਕਿਉਂ ਨਹੀਂ ਵਰਤਿਆ। ਗਲਤੀ ਕਢਣ ਵਾਲੇ ਦੀ ਗਲਤੀ ਹੀ ਨਹੀਂ, ਬਦਨੀਤੀ ਵੀ ਹੈ। ਇਸੇ ਬਦਨੀਤੀ ਪਿਛੇ ਮਹਾਤਮਾਂ ਗਾਂਧੀ ਜੀ ਨੇ 'ਸਤਿਆਰਥਕ ਪ੍ਰਕਾਸ਼' ਨੂੰ ਮਾੜਾ ਸੀ। ਇਕ ਮਿਸਾਲ ਦੇ ਕੇ ਸੁਆਮੀ ਜੀ ਦੀ ਦਲੀਲ ਦਾ ਦੋਸ਼ ਹੋਰ ਉਘੇੜਿਆ ਜਾਂਦਾ ਹੈ। ਅੰਗਰੇਜੀ ਦਾ ਸ਼ਬਦ ਹੈ Lantern (ਲੈਨਟ੍ਰਨ)। ਇਹ ਪੰਜਾਬੀ ਵਿਚ ਆ ਕੇ 'ਲਾਲਟੈਨ' ਹੋ ਗਿਆ ਹੈ। ਹੁਣ ਜੇ ਕੋਈ ਆਦਮੀ ਪੰਜਾਬੀ ਲਿਖਦਾ ਜਾਂ ਬੋਲਦਾ ਹੋਇਆ 'ਲਾਲਟੈਨ' ਸ਼ਬਦ ਦੀ ਵਰਤੋਂ ਕਰਦਾ ਹੈ ਤਾਂ ਇਸ ਤੋਂ ਕੋਈ ਮੂਰਖ ਹੀ ਇਹ ਨਤੀਜਾ ਕਢ ਸਕਦਾ ਹੈ ਕਿ ਇਹ ਆਦਮੀ ਅੰਗਰੇਜ਼ੀ ਨਹੀਂ ਜਾਣਦਾ ਤੇ ਐਵੇਂ ਆਪਣੀ ਝੂਠੀ ਸ਼ੋਭਾ ਵਾਸਤੇ ਲੋਕਾਂ ਵਿਚ ਆਪਣੇ ਆਪ ਨੂੰ ਅੰਗਰੇਜ਼ੀ ਪੜ੍ਹਿਆ ਹੋਇਆ ਜ਼ਾਹਿਰ ਕਰ ਰਿਹਾ ਹੈ। ਸੁਆਮੀ ਦਯਾਨੰਦ ਦੇ ਝੂਠੇ ਕਥਨ ਤੇ ਗਲਤ ਦਲੀਲ ਦੀ ਵੀ ਇਹੋ ਹਾਸੋਹੀਣੀ ਪੋਜ਼ੀਸ਼ਨ ਪ੍ਰਤੱਖ ਹੈ। ਜੇ ਕੋਈ ਅੰਗਰੇਜ਼ੀ ਬੋਲਦਾ ਜਾਂ ਲਿਖਦਾ ਹੋਇਆ 'ਲੈਨਟਰਨ' ਦੀ ਥਾਂ ''ਲਾਲਟੈਨ' ਬੋਲਦਾ ਹੈ ਤਾਂ ਠੀਕ ਗਲਤੀ ਹੈ ਤੇ ਇਸ ਤੋਂ ਉਸ ਦੇ ਅੰਗਰੇਜ਼ੀ ਗਿਆਨ ਤੇ ਸ਼ੱਕ ਦੀ ਗੁੰਜਾਇਸ਼ ਹੈ, ਪਰ ਪੰਜਾਬੀ ਬੋਲਦਿਆਂ 'ਲਾਲਟੈਨ' ਕਹਿਣਾ ਦੋਸ਼ ਨਹੀਂ, ਤੇ ਇਸ ਨਿਰਮੂਲ ਦੋਸ਼ ਉਤੇ ਗਿਆਨ ਅਤੇ ਨੀਅਤ ਦੋਹਾਂ ਤੇ ਤੁਹਮਤ ਲਾਣੀ ਸ਼ੱਕੀ, ਹੰਕਾਰੀ, ਤੰਗ ਦਿਲ ਤੇ ਈਰਖਾਲੂ ਆਦਮੀ ਦਾ ਕੰਮ ਹੈ। ਇਹੋ ਜਹੀ ਗਲਤੀ ਹੀ ਸੁਆਮੀ ਦਯਾਨੰਦ ਦੇ ਲਾਇਕ ਚੇਲੇ ਮਹਾਸ਼ਾ ਨਰੇਂਦਰ ਦੀ ਹੈ, ਜਿਸ ਨੇ ਸਤਿਗੁਰਾਂ ਨੂੰ ਅਣਜਾਣਪੁਣੇ ਵਿਚ ਜਾਂ ਜਾਣ ਬੁਝ ਕੇ ਗਲਤ ਰੰਗ ਵਿਚ ਪੇਸ਼ ਕਰਨ ਦਾ ਕੁਕਰਮ ਕੀਤਾ ਹੈ।

ਹੋਰ ਮਹਾਸ਼ਾ ਜੀ ਲਿਖਦੇ ਹਨ ਕਿ ਪੰਜਾਬੀ ਦੀ ਕੋਈ ਬਾਕਾਇਦਾ ਗ੍ਰਾਮਰ ਨਹੀਂ। ਇਸ ਦੋਸ਼ ਨੂੰ ਅਗਲੇ ਪਰਚੇ ਵਿਚ ਛਾਣਿਆ ਪੁਣਿਆ ਜਾਵੇਗਾ।

(ਚਲਦਾ)

ਵਿਚਾਰ–ਤਰੰਗਾਂ

ਆਜ਼ਾਦੀ ਅਥਵਾ ਮੁਕਤੀ ਬੜੀ ਚੰਗੀ ਚੀਜ਼ ਹੈ ਪਰ ਬੰਧਨ ਅਥਵਾ ਪਾਬੰਦੀ ਵੀ ਜ਼ਰੂਰੀ ਵਸਤੂ ਹੈ ਜਿਸ ਨੇ ਬੰਧਨ ਸ੍ਵੀਕਾਰ ਨਹੀਂ ਕੀਤਾ, ਉਸ ਲਈ ਮੋਖਸ਼ ਦੀ ਖਾਹਸ਼ ਕਰਨੀ ਭੀ ਵਿਅਰਥ ਹੈ।

ਦਿਲ ਵਿਚ ਪਿਆਰ ਹੋਵੇ ਸਹੀ, ਉਸ ਨੂੰ ਪ੍ਰਗਟ ਕਰਨ ਲਈ ਅਖਰ ਆਪੇ ਜੁੜ ਜਾਣਗੇ।

ਦਿਖਾਵਾ ਕਰਨ ਦੀ ਖਾਹਸ਼ ਤਾਂ ਪੈਦਾ ਹੁੰਦੀ ਹੈ ਜੇ ਅੰਦਰੋਂ ਕੋਈ ਘਾਟ ਮਹਿਸੂਸ ਹੋਵੇ। ਜੇ ਅੰਤਸ਼ਕਰਣ ਭਰਪੂਰ ਹੋਵੇ ਤਾਂ ਦਿਖਾਵਾ ਕਰਨਾ ਭਾਰ ਮਲੂਮ ਹੁੰਦਾ ਹੈ। ਅਮੀਰੀ ਤੇ ਬੱਲ ਦਾ ਵਖਾਵਾ ਆਪਣੀ ਅੰਦਰਲੀ ਗ਼ਰੀਬੀ ਤੇ ਨਿਰਬਲਤਾ ਨੂੰ ਢੱਕਣ ਲਈ ਹੈ।

ਦੇਣ ਵਾਲੇ ਨੂੰ ਕਿਸਨੇ ਠੱਗਿਆ ਹੈ ? ਠਗਿਆ ਤਾਂ ਉਹ ਜਾਂਦਾ ਹੈ ਜੋ ਕੁਝ ਪਾਣ ਦਾ ਇੱਛਕ ਹੈ।

ਸਭ ਧਰਮਾਂ ਦਾ ਆਦਰ ਕਰੋ ਪਰ ਮਨ ਦੀ ਪਿਆਸ ਆਪਣੇ ਹੀ ਧਰਮ ਨਾਲ ਬੁਝਾਓ।

ਉਤਨਾ ਹੀ ਕੋਈ ਮਹਾਤਮਾਂ ਹੈ ਜਿਤਨਾ ਕੋਈ ਸਹਿ ਸਕਦਾ ਹੈ।

ਮਨੁਖ ਆਪਣੇ ਦੁਖ ਨੂੰ ਵਧਾ ਚੜ੍ਹਾ ਕੇ ਬਿਆਨ ਕਰਦਾ ਹੈ ਤੇ ਦੂਜੇ ਦੇ ਸੁਖ ਨੂੰ। ਇਸ ਤਰ੍ਹਾਂ ਦੁਖ ਵਧਦਾ ਹੈ, ਘਟਦਾ ਨਹੀਂ। ਦੁਖ ਨੂੰ ਘਟਾਣ ਦਾ ਤਰੀਕਾ ਕੇਵਲ ਇਕ ਹੀ ਹੈ ਕਿ ਉਸ ਨੂੰ ਆਪਣੇ ਕਰਮਾਂ ਦਾ ਨਤੀਜਾ ਸਮਝ ਕੇ ਸਹਿਆ ਜਾਵੇ ਤੇ ਉਸ ਨੂੰ ਬਦਲਣ ਲਈ ਚੰਗੇ ਕਰਮ ਕੀਤੇ ਜਾਣ।

—o—

ਸੰਗ੍ਰਾਂਦ ਦਾ ਗੁਰਵਾਕ

(ਫਗੁਣ ਸੰਮਤ ੨੦੨੨ (੧੨ ਫਰਵਰੀ ੧੯੬੬) ਦਾ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦਾ ਗੁਰਵਾਕ)

ਸੋਰਠਿ ਮਹਲਾ ੫ (ਪੰਨਾ ੬੨੬ ਪਾਲ ੧੯)

ਸੋਈ ਕਰਾਇ ਜੋ ਤੁਧੁ ਭਾਵੈ ॥ ਮੋਹਿ ਸਿਆਣਪ ਕਛੂ ਨ ਆਵੈ ॥ ਹਮ ਬਾਰਿਕ ਤਉ ਸਰਣਾਈ ॥ ਪ੍ਰਭਿ ਆਪੇ ਪੈਜ ਰਖਾਈ ॥ ੧ ॥ ਮੇਰਾ ਮਾਤ ਪਿਤਾ ਹਰਿ ਰਾਇਆ ਕਰਿ ਕਿਰਪਾ ਪ੍ਰਤਿਪਾਲਣ ਲਾਗਾ ਕਰੀਂ ਤੇਰਾ ਕਰਾਇਆ ॥ ਰਹਾਉ ॥ ਜੀਅ ਜੰਤ ਤੇਰੇ ਧਾਰੇ ॥ ਪ੍ਰਭਿ ਡੋਰੀ ਹਾਥਿ ਤੁਮਾਰੇ ॥ ਜਿ ਕਰਾਵੈ ਸੋ ਕਰਣਾ ॥ ਨਾਨਕ ਦਾਸ ਤੇਰੀ ਸਰਣਾ ॥ ੨ ॥ ੭ ॥

ਅਰਥ–ਹੇ ਵਾਹਿਗੁਰੂ, ਤੂੰ ਮੈਥੋਂ ਉਹੀ ਕੰਮ ਕਰਾਉਂਦਾ ਹੈਂ ਜੋ ਤੈਨੂੰ ਭਾਉਂਦੇ ਹਨ, ਮੈਨੂੰ ਕੋਈ ਸਿਆਣਪ ਨਹੀਂ ਆਉਂਦੀ। ਗੁਰਮਤ ਦਾ ਇਹ ਵੱਡਾ ਉਪਦੇਸ਼ ਹੈ ਜੋ ਸਤਿਗੁਰੂ ਅਰਜਨ ਦੇਵ ਜੀ ਆਪਣੇ ਆਪ ਨੂੰ ਸੰਬੋਧਨ ਕਰਕੇ ਦੇਂਦੇ ਹਨ । ਪ੍ਰਭੂ ਪ੍ਰੱਤੀ ਕਹਿੰਦੇ ਹਨ, ਮੈਂ ਤਾਂ ਮਾਤ ਪਿਤਾ ਦੇ ਸਾਹਮਣੇ ਇਕ ਇਆਣੇ ਬਾਲਕ ਵਾਂਗ ਹਾਂ ਹੇ ਪ੍ਰਭੂ, ਤੇ ਤੇਰੀ ਸ਼ਰਣ ਆਇਆ ਹਾਂ। ਤੂੰ ਆਪੇ ਆਪਣੀ ਪੈਜ ਰਖਣੀ ਹੈ ਤੇ ਪਿਛੇ ਰਖੀ ਹੈ । ਹੇ ਮੇਰੇ ਹਰੀ ਰਾਜਾ, ਤੂੰ ਮੇਰਾ ਮਾਤਾ ਪਿਤਾ ਹੈਂ, ਤੂੰ ਕਿਰਪਾ ਕਰਕੇ ਮੇਰੀ ਪ੍ਰਤਿਪਾਲਣਾ ਕਰਨ ਲਗਾ ਹੋਇਆ ਹੈਂ, ਤੇ ਮੈਂ ਓਹੀ ਕੁਝ ਕਰਦਾ ਹਾਂ ਜੋ ਤੂੰ ਕਰਾਉਂਦਾ ਹੈਂ। ਹੇ ਪ੍ਰਭੂ ! ਸ੍ਰਿਸ਼ਟੀ ਤੇ ਜੋ ਜੀਵ ਜੰਤੂ ਹਨ, ਇਹ ਸਭ ਤੇਰੇ ਹੀ ਬਣਾ ਕੇ ਟਿਕਾਏ ਹੋਏ ਹਨ ਤੇ ਆਪਣੇ ਕਰਮਾਂ ਵਿਚ ਭਾਵੇਂ ਆਜ਼ਾਦ ਜਾਪਦੇ ਹਨ, ਪਰ ਜੇ ਡੂੰਘੀ ਨਜ਼ਰ ਨਾਲ ਵੇਖੀਏ, ਤਾਂ ਇਹ ਤੇਰੀ ਮਰਜ਼ੀ ਅਨੁਸਾਰ ਚਲਦੇ ਹਨ। ਇਨ੍ਹਾਂ ਦੇ ਨੱਕ ਵਿਚ ਮਾਨੋ ਨੱਥ ਜਾਂ ਨੁਕੇਲ ਹੈ ਤੇ ਡੋਰੀ ਤੇਰੀ ਹੱਥ ਹੈ, ਜਿਥੇ ਤੂੰ ਚਲਾਏਂ ਓਧਰ ਚਲਦੇ ਹਨ । ਸੋ ਹੇ ਪ੍ਰਭੂ ! ਇਹ ਗਲ ਮੈਂ ਸਮਝ ਲਈ ਹੈ ਕਿ ਜੋ ਕੁਝ ਤੂੰ ਕਰਾਣਾ ਚਾਹੁੰਦਾ ਹੈਂ ਸੋਈ ਮੈਂ ਪਿਆ ਕਰਦਾ ਹਾਂ । ਸੋ ਮੇਰੀ ਜ਼ਿੰਮੇਵਾਰੀ ਤੇ ਚਿੰਤਾ ਲੱਥ ਗਈ ਹੈ, ਮੈਂ ਦਾਸ ਨਾਨਕ ਤੇਰੀ ਸ਼ਰਣ ਹਾਂ, ਬੇਫਿਕਰ ਤੇ ਹਲਕਾ ਫੁਲਕਾ ਹੋ ਕੇ, ਨਤੀਜੇ ਤੋਂ ਬੇਨਿਆਜ਼ ਹੋ ਕੇ ਕਰਮ ਕਰਦਾ ਹਾਂ ।

ਜਦ ਦੁਨੀਆਂ ਵਿਚ ਰਹਿਣ ਦਾ ਇਸ ਤਰ੍ਹਾਂ ਦਾ ਨਜ਼ਰੀਆ ਬਣ ਜਾਵੇ ਤਾਂ ਨਾ ਤਾਂ ਆਦਮੀ ਕਰਮ-ਹੀਨ, ਆਲਸੀ ਤੇ ਪਰਅਧੀਨ ਰਹਿੰਦਾ ਹੈ ਤੇ ਨਾਂ ਹੀ ਅਸਫਲਤਾਵਾਂ ਤੋਂ ਦਿਲ ਹਾਰ ਕੇ ਦਿਲ ਹਾਰਦਾ ਹੀ ਹੈ। ਸਫਲਤਾ ਤੇ ਅਸਫਲਤਾ ਨਾਲ ਉਹ ਬਹੁਤਾ ਵਾਸਤਾ ਨਹੀਂ ਰਖਦਾ, ਕਰਮ ਕਰਨ ਤਕ ਜ਼ਿੰਮੇਵਾਰੀ ਸਮਝਦਾ ਹੈ ਤੇ ਨਤੀਜਾ ਪਰਮੇਸ਼ਰ ਤੇ ਛਡ ਕੇ ਸੁਰਤ ਮਤ ਮਨ ਬੁਧੀ ਨੂੰ ਸਾਂਵਾ ਪੱਧਰਾ ਤੇ ਅਡੋਲ ਰਖਦਾ ਹੈ। ਨਿਸਚੇ ਤੇ ਹਿਕਮਤ ਅਮਲੀ ਦਾ ਇਹ ਕਿਡਾ ਸੋਹਣਾ ਰਲਾਓ ਹੈ। ਜਿਹੜੇ ਕਠਨ ਕੰਮਾਂ ਵਿਚੋਂ ਲੰਘਦੇ ਡੋਰੀ ਪਰਮੇਸ਼ਰ ਦੇ ਹਥ ਸਮਝ ਆਪਣਾ ਧਰਮ ਨਿਬਾਹੀ ਚਲਦੇ ਹਨ, ਉਹ ਕਰਮ ਕਰਦੇ ਹੋਏ ਵੀ ਨਿਹਕਰਮ ਹਨ ਤੇ ਜ਼ੋਰਦਾਰ ਜਤਨ ਕਰਦੇ ਹੋਏ ਵੀ ਨਿਸ਼ਕਾਮ ਹਨ। ਉਹ ਆਸ਼ਾ ਵਿਚ ਨਿਰਾਸ਼ਾ ਹਨ, ਮਾਇਆ ਵਿਚ ਉਦਾਸ ਹਨ ਤੇ ਸਦਾ ਪ੍ਰਮੇਸ਼ਰ ਵਿਚ ਲੀਨ ਰਹਿੰਦੇ ਹਨ।

ਸੁਆਲ ਜਵਾਬ

* ਗਿ: ਸੁਜਾਨ ਸਿੰਘ, ਨਾਇਬ
ਸੂਬੇਦਾਰ, ੫੬, ਏ. ਪੀ. ਓ।

ਸੁਆਲ—ਬਿਕ੍ਰਮ ਸੰਮਤ ਕਿਸ ਦਿਨ ਤੋਂ ਆਰੰਭ ਹੁੰਦਾ ਹੈ, ਚੇਤ ਮਹੀਨੇ ਤੋਂ ਜਾਂ ਮਸਿਆ ਤੋਂ।

ਜਵਾਬ—ਬਿਕ੍ਰਮੀ ਸੰਮਤ ਚੇਤਰ ਸੁਦੀ ੧ ਤੋਂ ਸ਼ੁਰੂ ਹੁੰਦਾ ਹੈ ਜੋ ਮਸਿਆ ਤੋਂ ਅਗਲੇ ਦਿਨ ਹੁੰਦੀ ਹੈ। ਇਸ ਸਾਲ ਇਹ ਮਾਰਚ ਦੀ ੨੩ ਤੋਂ ਆਰੰਭ ਹੋਵੇਗਾ। ਇਸ ਦਾ ਆਮ ਨਾਮ 'ਸੰਮਤ ਚੜ੍ਹਨਾ' ਹੈ, ਸੋ ਸੰਮਤ ੨੦੨੩—ਮਾਰਚ ੨੩ ੧੯੬੬—ਮੁਤਾਬਕ ੧੦ ਚੇਤਰ ਨੂੰ ਚੜ੍ਹੇਗਾ। ਚੇਤਰ ਦੇ ਨੌਂ ਦਿਨ ਸੰਮਤ ੨੦੨੨ ਵਿਚ ਪੈਂਦੇ ਹਨ ਤੇ ਚੇਤਰ ੧੦ ਸੰਮਤ ੨੦੨੩ ਵਿਚ ਪੈਂਦਾ ਹੈ। ਸੰਮਤ ਖਾਲਸਾ ਵਸਾਖ ਦੀ ੧ ਤੋਂ ਚੜ੍ਹਦਾ ਹੈ ਜੋ ੧੩ ਅਪਰੈਲ ਨੂੰ ਪੈਂਦੀ ਹੈ। ੧੩ ਅਪਰੈਲ ੧੯੬੬ ਨੂੰ ਸੰਮਤ ਖਾਲਸਾ ੨੬੮ ਚੜ੍ਹੇਗਾ।

ਸੁਆਲ (੨)—ਭਗਤ ਨਾਮਦੇਵ ਜੀ ਦੇ ਇਸ ਸ਼ਬਦ ਦੇ ਅਰਥ ਲਿਖਣੇ। "ਪਹਿਲੇ ਪੁਰੀਏ ਪੁੰਡਰਕ ਵਨਾ'।

ਜਵਾਬ—ਪਹਿਲੇ ਪੁਰੀਏ ਪੁੰਡਰਕ ਵਨਾ ॥ ਤਾਚੇ ਹੰਸਾ ਸਗਲੇ ਜਨਾ ॥ (ਅਰਥ—ਪਹਿਲੇ ਦੀ ਸ੍ਰਿਸ਼ਟੀ ਸੀ ਕੰਵਲਾ ਦਾ ਬਣ, ਭਾਵ ਸੁੰਦਰ ਕੁਦਰਤ ਸੀ। ਉਸ ਦੇ ਹੰਸ ਸਾਰੇ ਜੀਵ ਹੋਏ, ਭਾਵ ਸਾਰੇ ਜੀਵ ਉਸ ਵਿਚ ਹੰਸਾਂ ਸਮਾਨ)। ਕ੍ਰਿਸ਼ਾ ਤੇ ਜਾਨਉ ਹਰਿ ਹਰਿ ਨਾਚੰਤੀ ਨਾਚਨਾ ॥ ੧ ॥ ਭਾਵ ਇਨ੍ਹਾਂ ਦੀ ਤਾਰ ਖਿਚਣ ਵਾਲਾ, ਪ੍ਰੇਰਕ, ਜੋ ਹਰੀ ਹੈ ਉਸ ਤੋਂ ਜਾਣ ਲੌ ਨਚ ਰਹੀ ਹੈ ਸਾਰੀ ਸ੍ਰਿਸ਼ਟੀ, ਮਾਨੋ ਕ੍ਰਿਸ਼ਨ ਗੋਪੀਆਂ ਨੂੰ ਨਚਾ ਰਿਹਾ ਹੈ।

ਪਹਿਲ ਪੁਰਸਾਬਿਰਾ ॥ ਅਥੋਨ ਪੁਰਸਾਦਮਰਾ ॥ ਅਸਗਾ ਅਸ ਉਸਗਾ ॥ ਹਰਿ ਕਾ ਬਾਗਰਾ ਨਾਚੈ ਪਿੰਧੀ ਮਹਿ ਸਾਗਰਾ ॥ ੧ ॥ ਰਹਾਉ ॥

ਅਰਥ—ਪਹਿਲੇ ਪੁਰਸ਼ ਆਬਰਾ ਸੀ ਭਾਵ ਹਰੀ ਪ੍ਰਗਟ ਸੀ। ਅਥੋਨ, ਪਿਛੋਂ, ਪੁਰਸਾਦ ਹਰੀ ਤੋਂ, ਆਮਰਾ, ਮਾਇਆ ਹੋਈ। ਆਸਗਾ—ਇਸਦਾ, ਅਸ-ਹੈ ਜਾਂ ਹੋਂਦ, ਉਸਗਾ-ਉਸਦਾ। ਭਾਵ ਜੋ ਕੁਝ ਮਾਇਆ ਦਾ ਹੈ ਸੋ ਹਰੀ ਦਾ ਹੈ। ਹਰਿ ਕਾ ਬਾਗਰਾ—ਇਹ ਸਭ ਹਰੀ ਦਾ ਬਗੀਚਾ ਹੈ, ਨਾਚੈ ਪਿੰਧੀ ਮਹਿ ਸਾਗਰਾ—ਤੇ ਇਹ ਨਚ ਰਿਹਾ ਹੈ ਜਿਵੇਂ ਖੂਹ ਦੀਆਂ ਟਿੰਡਾਂ ਵਿਚ ਪਾਣੀ।

ਨਾਚੰਤੀ ਗੋਪੀ ਜੰਨਾ ॥ ਨਈਆ ਤੇ ਬੈਰੇ ਕੰਨਾ ॥ ਤਰਕੁ ਨ ਚਾ ॥ ਭ੍ਰਮੀਆ ਚਾ ॥ ਕੇਸਵਾ ਬਚਉਨੀ ਅਈਏ ਮਈਏ ਏਕਅਨ ਜੀਉ ॥ ੨ ॥ ਇਹ ਮਾਨੋ ਨਚਦੀਆਂ ਹਨ ਗੋਪੀਆਂ ਕਿ ਜੀਵ ਜੋ ਹਨ। ਮਾਲਕ ਤੋਂ ਬਾਹਿਰ ਕੋਈ ਨਹੀਂ ਤਰਕ (ਸ਼ਕ) ਨਾ ਕਰ ਇਸ ਤੇ। ਇਹ ਭਰਮ ਵਾਲੀ ਗਲ ਹੈ। ਕੇਸਵਾਂ ਭਾਵ ਕੇਸਾਂ ਵਾਲਾ ਜੋ ਹਰੀ ਹੈ ਉਸਦਾ ਬਚਨ ਹੈ ਕਿ ਅਈਏ ਮਈਏ—ਇਹ ਮਾਇਆ ਤੇ ਮੈਂ, ਇਕਆਨ—ਇਕੋ ਜਹੇ ਹਾਂ, ਇਕ ਰੂਪ ਹਾਂ।

ਪਿੰਧੀ ਉਭਕਲੇ ਸੰਸਾਰਾ ॥ ਭ੍ਰਮਿ ਭ੍ਰਮਿ ਆਏ ਤੁਮਚੇ ਦੁਆਰਾ ॥ ਤੂ ਕੁਨੁ ਰੇ ॥ ਮੈ ਜੀ ॥ ਨਾਮਾ ॥

ਹੈ ਜੀ॥ ਆਲਾ ਤੇ ਨਿਵਾਰਣਾ ਜਮ ਕਾਰਣਾ ॥ ੩॥

ਪਿੰਧੀ–ਟਿੰਡਾਂ ਭਾਵ ਜੀਵ! ਉਭਕਲੇ–ਹੇਠਾਂ ਉਪਰ ਹੁੰਦੀਆਂ ਰਹਿੰਦੀਆਂ ਹਨ। ਜੂਨਾਂ ਵਿਚ ਭੌਂਦਾ ਰਹਿੰਦਾ ਹੈ, ਸੰਸਾਰ। ਭੌਂ ਭੌਂ ਕੇ, ਆਉਂਦੇ ਹਨ ਜੀਵ, ਤੇਰੇ ਦੁਆਰੇ, ਹੇ ਹਰੀ! ਹਰੀ ਪੁਛਦਾ ਹੈ, "ਤੂੰ ਕੌਣ ਹੈਂ ਰੇ ?"। ਮੈਂ ਕਹਿੰਦਾ ਹਾਂ, "ਮੈਂ ਜੀ ਨਾਮਾ ਹਾਂ, ਮੈਨੂੰ ਆਲਾ ਭਾਵ ਮਾਇਆ ਤੋਂ ਨਿਵਾਰਣਾ-ਬਚਾਣਾ" ਜੋ ਜਮ ਕਾਰਣਾ ਭਾਵ ਜੰਮਣ ਮਰਣ ਦਾ ਕਾਰਣ ਹੈ।

ਸਾਰਾ ਅਰਥ ਇਉਂ ਜੁੜੇਗਾ: ਆਰੰਭ ਵਿਚ ਸ੍ਰਿਸ਼ਟੀ ਕੰਵਲਾਂ ਦਾ ਬਣ ਸੀ ਤੇ ਉਸ ਵਿਚ ਜੀਵ ਮਾਨੋ ਹੰਸ ਸਨ। ਉਨ੍ਹਾਂ ਦੀ ਡੋਰ ਹਰੀ ਖਿਚਦਾ ਸੀ ਤੇ ਜਿਵੇਂ ਉਹ ਨਚਾਉਂਦਾ, ਸਾਰੀ ਰਚਨਾ ਨਚਦੀ ਸੀ। ਫਿਰ ਫੁਰਮਾਂਦੇ ਹਨ ਕਿ ਆਰੰਭ ਵਿਚ ਇਕ ਅਗੰਮ ਪੁਰਸ਼, ਹਰੀ ਪ੍ਰਗਟ ਪਸਰਿਆ ਹੋਇਆ ਸੀ ਪਿਛੋਂ ਉਸ ਪੁਰਸ਼ ਤੋਂ ਮਾਇਆ ਹੋਈ ਸੋ ਇਹ ਮਾਇਆ ਉਸ ਹਰੀ ਦਾ ਹੀ ਸਰੂਪ ਹੈ। ਇਹ ਸਾਰੀ ਰਚਨਾ ਹਰੀ ਦਾ ਬਗੀਚਾ ਹੈ ਤੇ ਸਾਰੀ ਰਚਨਾ ਇਸ ਵਿਚ ਇਉਂ ਨਚਦੀ ਹੈ ਜਿਵੇਂ ਖੂਹ ਦੀਆਂ ਟਿੰਡਾਂ ਵਿਚ ਪਾਣੀ ਨਚਦਾ ਹੈ। ਇੰਜ ਮੰਨੋ ਕਿ ਜੀਵ ਗੋਪੀਆਂ ਵਾਂਗ ਨਚਦੇ ਹਨ ਮਾਲਕ ਦੇ ਹੁਕਮ ਤੇ, ਉਸ ਮਾਲਕ ਤੋਂ ਬਾਹਿਰ ਕੋਈ ਨਹੀਂ। ਇਸ ਤੇ ਨਾ ਸ਼ਕ ਕਰੋ ਨਾ ਨੁਕਤਾਚੀਨੀਕਰੋ–ਇਹ ਨੁਕਤਾਚੀਨੀ ਭਰਮਾਉਂਦੀ ਭਟਕਾਉਂਦੀ ਹੈ। ਹਰੀ ਦਾ ਬਚਨ ਹੈ ਕਿ ਮਾਇਆ ਤੇ ਸੰਸਾਰ ਮੇਰਾ ਰੂਪ ਹੈ। ਇਹ ਸੰਸਾਰ ਜੂਨਾਂ ਵਿਚ ਇਉਂ ਉਪਰ ਹੇਠਾਂ ਹੁੰਦਾ ਰਹਿੰਦਾ ਹੈ ਜਿਵੇਂ ਖੂਹ ਵਿਚ ਟਿੰਡਾਂ ਹਨ। ਭੌਂ ਭੌਂ ਕੇ ਸਾਰੇ ਤੇਰੇ ਦੁਆਰੇ ਆਉਂਦੇ ਹਨ। ਮੈਂ ਵੀ ਆਇਆ ਹਾਂ। ਹਰੀ ਪੁਛਦਾ ਹੈ, ਕੌਣ ਹੈਂ ਤੂੰ ਓਇ? ਮੈਂ ਕਹਿੰਦਾ ਹਾਂ, ਮੈਂ ਜੀ ਨਾਮਾ ਹਾਂ, ਮੈਨੂੰ ਮਾਇਆ, ਜੋ ਜੰਮਣ ਮਰਣ ਤੇ ਭ੍ਰਮਣ ਦਾ ਕਾਰਣ ਹੈ, ਉਸ ਤੋਂ ਬਚਾ ਲਓ।

* ਓ. ਡਬਲਯੂ. ਏ. ਅਵਤਾਰ ਸਿੰਘ ਜੀ
ਪ੫ ਏ. ਪੀ. ਓ.

ਸੁਆਲ–ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਪਾਵਨ ਬੀੜਾਂ ਸੰਬੰਧੀ ਪਬਲਿਸ਼ਰਾਂ ਵਲੋਂ ਇਸ਼ਤਿਹਾਰ ਪੜ੍ਹ ਕੇ ਬੜਾ ਦੁਖ ਹੁੰਦਾ ਹੈ ਕਿ ਘਟੀਆ ਕਾਗਜ਼ ਮੁਲ ਇੰਨਾ, ਵਧੀਆ ਕਾਗਜ਼ ਮੁਲ ਇੰਨਾ। ਸਾਰੀ ਦੁਨੀਆਂ ਨੂੰ ਆਤਮਕ ਚਾਨਣ ਦੇਣ ਵਾਲੀ ਗੁਰਬਾਣੀ ਲਈ ਘਟੀਆ ਕਾਗਜ਼ ਵਰਤਣ ਦਾ ਕੀ ਮਤਲਬ?

ਜਵਾਬ–ਆਪ ਦੀ ਚੇਤਾਵਨੀ ਯੋਗ ਹੈ ਜੋ ਛਾਪ ਰਹੇ ਹਾਂ!

* ਭਾਈ ਹਰਨਾਮ ਦਾਸ ਹਰਬੰਸ ਸਿੰਘ ਜੀ
ਕੁਰਾਉਂ ਜ਼ਲਾ ਅਲਾਹਾਬਾਦ।

ਸੁਆਲ–ਗੋਤਮੁ ਤਪਾ ਆਹਲਿਆ ਇਸਤ੍ਰੀ ਵਾਲਾ ਸ਼ਬਦ ਅਰਥਾਂ ਸਹਿਤ ਲਿਖਣਾ, ਪੰਨਾ ੧੩੪੩ ਵਾਲਾ। ਪਿਛਲੇ ਮਹੀਨੇ ਵੀ ਏਹੀ ਸੁਆਲ ਕੀਤਾ ਸੀ ਪਰ........।

ਜਵਾਬ–'ਸੁਆਲ ਜਵਾਬ' ਦੇ ਪੰਨੇ ਗੁਰਮਤ ਦੇ ਸਿਧਾਂਤ, ਮਰਯਾਦਾ ਜਾਂ ਵਰਤੋਂ ਦੇ ਸੁਆਲਾਂ ਤੇ ਵਿਚਾਰ ਕਰਨ ਲਈ ਰਖੇ ਹੋਏ ਹਨ, ਇਨ੍ਹਾਂ ਵਿਚ ਗੁਰਬਾਣੀ ਦੇ ਅਰਥ ਤਾਂ ਹੀ ਦਿਤੇ ਜਾਂਦੇ ਹਨ ਜੇ ਉਨ੍ਹਾਂ ਸੁਆਲਾਂ ਤੋਂ ਥਾਂ ਬਚੇ।

ਇਸੇ ਸ਼ਬਦ ਦੇ ਅਰਥ ਤੇ ਉਨ੍ਹਾਂ ਵਿਚ ਆਏ ਸੰਕੇਤਾਂ ਦੇ ਪ੍ਰਸੰਗ ਪਿਛਲੇ ਜਾਂ ਪਿਛਲੇਰੇ ਸਾਲ ਅਸਾਂ ਖੋਲ੍ਹ ਕੇ ਕਈ ਕਿਸ਼ਤਾਂ ਵਿਚ ਛਾਪੇ ਸਨ। ਇਕੋ ਚੀਜ਼ ਨੂੰ ਫਿਰ ਫਿਰ ਛਾਪੀਏ ਤਾਂ ਮਜ਼ਮੂਨ ਬੇਹੇ ਲਗਦੇ ਹਨ। ਪਰੰਤੂ ਆਪ ਦੇ ਦੋਬਾਰਾ ਲਿਖਣ ਉਤੇ ਆਗਿਆ ਦੀ ਪਾਲਨਾ ਕਰ ਰਹੇ ਹਾਂ।

ਪ੍ਰਭਾਤੀ ਮਹਲਾ ੧ ਦਖਣੀ॥

ਗੋਤਮੁ ਤਪਾ ਅਹਲਿਆ ਇਸਤ੍ਰੀ ਤਿਸੁ ਦੇਖਿ ਇੰਦ੍ਰੁ ਲੁਭਾਇਆ॥ ਸਹਸ ਸਰੀਰ ਚਿਹਨ ਭਗ ਹੂਏ ਤਾ ਮਨਿ ਪਛੋਤਾਇਆ॥ ੧ ॥ ਕੋਈ ਜਾਣਿ ਨ ਭੂਲੈ ਭਾਈ॥ ਸੋ ਭੂਲੈ ਜਿਸੁ ਆਪਿ ਭੁਲਾਏ ਬੂਝੈ ਜਿਸੈ ਬੁਝਾਈ॥ ੧ ॥ ਰਹਾਉ॥ ਤਿਨਿ ਹਰੀ ਚੰਦਿ ਪ੍ਰਿਥਮੀ-ਪਤਿ ਰਾਜੈ ਕਾਗਦਿ ਕੀਮ ਨ ਪਾਈ ॥ ਅਉਗਣੁ ਜਾਣੈ ਤ ਪੁੰਨ ਕਰੇ ਕਿਉ ਕਿਉ ਨੇਖਾਸਿ ਬਿਕਾਈ॥ ੨॥ ਕਰਉ ਅਢਾਈ ਧਰਤੀ ਮਾਂਗੀ ਬਾਵਨ ਰੂਪਿ ਬਹਾਨੈ॥ ਕਿਉ ਪਇਆਲਿ ਜਾਇ ਕਿਉ ਛਲੀਐ ਜੇ ਬਲਿ ਰੂਪੁ ਪਛਾਨੈ॥ ੩ ॥ ਰਾਜਾ ਜਨਮੇਜਾ ਦੇ ਮਤੀ ਬਰਜਿ ਬਿਆਸਿ ਪੜ੍ਹਾਇਆ ॥ ਤਿਨ੍ਹਿ ਕਰਿ ਜਗ ਅਠਾਰਹ ਘਾਏ ਕਿਰਤੁ ਨ ਚਲੈ ਚਲਾਇਆ॥ ੪॥ ਗਣਤ ਨ ਗਣੀ ਹੁਕਮੁ ਪਛਾਣਾ ਬੋਲੀ ਭਾਇ

ਸੁਭਾਈ ॥ ਜੋ ਕਿਛੁ ਵਰਤੈ ਤੁਧੈ ਸਾਲਾਹੀ ਸਭ ਤੇਰੀ ਵਡਿਆਈ ॥ ੫ ॥ ਗੁਰਮੁਖਿ ਅਲਿਪਤੁ ਲੇਪੁ ਕਦੇ ਨ ਲਾਗੈ ਸਦਾ ਰਹੈ ਸਰਣਾਈ ॥ ਮਨਮੁਖੁ ਮੁਗਧੁ ਆਗੈ ਚੇਤੈ ਨਾਹੀ ਦੁਖਿ ਲਾਗੈ ਪਛੁਤਾਈ ॥ ੬ ॥ ਆਪੇ ਕਰੇ ਕਰਾਏ ਕਰਤਾ ਜਿਨਿ ਏਹ ਰਚਨਾ ਰਚੀਐ ॥ ਹਰਿ ਅਭਿਮਾਨੁ ਨ ਜਾਈ ਜੀਅਹੁ ਅਭਿਮਾਨੇ ਪੈ ਪਚੀਐ ॥ ੭ ॥ ਭੁਲਣ ਵਿਚਿ ਕੀਆ ਸਭੁ ਕੋਈ ਕਰਤਾ ਆਪਿ ਨ ਭੁਲੈ ॥ ਨਾਨਕ ਸਚਿ ਨਾਮਿ ਨਿਸਤਾਰਾ ਕੋ ਗੁਰਪ੍ਰਸਾਦਿ ਅਘੁਲੈ ॥ ੮ ॥

ਅਰਥ—ਗੌਤਮ ਇਕ ਰਿਖੀ ਸੀ, ਜਿਸ ਦੀ ਇਸਤ੍ਰੀ ਅਹਿਲਿਆ ਬਹੁਤ ਸੁੰਦਰ ਸੀ। ਉਸ ਨੂੰ ਵੇਖ ਕੇ ਇੰਦਰ ਦਾ ਮਨ ਉਸ ਤੇ ਲੁਭਾਇਆ। ਗੌਤਮ ਦਾ ਰੂਪ ਧਾਰ ਕੇ ਉਸ ਨੇ ਅਹਲਿਆ ਨਾਲ ਕੁਕਰਮ ਕੀਤਾ। ਗੌਤਮ ਰਿਖੀ ਨੇ ਉਸ ਨੂੰ ਸਰਾਪ ਦਿਤਾ ਜਿਸ ਗੁਪਤ ਅੰਗ (ਭਗ) ਲਈ ਤੂੰ ਆਪਣਾ ਤੇ ਅਹਲਿਆ ਦਾ ਸੱਤ-ਧਰਮ ਭੰਗ ਕੀਤਾ ਹੈ, ਜਾਹ ਉਸ ਅੰਗ ਦੇ ਹਜ਼ਾਰਾਂ ਚਿਨ੍ਹ ਤੇਰੇ ਸਰੀਰ ਤੇ ਹੋ ਜਾਣ। ਐਸਾ ਹੋ ਗਿਆ ਤਾਂ ਇੰਦਰ ਮਨੋਂ ਬਹੁਤ ਪਛਤਾਇਆ। ਪਰ ਕੋਈ ਜਾਣ ਬੁਝ ਕੇ ਨਹੀਂ ਭੁਲਦਾ, ਭਾਈ! ਉਹੋ ਭੁਲਦਾ ਹੈ ਜਿਸ ਨੂੰ ਕਰਤਾ ਭੁਲਾਏ ਤੇ ਉਹੋ ਤੱਤ ਨੂੰ ਬੁਝਦਾ ਹੈ ਜਿਸ ਨੂੰ ਉਹ ਬੁਝਾਏ। ਉਸਦੇ ਹੁਕਮ ਵਿਚ ਪ੍ਰਿਥਵੀ ਦਾ ਰਾਜਾ ਹਰੀ ਚੰਦ ਮਥੇ ਤੇ ਲਿਖੇ ਲੇਖ ਰਮਜ਼ ਨੂੰ ਨਾ ਪਾ ਸਕਿਆ। ਦਾਨ ਪੁੰਨ ਕਰਨ ਨੂੰ ਆਪਣਾ ਸੁਤੰਤਰ ਕਰਮ ਜਾਣ ਕੇ ਹਉਮੈਂ ਦੇ ਅਉਗੁਣ ਵਿਚ ਰੰਗਿਆ ਗਿਆ। ਜੇ ਉਹ ਇਸ ਅਉਗੁਣ ਨੂੰ ਵੀ ਜਾਣਦਾ ਤਾਂ ਪੁੰਨ ਕਰਮਾਂ ਨੂੰ ਆਪਣਾ ਨਾ ਜਾਣ ਕੇ ਈਸ਼ਵਰ ਨਮਿਤ ਕਰਦਾ ਤਾਂ ਉਸ ਨੂੰ ਮੰਡੀ ਵਿਚ ਜਾ ਕੇ ਗੁਲਾਮਾਂ ਵਾਂਗ ਨਾ ਵਿਕਣਾ ਪੈਂਦਾ। ਅਢਾਈ ਕਰੂੰ ਧਰਤੀ ਦਾ ਦਾਨ ਮੰਗਿਆ ਹਰੀ ਨੇ ਬਾਵਨ ਰੂਪ ਹੋ ਕੇ ਬੱਲ ਰਾਜੇ ਤੋਂ। ਜੇ ਉਹ ਹਰੀ ਦਾ ਰੂਪ ਪਛਾਣ ਜਾਂਦਾ ਤਾਂ ਬਾਵਨ ਭਗਵਾਨ ਦੇ ਭਾਰ ਥਲੇ ਦਬ ਕੇ ਪਾਤਾਲ ਵਿਚ ਕਿਉਂ ਜਾ ਧਸਦਾ ਤੇ ਛਲਿਆ ਜਾਂਦਾ। ਰਾਜਾ ਜਨਮੇਜਾ ਨੂੰ ਬਿਆਸ ਮਤਾਂ ਦੇ ਰਿਹਾ ਸੀ ਕਿ ਤੂੰ ਫਲਾਣੇ ਕਿਸਮ ਦੇ ਘੋੜੇ ਤੇ ਨਾ ਚੜ੍ਹੀਂ ਤੇ ਅਪਛਰਾਂ ਨੂੰ ਘਰ ਨਾ ਲਿਆਵੀਂ ਤੇ ਉਸ ਦੇ ਆਖੇ ਨਾ ਲਗੀ ਪਰ ਉਸ ਸਭ ਕੁਝ ਕੀਤਾ। ਅਪਛਰਾਂ ਨੇ ਯਗ ਲਈ ਕਿਹਾ, ਉਸ ਨੇ ਕਰਾਇਆ ਤੇ ੧੮ ਬ੍ਰਾਹਮਣ ਸਦੇ। ਰਾਣੀ ਪਤਲੇ ਕਪੜੇ ਪਹਿਨ ਕੇ ਆਈ ਤੇ ਬ੍ਰਾਹਮਣ ਹੱਸ ਪਏ, ਰਾਜੇ ਗੁਸਾ ਖਾ ਕੇ ਮਰਵਾ ਦਿਤੇ ਜਿਸ ਤੇ ਉਸ ਨੂੰ ਕੋਹੜ ਹੋ ਗਿਆ। ਸੋ ਕਰਮਾਂ ਦਾ ਲੇਖਾ ਟਲਦਾ ਨਹੀਂ, ਦੇਣਾ ਪੈਂਦਾ ਹੈ। ਸੋ ਮੈਂ ਆਪਣੇ ਸੁਤੰਤਰ ਉਪਾਵਾਂ ਤੇ ਗਿਣਤੀਆਂ ਨਹੀਂ ਗਿਣਦਾ, ਉਸਦਾ ਹੁਕਮ ਪਛਾਣਦਾ ਹਾਂ, ਤੇ ਸਹਿਜ ਸੁਭਾ ਬੋਲਦਾ ਹਾਂ। ਮੇਰੇ ਤੋਂ ਜੋ ਕੁਝ ਹੋ ਆਉਂਦਾ ਹੈ, ਉਸ ਨੂੰ ਤੇਰੇ ਵਡਿਆਈ ਸਮਝ ਕੇ ਤੈਨੂੰ ਹੀ ਸਲਾਹੁੰਦਾ ਹਾਂ। ਸੋ ਗੁਰੂ ਦਾ ਆਗਿਆਕਾਰ, ਮਾਇਆ ਵਿਚ ਰਹਿੰਦਾ, ਕਰਮ ਕਰਦਾ ਦੋਹਾਂ ਤੋਂ ਨਿਰਲੇਪ ਰਹਿੰਦਾ ਹੈ, ਦੋਹਾਂ ਵਾਹਿਗੁਰੂ ਦੇ ਪ੍ਰਾਇਣ ਕਰਦਾ ਹੈ। ਪਰ ਆਪਣੇ ਮਨ ਦੇ ਕਹੇ ਲਗਣ ਵਾਲਾ ਜੋ ਮੂਰਖ ਹੁੰਦਾ ਹੈ, ਕਰਨ ਵਾਲੇ ਕੰਮ ਨੂੰ ਪਹਿਲੇ ਚੇਤੇ ਕਰਦਾ ਨਹੀਂ, ਪਿਛੋਂ ਜਦ ਦੁਖ ਲਗਦਾ ਹੈ, ਤਾਂ ਪਛਤਾਦਾਂ ਹੈ। ਅਸਲ ਗੱਲ ਇਹ ਹੈ ਕਿ ਆਪੇ ਓਹ ਕਰਤਾ ਕਰਮ ਕਰਾਂਦਾ ਹੈ ਜਿਸ ਨੇ ਇਹ ਰਚਨਾ ਰਚੀ ਹੈ।। ਸੋ ਚਾਹੀਦਾ ਹੈ ਕਿ ਦਿਲ ਵਿਚ ਆਪਣੇ ਹਰੀ ਦਾ ਹੀ ਅਭਿਮਾਨ ਕਰੀਏ, ਆਪਣੇ ਨਿਜੀ ਅਭਿ-ਮਾਨ ਨਾਲ ਤਾਂ ਆਪ ਸੜੀਦਾ ਹੈ। ਕਰਤਾ ਆਪ ਨਹੀਂ ਭੁਲਦਾ ਬਾਕੀ ਸਭ ਭੁਲਣ ਵਿਚ ਉਸ ਨੇ ਕੀਤੇ ਹਨ। ਹੇ ਨਾਨਕ! ਸੱਚਾ ਨਾਮ ਹੀ ਛੁਡਾਣ ਵਾਲਾ ਹੈ ਤੇ ਕੋਈ ਗੁਰੂ ਦੀ ਕਿਰਪਾ ਦੁਆਰਾ ਹੀ ਛੁਟਦਾ ਹੈ।

* ਸ: ਜਸਵੰਤ ਸਿੰਘ ਸਲੂਜਾ
ਮਨੇਂਦਰ ਗੜ੍ਹ

ਸੁਆਲ—ਪੰਜਾਬੀ ਸੂਬੇ ਬਣਾਏ ਜਾਣ ਦੀ ਮੰਗ ਨੂੰ ਸ੍ਰੀ ਮਾਨ ਮਾਸਟਰ ਜੀ ਨੇ ਬੜੇ ਜ਼ੋਰ ਨਾਲ ਉਠਾਇਆ ਤੇ ਉਸ ਲਈ ਬੜਾ ਭਾਰਾ ਜਤਨ ਕੀਤਾ ਕਰਾਇਆ ਸੀ। ਸੰਤ ਜੀ ਕੀ ਕਰ ਰਹੇ ਹਨ?

ਜਵਾਬ—ਜੱਟਾਂ ਦੇ ਕੱਟੇ ਨੇ ਸ਼ਾਹੂਕਾਰਾਂ ਦੇ ਕੱਟੇ ਨੂੰ ਕਿਹਾ, "ਆ ਯਾਰਾ ਨਠੀਏ"। ਉਸ ਨੇ ਜਵਾਬ ਦਿਤਾ, "ਨਹੀਂ ਯਾਰਾ ਬਹਿ ਕੇ ਅੜਿੰਗੀਏ।"

* ਸ: ਨਰਿੰਦਰ ਸਿੰਘ, 'ਦੀਪਕ'
ਖਾਮਗਾਓਂ

ਸੁਆਲ—ਪਿਛਲੇ ਸਾਲ ਮੈਂ ਪੰਜਾਬ ਵਿਚ ਗਿਆ ਤਾਂ ਵੇਖਿਆ ਕਿ ਸਾਡੇ ਕਈ ਸਿੰਘ ਦਾਹੜੀ ਕੇਸ ਕਟਕੇ ਨਿਸੰਗ ਤੁਰੇ ਫਿਰਦੇ ਹਨ। ਪੰਥ ਦੇ ਆਗੂਆਂ ਨੇ ਇਸ ਕੁਰੀਤੀ ਤੇ ਵਧਿੰਦੀ ਕਲਾ ਦਾ ਕੀ ਉਪਾ ਕੀਤਾ ਹੈ?

ਜਵਾਬ–ਸਾਡੇ ਅਜ ਕਲ ਦੇ ਸਤਾਰੂੜ ਆਗੂਆਂ ਨੂੰ, ਜਿਹੜੇ ਗੁਰਦੁਆਰਿਆਂ ਉਤੇ ਕਾਬਿਜ਼ ਹਨ, ਇਸ ਪਾਸੇ ਧਿਆਨ ਦੇਣ ਦਾ ਵੇਹਲ ਹੀ ਨਹੀਂ। ਉਨ੍ਹਾਂ ਨੂੰ ਗੌਰਮਿੰਟ ਤੇ ਕਮਯੂਨਿਸਟਾਂ ਵਰਗੇ ਧਰਮ ਦੇ ਵਿਰੋਧੀਆਂ ਨਾਲ ਗਾਂਢੇ ਸਾਂਢੇ ਕਰਨ ਦਾ ਹੀ ਕੰਮ ਹੈ। ਉਹ ਤਾਂ ਇਸੇ ਗਲ ਵਿਚ ਮਗਨ ਹਨ ਕਿ ਹਿੰਦ ਸਰਕਾਰ ਨੇ ਜੋ ਸਿਖ ਕੌਮ ਦਾ ਧਿਆਨ ਆਪਣੇ ਕੌਮੀ ਮਸਲਿਆਂ ਤੋਂ ਹਟਾ ਕੇ ਦਸ਼ਮੇਸ਼ ਜੀ ਦੇ ਵਲਾਇਤੋਂ ਮੰਗਾ ਕੇ ਦਿਤੇ ਸ਼ਸਤਰਾਂ ਵਲ ਕਰ ਦਿਤਾ ਹੈ, ਉਸ ਰੌ ਵਿਚ ਅਖਾਂ ਮੀਟ ਕੇ ਵਹਿ ਜਾਣ। ਇਨ੍ਹਾਂ ਆਗੂਆਂ ਨੇ ਤਾਂ ਗੌਰਮਿੰਟ ਦੀ ਖੁਸ਼ਾਮਦ ਦੇ ਤਾਅ ਵਿਚ ਸ਼ਸਤਰਾਂ ਨੂੰ ਦੁਰਗਿਆਣੇ ਮੰਦਰ ਵਿਚ ਵੀ ਨਿਵਾਸ ਦਵਾਇਆ ਹੈ ਜਿਥੇ ਨਿਰੋਲ ਮੂਰਤੀਆਂ ਦੀ ਪੂਜਾ ਹੁੰਦੀ ਹੈ। ਇਹ ਅਸਥਾਨ ਸ੍ਰੀ ਦਰਬਾਰ ਸਾਹਿਬ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਬਰਾਬਰੀ ਅਤੇ ਮੁਕਾਬਲਾ ਕਰਨ ਲਈ ਜ਼ਿੱਦ ਵਿਚ ਬਣਾਇਆ ਗਿਆ ਸੀ। ਸਾਡੀ ਸਰਕਾਰ ਤਾਂ ਸ੍ਰੀ ਦਰਬਾਰ ਦੀ ਅਦੁਤੀ ਪੋਜ਼ੀਸ਼ਨ ਨੂੰ ਖਤਮ ਕਰਨ ਲਈ ਦੁਰਗਿਆਣੇ ਮੰਦਰ ਨੂੰ ਮੁਕਾਬਲੇ ਤੇ ਪੂਰਾ ਰਖਦੀ ਹੈ ਤੇ ਜੋ ਵੀ ਸ੍ਰਕਾਰੀ ਉਚ-ਅਧਿਕਾਰੀ ਜਾਂ ਵੀ. ਆਈ. ਪੀ. ਸ੍ਰੀ ਦਰਬਾਰ ਸਾਹਿਬ ਜਾਂਦਾ ਹੈ ਉਸ ਨੂੰ ਦੁਰਗਿਆਣੇ ਮੰਦਰ ਵੀ ਲਿਜਾਇਆ ਜਾਂਦਾ ਹੈ। ਅਫਸੋਸ ਕਿ ਅਸੀਂ ਸਿਖ, ਸਾਡੇ ਆਗੂ ਸਾਡੇ ਗੁਰਦੁਆਰਿਆਂ ਦੇ ਮੁਖ ਪ੍ਰਬੰਧਕ ਤੇ ਸਿਖੀ ਅਣਖ ਅਤੇ ਸਿੰਘੀ ਰਿਵਾਇਤਾਂ ਦੇ ਪਹਿਰੇਦਾਰ ਅਖਵਾਣ ਵਾਲੇ ਤਖਤ ਸਾਹਿਬਾਂ ਦੇ ਜਥੇਦਾਰ–ਖੁਦ ਮੌਕੇ ਤੇ ਜਾ ਕੇ ਸ੍ਰੀ ਦਰਬਾਰ ਸਾਹਿਬ ਦੇ ਮੁਕਾਬਲੇ ਤੇ ਇਕ ਮੂਰਤੀ-ਪੂਜਾ ਦੇ ਅਸਥਾਨ ਨੂੰ ਬਰਾਬਰ ਖੜਿਆਂ ਕਰਨ ਵਿਚ ਹਿੱਸਾ ਪਾ ਰਹੇ ਹਨ। ਦੁਰਗਿਆਣਾ ਮੰਦਿਰ ਵਿਚ ਦਸ਼ਮੇਸ਼ ਜੀ ਦੇ ਸ਼ਸਤਰਾਂ ਨੂੰ ਤਖਤ ਸਾਹਿਬਾਨ ਦੇ ਜਥੇਦਾਰਾਂ ਦੀ ਸੁਪੁਰਦਗੀ ਵਿਚ ਲਿਜਾਇਆ ਗਿਆ ਤੇ ਰਾਤ ਨਿਵਾਸ ਦਿਤਾ ਗਿਆ। ਐਸੇ ਪੰਥਕ ਆਗੂਆਂ ਤੋਂ ਸਿਖੀ ਮਰਯਾਦਾ ਤੇ ਸਿਖੀ ਰਿਵੈਤਾਂ ਦੀ ਰਾਖੀ ਦੀ ਕਿੰਨੀ ਕੁ ਆਸ ਰਖੀ ਜਾ ਸਕਦੀ ਹੈ?

* ਸ: ਅਜੀਤ ਸਿੰਘ 'ਪੰਛੀ'
ਬੇਨਾ ਚੱਟੀ, ਦੁਰਗਾਪੁਰ।

ਸੁਆਲ–ਨਵੀਂ ਪ੍ਰਭਾਤ ਕਲਕਤਾ ਦੇ ੨੬ ਜਨਵਰੀ ਦੇ ਪਰਚੇ ਵਿਚ ਪ੍ਰਧਾਨ ਮੰਤ੍ਰੀ, ਸ੍ਰੀ ਮਤੀ ਇੰਦਰਾ ਗਾਂਧੀ ਤੇ ਉਨ੍ਹਾਂ ਦੇ ਮੰਤ੍ਰੀ ਮੰਡਲ ਦੀਆਂ ਜੋ ਤਸਵੀਰਾਂ ਛਪੀਆਂ ਹਨ, ਉਨ੍ਹਾਂ ਵਿਚ ਸੰਤ ਫਤਹ ਸਿੰਘ ਜੀ ਦੀ ਵੀ ਤਸਵੀਰ ਵੀ ਹੈ। ਕ੍ਰਿਪਾ ਕਰਕੇ ਜਵਾਬ ਦੇਣਾ ਕਿ ਉਨ੍ਹਾਂ ਨੂੰ ਕਿਹੜਾ ਮਹਿਕਮਾ ਦਿਤਾ ਗਿਆ ਹੈ?

ਜਵਾਬ–ਸਿਖਾਂ ਲਈ ਆਤਮ ਨਿਰਨੈ ਦਾ ਨਾਹਰਾ ਲਾਣ ਵਾਲਿਆਂ ਤੇ ਇਹ ਫਤਵੇ ਦੇਣ ਦਾ ਕਿ ਇਹ 'ਪੰਥ ਗਦਾਰ' ਹਨ। ਸਿਖਾਂ ਦਾ ਧਿਆਨ ਕੌਮੀ ਮਸਲਿਆਂ ਤੋਂ ਹਟਾ ਕੇ ਐਸੇ ਮਸਲਿਆਂ ਵਲ ਲਾਣ ਦਾ ਮਹਿਕਮਾ ਜਿਸ ਤੋਂ ਸਰਕਾਰ ਨੂੰ ਪੋਲੀਟੀਕਲ ਲਾਭ ਪਹੁੰਚੇ। ਸਰਕਾਰ ਦੀ ਈਮੋਸ਼ਨਲ ਇਨਟੈਗਰੇਸ਼ਨ ਭਾਵ ਸਿਖਾਂ ਨੂੰ ਭਾਵੁਕ ਤੌਰ ਤੇ ਹਿੰਦੂਆਂ ਵਿਚ ਲੀਅ ਕਰਨ ਦੀ ਮੁਹਿੰਮ ਲਈ ਸਿਖਾਂ ਦੀ ਬੁਕਲ ਵਿਚ ਵਿਚ ਸਰਕਾਰੀ ਹਾਈ ਮਿਨਿਸਟਰੀ ਆਪ ਨੂੰ ਦਿਤੀ ਗਈ ਹੈ।

ਸੁਆਲ (੨)–ਮੈਂ ਕਈਆਂ ਗਿਆਨੀਆਂ ਪਾਸੋਂ ਸੁਣਿਆ ਹੈ ਕਿ ਗੁਰਦੁਆਰਾ ਸ੍ਰੀ ਹਜ਼ੂਰ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਹਰ ਸਿਖ ਦੀ ੬੦ ਸਾਲ ਦੀ ਉਮਰ ਤਕ ਇੰਤਜ਼ਾਰ ਕਰਦੇ ਹਨ। ਜੇ ਸੱਠ ਸਾਲ ਦੀ ਉਮਰ ਤਕ ਸਿਖ ਸ੍ਰੀ ਹਜ਼ੂਰ ਸਾਹਿਬ ਨਾ ਜਾਵੇ, ਤਾਂ ਕੀ ਗੁਰੂ ਜੀ ਉਡੀਕ ਛੱਡ ਦੇਂਦੇ ਹਨ, ਜਦ ਕਿ ਸਿਖ ਦੇ ਸੁਆਸ ੨ 'ਗੁਰੂ ਮੇਰੇ ਸੰਗ ਸਦਾ ਹੈ ਨਾਲੇ' ਹੁੰਦਾ ਹੈ? ਜੇ ਸੱਠ ਸਾਲ ਤਕ ਸਿਖ ਸ੍ਰੀ ਹਜ਼ੂਰ ਸਾਹਿਬ ਹਾਜ਼ਰੀ ਨਾ ਭਰੇ ਤਾਂ ਕੀ ਉਹ ਸਿਖ ਨਹੀਂ ਰਹਿ ਜਾਂਦਾ?

ਜਵਾਬ–ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਉਤੇ ਜ਼ੋਰ ਦੇਣ ਲਈ ਇਹ ਡੱਰ ਜਾਂ ਤੌਖਲਾ ਸ਼ਰਧਾਲੂ ਸਿਖਾਂ ਦੇ ਦਿਲਾਂ ਵਿਚ ਵਾੜਨ ਦੀ ਕੋਸ਼ਸ਼ ਹੈ। ਇਸ ਤੋਂ ਵਧ ਇਸ ਕਹਾਣੀ ਦੀ ਮਹਾਨਤਾ ਨਹੀਂ ਸਮਝਣੀ ਚਾਹੀਦੀ। ਇਸੇ ਤਰ੍ਹਾਂ ਦੀ ਇਕ ਇਹ ਅਖਾਉਤ ਹੈ, 'ਜਿਸ ਸਿਖ ਨੇ ਸ੍ਰੀ ਦਰਬਾਰ ਸਾਹਿਬ ਦੀ ਯਾਤਰਾ ਨਹੀਂ ਕੀਤੀ, ਉਹ ਜੰਮਿਆ ਹੀ ਨਹੀਂ'। ਛੋਟਿਆਂ ਹੁੰਦਿਆਂ ਅਸੀਂ ਇਹ ਵੀ ਸੁਣਦੇ ਹੁੰਦੇ ਸਾਂ, 'ਜਿਸ ਲਾਹੌਰ ਨਹੀਂ ਦੇਖਿਆ ਉਹ ਜੰਮਿਆ ਹੀ ਨਹੀਂ'। ਸੋ ਇਹੋ ਜਹੀਆਂ ਕਹਾਵਤਾਂ ਦੇ ਸ਼ਬਦੀ ਅਰਥਾਂ ਪਿਛੇ ਨਹੀਂ ਜਾਣਾ ਚਾਹੀਦਾ, ਭਾਵ-ਅਰਥ ਨੂੰ ਸਮਝਣਾ ਚਾਹੀਦਾ ਹੈ।

* ਮਿਸਤਰੀ ਹਾਕਮ ਸਿੰਘ ਜੀ
ਸਈਮੂੰ, ਕਸ਼ਮੀਰ।

ਸੁਆਲ—ਸ੍ਰੀ ਨਗਰ ਵਿਚ ਅਮੀਰਾਕਦਲ ਦੇ ਸਿੰਘ ਸਭਾ ਦੇ ਗੁਰਦੁਆਰੇ ਵਿਚ ਇਕ ਸਿਖ ਬੀਬੀ ਰੋਜ਼ ਸੁਖਮਨੀ ਸਾਹਿਬ ਦਾ ਪਾਠ ਕਰਨ ਲਗਿਆਂ ਪਾਣੀ ਦਾ ਇਕ ਗੜਵਾ ਸ੍ਰੀ ਗੁਰੂ ਗ੍ਰੰਥ ਸਾਹਿਬ ਥਲੇ ਰਖ ਦੇਂਦੀ ਹੈ ਅਤੇ ਭੋਗ ਪੈਣ ਤੇ ਉਹ ਜਲ ਸਾਰਿਆਂ ਨੂੰ ਦੇਂਦੀ ਹੈ। ਕੀ ਇਹ ਠੀਕ ਹੈ?

(੨) ਸ੍ਰੀ ਨਗਰ ਵਿਚ ਛੇਵੇਂ ਗੁਰੂ ਸਾਹਿਬ ਦਾ ਇਕ ਪਵਿੱਤਰ ਅਸਥਾਨ ਹੈ। ਇਥੇ ਅਰਦਾਸੇ ਮਗਰੋਂ, 'ਆਗਿਆ ਭਈ ਅਕਾਲ ਕੀ' ਵਾਲੇ ਦੋਹਰੇ ਮਗਰੋਂ ਇਹ ਦੋਹਰਾ ਭੀ ਪੜ੍ਹਿਆ ਜਾਂਦਾ ਹੈ,

ਖੰਡਾ ਜਾ ਕੇ ਹਾਥ ਮੈ ਕਲਗੀ ਸੋਹੇ ਸੀਸ।
ਸੋ ਹਮਰੀ ਰਖਿਆ ਕਰੈ ਕਲਗੀਧਰ ਜਗਦੀਸ।

ਕੀ ਇਹ ਗੁਰਬਾਣੀ ਹੈ ਜਾਂ ਪੜ੍ਹਨਾ ਠੀਕ ਹੈ?

ਜਵਾਬ (੧)—ਇਸ ਵਿਚ ਸਾਨੂੰ ਕੋਈ ਦੋਸ਼ ਨਜ਼ਰ ਨਹੀਂ ਆਉਂਦਾ। ਸੁਆਲ ਹੈ ਕਿ ਗੁਰਬਾਣੀ ਪੜ੍ਹੀ ਸੁਣੀ ਗਾਂਵੀ ਦਾ ਹੀ ਅਸਰ ਹੁੰਦਾ ਜਾਂ ਇਸ ਦਾ ਅਸਰ ਆਲੇ ਦੁਆਲੇ ਜਲ, ਵਾਯੂ ਸਥਾਨ ਵਸਤਰਾਂ ਤੇ ਵੀ ਹੁੰਦਾ ਹੈ। ਜਲ ਉਤੇ ਬਾਣੀ ਪੜ੍ਹ ਇਸ ਨੂੰ ਅੰਮ੍ਰਿਤ ਦਾ ਨਾਮ ਦੇ ਕੇ ਸਿਖੀ ਵਿਚ ਪ੍ਰਵੇਸ਼ ਦੀ ਗੁੜ੍ਹਤੀ ਬਨਾਣ ਦੀ ਮਰਯਾਦਾ ਸਤਿਗੁਰਾਂ ਦੇ ਵੇਲੇ ਤੋਂ ਹੀ ਚਲੀ ਆਉਂਦੀ ਹੈ। ਖੰਡਾ ਜਲ ਵਿਚ ਰਗੜ ਕੇ ਇਸ ਨੂੰ ਬੀਰਤਾ ਦੀ ਪੁਠ ਦੇਣ ਦੀ ਪਰੰਪਰਾ ਦਸ਼ਮੇਸ਼ ਜੀ ਨੇ ਪਾਈ। ਇਹ ਕ੍ਰਿਆਵਾਂ ਤੇ ਮਰਯਾਦਾਵਾਂ ਸਤਿਗੁਰਾਂ ਦੀਆਂ ਤੋਰੀਆਂ ਹੋਈਆਂ ਹਨ ਤੇ ਮਨ ਵਿਚ ਡੂੰਘੀ ਸ਼ਰਧਾ, ਪੱਕਾ ਵਿਸ਼ਵਾਸ ਭਲਿਆਈ ਦਾ ਸੰਸਕਾਰ, ਦ੍ਰਿੜ੍ਹ ਸੰਕਲਪ ਦਾ ਸੰਚਾਰ ਕਰਦੀਆਂ ਹਨ। ਮਨ ਵਿਚ ਭਰਮਾਂ ਵਹਿਮਾਂ ਵਾਲਾ ਹਨੇਰਾ ਪੈਦਾ ਨਹੀਂ ਕਰਦੀਆਂ ਸੋ ਇਹ ਅਨ-ਉਚਿਤ ਨਹੀਂ। ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਹਰਿ ਕੀ ਪੌੜੀ, ਦੁਖਭੰਜਨੀ ਬੇਰੀ ਆਦਿ ਦਾ ਅੰਮ੍ਰਿਤ ਲਿਆ ਜਾਂਦਾ ਹੈ ਤੇ ਗੁਰੂ ਪ੍ਰਮੇਸ਼ਰ ਦੀਆਂ ਬਰਕਤਾਂ ਸਹਿਤ ਲਿਆ ਜਾਂਦਾ ਹੈ। ਇਸੇ ਤਰ੍ਹਾਂ ਚਰਨ ਧੂੜ, ਪਵਿਤਰ ਗੁਰ ਅਸਥਾਨ ਦੀ ਛੋਹ ਅਤੇ ਸਿਰੋਪਾ ਦੇ ਵਸਤਰਾਂ ਨੂੰ ਬਰਕਤ ਵਾਲਾ ਸਮਝਿਆ ਜਾਂਦਾ ਹੈ। ਨਿਕੇ ਨਿਕੇ ਫਰਕ ਨਾਲ ਇਹ ਚੀਜ਼ਾਂ ਲਗ ਪਗ ਹਰ ਥਾਂ ਸਿਖਾਂ ਸ਼ਰਧਾਲੂਆਂ ਦੇ ਮਨ ਵਿਚ ਸ਼ਰਧਾ, ਨਿਸਚਾ ਤੇ ਪਵਿਤਰ ਸੰਸਕਾਰ ਉਪਜਾਂਦੇ ਹਨ। ਕਿਵੇਂ ਉਪਜਾਂਦੇ ਹਨ?—ਇਸ ਮਨੋਵਿਗਿਆਨਕ ਕ੍ਰਿਆ ਦੀ ਵਿਆਖਯਾ ਲਈ ਥਾਂ ਨਹੀਂ, ਪਰੰਤੂ ਵਿਗਿਆਨੀਆਂ ਵਿਚ ਇਹ ਪ੍ਰਮਾਣੀਕ ਹੋ ਚੁਕੀ ਹੈ।

ਜਵਾਬ (੨)—'ਖੰਡਾ ਜਾ ਕੇ ਹਾਥ ਮੈਂ' ਵਾਲਾ ਦੋਹਰਾ ਗੁਰਵਾਕ ਨਹੀਂ ਪਰ 'ਰਾਜ ਕਰੇਗਾ ਖਾਲਸਾ' ਵਾਲਾ' ਦੋਹਰਾ ਵੀ ਗੁਰਵਾਕ ਨਹੀਂ। ਅਰਦਾਸ ਪਿਛੋਂ ਇਹ ਦੋਹਰੇ ਕਿਤੇ ਦੋ ਕਿਤੇ ਤਿੰਨ ਤੇ ਕਿਤੇ ਚਾਰ ਵੀ ਪੜ੍ਹੇ ਜਾਂਦੇ ਹਨ। ਕਿਤੇ ਬਿਲਕੁਲ ਕੋਈ ਵੀ ਨਹੀਂ ਪੜ੍ਹਿਆ ਜਾਂਦਾ, ਜਿਵੇਂ ਕਿ ਹਰਿਮੰਦਰ ਸਾਹਿਬ ਵਿਚ। ਸੋ ਇਸ ਨੂੰ ਮਰਯਾਦਾ ਦੀ ਅਨੇਕਤਾ ਨਹੀਂ ਸਮਝਣਾ ਚਾਹੀਦਾ, ਸ਼ਰਧਾ ਦੀ ਵਨਗੀ ਵਿਚ ਵਿਖੇਪਤਾ ਤੇ ਬਹੁਰੰਗੀ ਸਮਝ ਕੇ ਇਸ ਦਾ ਰੰਗ ਮਾਨਣਾ ਚਾਹੀਦਾ ਹੈ।

* ਸ: ਰਣਜੀਤ ਸਿੰਘ, ਰੇਲ ਬਜ਼ਾਰ
ਫ਼ਤਹ ਪੁਰ : ਯੂ: ਪੀ:

ਸੁਆਲ—ਆਪ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹ ਸਿੰਘ ਕਿਉਂ ਲਿਖਿਆ ਹੈ, ਜਦ ਕਿ ਉਹ ਛੋਟੇ ਛੋਟੇ ਮਾਸੂਮ ਬਚੇ?

ਜਵਾਬ—ਬਾਬਾ ਦਾ ਅਰਥ ਬਾਪ, ਦਾਦਾ, ਵੀ ਹੈ ਤੇ ਆਦਰਣੀਯ ਵੀ ਹੈ। ਛੋਟੇ ਸਾਹਿਬਜ਼ਾਦਿਆਂ ਦਾ ਕਾਰਨਾਮਾ ਇਤਨਾ ਮਹਾਨ ਸਮਝਿਆ ਜਾਂਦਾ ਹੈ ਕਿ ਸਤਿਕਾਰ ਵਜੋਂ ਉਨ੍ਹਾਂ ਨੂੰ 'ਬਾਬੇ' ਕਿਹਾ ਜਾਂਦਾ ਹੈ। ਉਂਜ ਸਤਿਗੁਰਾਂ ਦੀ ਅੰਸ਼ ਨੂੰ ਵਡੇ ਵਡੇਰੇ ਸਮਝ ਕੇ ਵੀ 'ਬਾਬੇ' ਦਾ ਖਿਤਾਬ ਸਿਖਾਂ ਵਿਚ ਦਿਤਾ ਜਾਂਦਾ ਹੈ। ਬੇਦੀ ਤ੍ਰਿਹਣ, ਭਲੇ, ਸੋਢੀ ਸਾਹਿਬਜ਼ਾਦਿਆਂ ਨੂੰ 'ਬਾਬੇ' ਜਾਂ 'ਬਾਵੇ' ਦੀ ਪਦਵੀ ਦੇਣੀ ਸਿਖਾਂ ਵਿਚ ਪਰਮਣੀਕ ਹੈ।

ਸੁਆਲ (੨)—ਕੀ ਗਡੀ ਜਾਂ ਬਸ ਵਿਚ ਸਫਰ ਸਮੇਂ, ਬੈਠਿਆਂ ਹੀ ਅਰਦਾਸ ਕਰ ਲੈਣੀ ਚਾਹੀਦੀ ਹੈ?

ਜਵਾਬ—ਕਰ ਲਓ ਤੇ ਨਾਲ ਹੀ ਇਹ ਅਰਦਾਸ ਵਿਚ ਬਿਨੇ ਕਰੋ ਕਿ 'ਹੇ ਸਚੇ ਪਾਤਸ਼ਾਹ! ਬੈਠਿਆਂ ਹੀ ਅਰਦਾਸ ਕੀਤੀ ਹੈ, ਕਿਉਂਕਿ ਸਫਰ ਵਿਚ ਹਾਂ, ਇਸ

ਹਾਂ, ਇਸ ਦੀ ਖਿਮਾਂ ਬਖਸ਼ਣੀ।'' ਭਾਵ ਇਹ ਹੈ ਕਿ ਖੜੇ ਕੇ ਅਰਦਾਸ ਕਰਨ ਦੀ ਮਰਯਾਦਾ ਕਾਇਮ ਰਹੇ ਤੇ ਕਦੇ ਉਕਾਈ ਹੋ ਜਾਏ ਤਾਂ ਉਸ ਨੂੰ ਭੁਲ ਮੰਨ ਕੇ ਬਖਸ਼ਾਇਆ ਜਾਏ।

* ਸ: ਦੀਦਾਰ ਸਿੰਘ ਅੰਬੁਟੀਆ
ਖਾਲਸਾ ਦੀਦਾਰ ਹੋਟਲ, ਦੁਰਗਾਪੁਰ

ਸੁਆਲ—ਜੇ ਗੁਰਦੁਆਰੇ ਵਿਚ ਕੋਈ ਮਰਯਾਦਾ ਜਾਂ ਰੀਤੀ ਦੀ ਉਲੰਘਣਾ ਹੋ ਰਹੀ ਹੋਵੇ ਤਾਂ ਕੀ ਹਰ ਸਿਖ ਉਸ ਵਿਰੁਧ ਅਵਾਜ਼ ਉਠਾ ਸਕਦਾ ਹੈ? ਕੀ ਸੈਕ੍ਰੇਟਰੀ ਸਾਹਿਬ ਜਾਂ ਪ੍ਰਬੰਧਕ ਦਾ ਇਹ ਕਹਿਣਾ ਕਿ ''ਤੂੰ ਕਦੇ ਗੁਰਦੁਆਰੇ ਲਈ ਆਨਾ ਨਹੀਂ ਦਿਤਾ, ਤੇ ਮੈਨੂੰ ਗੁਰਮਤਿ ਰਹੁਰੀਤ ਤੇ ਗੁਰਦੁਆਰੇ ਦਾ ਕਾਨੂੰਨ ਦਸਨਾ ਏਂ'', ਮਾਕੂਲ ਜਵਾਬ ਹੈ?

ਜਵਾਬ—ਨਹੀਂ, ਇਹ ਮਾਕੂਲ ਜਵਾਬ ਨਹੀਂ। ਸਿਖੀ ਮਰਯਾਦਾ ਤੇ ਰਹੁ-ਰੀਤ ਦੀ ਉਲੰਘਣਾ ਨੂੰ ਸੰਗਤਾਂ ਦੇ ਦ੍ਰਿਸ਼ਟੀਗੋਚਰ ਕਰਕੇ ਯੋਗ ਅਯੋਗ ਦਾ ਨਿਰਣਾ ਲੈਣ ਦਾ ਹੱਕ ਹਰ ਸਿਖ ਨੂੰ ਹੈ, ਭਾਵੇਂ ਉਹ ਚੰਦਾ ਜਾਂ ਭੇਟਾ ਦੇਂਦਾ ਹੋਵੇ ਜਾਂ ਨਾਂਹ। ਗੁਰਦੁਆਰਿਆਂ ਤੇ ਸਭਾਵਾਂ ਦੇ ਔਹਦੇਦਾਰਾਂ ਦੀ ਹੈਸੀਅਤ ਸੇਵਾਦਾਰਾਂ ਦੀ ਹੈ ਕਿਉਂਕਿ ਗੁਰੂ ਘਰ ਵਿਚ ਜਾ ਕੇ ਅਸਾਂ ਸੇਵਾ ਕਰਨੀ ਸਿਖਣੀ ਹੈ, ਅਧਿਕਾਰੀ ਲੈਣ ਨਹੀਂ ਜਾਣਾ। ਸੋ ਸੈਕ੍ਰੇਟਰੀ ਆਦਿ ਪ੍ਰਬੰਧਕਾਂ ਨੂੰ ਧੀਰਜ ਨਾਲ ਏਤਰਾਜ਼ ਸੁਣ ਕੇ, ਮਿਠਤ ਨਾਲ ਨਿਵਿਰਤ ਕਰਨੇ ਚਾਹੀਦੇ ਹਨ, ਹੰਕਾਰ ਵਾਲਾ ਜਵਾਬ ਜਾਂ ਹੇਠੀ ਕਰਨ ਵਾਲਾ ਤਾਹਨਾ ਨਹੀਂ ਦੇਣਾ ਚਾਹੀਦਾ। ਸ੍ਰੀ ਮਾਨ ਮਾਸਟਰ ਤਾਰਾ ਸਿੰਘ ਜੀ ਨੇ ਆਦਰਸ਼ਕ ਸੇਵਾਦਾਰ ਦਾ ਕਰਤਵ ਬਿਆਨ ਕਰਦਿਆਂ, ਇਕ ਵੇਰਾਂ ਕਿਹਾ ਸੀ ਕਿ ਸੇਵਾਦਾਰ ਤਾਂ ਉਹ ਹੈ ਜੋ ਸੇਵਾ ਵਿਚ ਸੇਵਾ ਰੂਪ ਹੀ ਜਾਏ, ਜੋ ਸੰਗਤਾਂ ਦੇ ਜੋੜੇ ਝਾੜੇ ਵੀ ਤੇ ਜੋੜੇ ਖਾਏ ਵੀ। ਜੋ ਇਤਨੀ ਨਿਮਰਤਾ ਦੀ ਮਿਸਾਲ ਸੰਗਤਾਂ ਸਾਹਮਣੇ ਨਹੀਂ ਰਖ ਸਕਦਾ ਤੇ ਕੇਵਲ ਆਪਣੀ ਪ੍ਰਧਾਨਗੀ, ਸਕੱਤ੍ਰੀ ਜਾਂ ਕੋਈ ਹੋਰ ਬਡਾਈ ਵਖਾਣ ਲਈ ਸੇਵਾ ਦਾ ਵਖਾਵਾ ਕਰਦਾ ਹੈ, ਉਹ ਸੱਚਾ ਸੇਵਾਦਾਰ ਨਹੀਂ।

* ਸ: ਲਾਭ ਸਿੰਘ
ਘਨੌਲੀ, ਤਸੀਲ ਰੋਪੜ, ਅੰਬਾਲਾ।

ਸੁਆਲ—ਚੰਡੀ ਦੀ ਵਾਰ ਵਿਚ ਆਉਂਦਾ ਹੈ ਕਿ ਦੇਵੀ ਨੇ ਜਦ ਇਕ ਰਾਕਸ਼ ਨੂੰ ਤਲਵਾਰ ਮਾਰੀ ਤਾਂ ਉਸ ਦੇ ਸਰੀਰ ਤੇ ਘੋੜੇ ਨੂੰ ਚੀਰਦੀ ਹੋਈ ਧਰਤੀ ਵਿਚ ਧਸ ਕੇ, ਧਰਤੀ ਨੂੰ ਚੁਕੀ ਖੜੇ ਬੋਲਦ ਦੇ ਸਿੰਗ ਤੇ ਜਾ ਪਹੁੰਚੀ। ਕੀ ਇਹ ਇਤਿਹਾਸਕ ਸਚਿਆਈ ਹੈ?

ਜਵਾਬ—ਚੰਡੀ ਦੀ ਵਾਰ ਤਾਂ ਇਕ ਹਿੰਦੂ ਪੁਰਾਣ ਦਾ ਪੰਜਾਬੀ ਕਵਿਤਾ ਵਿਚ ਤਰਜਮਾ ਹੈ। ਚੰਡੀ ਦੀ ਵਾਰ ਲਿਖਣ ਦਾ ਮਨੋਰਥ ਬੀਰ ਸਾਹਿਤ ਰਾਹੀਂ ਲੋਕਾਂ ਵਿਚ ਬੀਰਤਾ ਪੈਦਾ ਕਰਨੀ ਸੀ। ਇਹ ਪੁਰਾਣਕ ਸਾਹਿਤ ਇਤਿਹਾਸ ਨਹੀਂ। ਇਸ ਅਤਿ ਕਥਨੀ ਵਾਲੇ ਅਲੰਕਾਰ ਦਾ ਲਫ਼ਜ਼ੀ ਅਰਥ ਨਹੀਂ, ਭਾਵ ਲੈਣਾ ਚਾਹੀਦਾ ਹੈ ਜੋ ਇਹ ਹੈ ਕਿ ਦੇਵੀ, ਜੋ ਨੇਕੀ ਦੀ ਪ੍ਰਤੀਕ ਹੈ, ਦਾ ਬੱਲ ਬੁਰਾਈ ਦੇ ਪ੍ਰਤੀਕ ਰਾਕਸ਼ਾਂ ਉਪਰ ਬੜਾ ਭਾਰੂ ਹੋਇਆ। ਕਵਿਤਾ ਵਿਚ ਅਲੰਕਾਰਾਂ, ਉਪਮਾਵਾਂ ਆਦਿਕਾਂ ਨੂੰ ਸ਼ਬਦਾਤਮਕ ਅਰਥਾਂ ਵਿਚ ਨਹੀਂ ਭਾਵਾਤਮਕ ਅਰਥਾਂ ਵਿਚ ਲਈਦਾ ਹੈ।

* ਸ: ਕੀਰਤ ਸਿੰਘ, ਪੰਛੀ
ਸਾਰੋਂ, ਜ਼ਿਲਾ ਸੰਗਰੂਰ।

ਸੁਆਲ—ਅਰਦਾਸ ਵਿਚ ਭੇਟਾ ਕੀਤੇ ਪ੍ਰਸ਼ਾਦ ਬਾਰੇ ਕਿਹਾ ਜਾਂਦਾ ਹੈ, ''ਆਪ ਕੋ ਭੋਗ ਲਗੇ, ਆਪ ਦੀ ਰਸਨੀ ਲਾਇਕ ਹੋਵੇ''। ਇਹ ਮਰਯਾਦਾ ਕਦੋਂ ਤੋਂ ਚਲੀ ਹੈ, ਵਿਸਥਾਰ ਨਾਲ ਜਵਾਬ ਦੇਣਾ।

ਜਵਾਬ—ਵਿਸਥਾਰ ਨਾਲ ਦਸੰਬਰ ੧੯੬੫ ਦੇ ਪਰਚੇ ਵਿਚ ਸਫਾ ੩੪–੩੭ ਤੇ ਜਵਾਬ ਦਿਤਾ ਜਾ ਚੁਕਾ ਹੈ। ਸੰਖੇਪ ਬੇਨਤੀ ਹੈ ਕਿ ''ਸਿਖੀ ਸਿਧਾਂਤ ਨਾਲ ''ਭੋਗ ਲੁਆਣਾ'' ਠੀਕ ਨਹੀਂ। ਇਹ ਮੂਰਤੀ ਪੂਜਾ ਜਾਂ ਠਾਕੁਰ-ਪੂਜਾ ਦਾ ਸੰਸਕਾਰ ਕਿਸੇ ਅਵੇਸਲੇ ਸਮੇਂ ਸਿਖਾਂ ਵਿਚ ਆ ਵੜਿਆ ਜੋ ਜਾਗ੍ਰਤੀ ਸਮੇਂ ਕਢ ਦਿਤਾ ਗਿਆ। ਜੇ ਕੁਝ ਸੰਸਕਾਰ ਬਾਕੀ ਹੈ ਤਾਂ ਕੱਢ ਦੇਣਾ ਚਾਹੀਦਾ ਹੈ। ਅਰਦਾਸ ਵਿਚ ''ਕੜਾਹ ਪ੍ਰਸ਼ਾਦ ਦੀ ਦੇਗ ਹਾਜ਼ਰ ਹੈ, ਦਰ ਪ੍ਰਵਾਨ ਹੋਵੇ ਸਾਧ ਸੰਗਤ ਦੀ ਰਸਨੀ ਲਾਇਕ ਹੋਵੇ'' ਵਰਗੇ ਸ਼ਬਦ ਵਰਤਣੇ ਚਾਹੀਦੇ ਹਨ ਜਿਸ ਵਿਚੋਂ ਠਾਕੁਰਾਂ ਨੂੰ ਭੋਗ ਲੁਆਣ ਵਰਗਾ ਭੁਲੇਖਾ ਨਾ ਪਵੇ।

-----o-----

ਐਡੀਟਰ ਦੇ ਨਾਮ ਪਾਠਕਾਂ ਦੀਆਂ ਚਿਠੀਆਂ

ਸੇਵਾ ਦੀ ਪ੍ਰਸੰਸਾ

ਸ੍ਰੀ ਮਾਨ ਜੀ,

ਦਾਸ ਨੂੰ 'ਸੰਤ ਸਿਪਾਹੀ' ਰਸਾਲਾ ਪਹਿਲੇ ੨ ਜਨਵਰੀ ਵਿਚ ਵੇਖਣ ਦਾ ਮੌਕਾ ਮਿਲਿਆ । ਪੜ੍ਹ ਕੇ ਇਉਂ ਲਗਾ ਜਿਵੇਂ ਤੁਸਾਂ ਸਿਖੀ ਧਰਮ ਦੇ ਸਹੀ ਰੂਪ ਵਿਚ ਪਰਚਾਰ ਕਰਨ ਤੇ ਸਿਖ ਇਤਿਹਾਸ ਦਾ ਨਕਸ਼ਾ ਲੋਕਾਂ ਸਾਹਮਣੇ ਰਖਣ ਦਾ ਬੀੜਾ ਚੁਕਿਆ ਹੋਵੇ । ਇਸ ਜ਼ਮਾਨੇ ਵਿਚ ਸਿਖਾਂ ਦਾ ਮਨੋਬਲ ਉੱਚਾ ਕਰਨ ਲਈ ਇਨ੍ਹਾਂ ਗਲਾਂ ਦੀ ਅਤਯੰਤ ਲੋੜ ਹੈ ਜੋ ਆਪ ਕਰ ਰਹੇ ਹੋ । ਇਸ ਸ਼ਲਾਘਾ-ਯੋਗ ਕੰਮ ਤੇ ਮੇਰੀ ਹਾਰਦਿਕ ਵਧਾਈ ਪ੍ਰਵਾਨ ਕਰਨੀ ।

ਦਾਸ : ਸੁਰਜੀਤ ਸਿੰਘ
ਮੈਡੀਕਲ ਕਾਲਜ, ਜੱਬਲਪੁਰ

ਸ੍ਰੀ ਮਾਨ ਜੀ,

ਸੰਤ ਸਿਪਾਹੀ ਦੀ ਸਿਖੀ ਸੇਵਾ ਤੋਂ ਪ੍ਰਭਾਵਿਤ ਹੋ ਹੇਠ ਲਿਖੀਆਂ ਪਾਲਾਂ ਇਸ ਦੀ ਭੇਟਾ ਹਨ, ਪ੍ਰਵਾਨ ਕਰਨੀਆਂ :

ਸੋਹਣੀ ਸੱਜ ਧੱਜ ਨਾਲ ਆਂਵਦਾ,
ਸੱਜ ਕੇ ਸੋਹਣਾ ਸੰਤ ,ਸਿਪਾਹੀ ।
ਹੱਸਦਾ ਹੱਸਦਾ ਗਲਾਂ ਕਰਦਾ,
ਮੁਖ ਤੇ ਵਸਦਾ ਨੂਰ ਇਲਾਹੀ ।
ਸੁੰਦਰ ਸੋਹਣੇ ਸ਼ਬਦਾਂ ਰਾਹੀਂ,
ਕਰਦਾ ਗੁਰਬਾਣੀ ਵਿਚਾਰ ।
ਪੜ੍ਹ ਪੜ੍ਹ ਕੇ ਮਨ ਖੀਵਾ ਹੋਵੇ,
ਪਹੁੰਚੇ ਸੁਰਤ ਜਾ ਗੁਰ ਦਰਬਾਰ ।
ਵਿਦਵਾਨਾਂ ਦੇ ਲੇਖਾਂ ਰਾਹੀਂ,
ਗੁੱਝੀਆਂ ਗੁਰਮਤ ਘੁੰਡੀਆਂ ਖੋਹਲੇ ।
ਸੋਹਣੇ ਕਵੀ ਦਰਬਾਰ ਸੁਣਾਵੇ,
ਹਰ ਪ੍ਰਸ਼ਨ ਦਾ ਉਤਰ ਬੋਲੇ ।
ਸੋਹਣੀਆਂ ਗਜ਼ਲਾਂ ਅਤੇ ਰੁਬਾਈਆਂ,
ਨਾਲੇ ਬੀਰ-ਰਸੀ ਕਵਿਤਾਵਾਂ ।
ਨਵੇਂ ਰੰਗ ਦੇ ਅੰਦਰ ਰੰਗੀਆਂ,
ਲੈ ਆਵੇ ਬਲਿਹਾਰੇ ਜਾਵਾਂ ।
ਜੋਸ਼-ਭਰੇ ਇਤਿਹਾਸਕ ਨਾਵਲ,
ਕਿਸ਼ਤਾਂ ਰਾਹੀਂ ਆਣ ਸੁਣਾਵੇ ।
ਪੰਥ ਖਾਲਸੇ ਦੀ ਕੁਰਬਾਨੀ,
ਤਿਆਗ ਅੱਖੀਆਂ ਸਾਹਵੇਂ ਲਿਆਵੇ ।
ਪੰਨੇ ਬਹਿਆਂ ਦੇ ਪੜ੍ਹ ਪੜ੍ਹ ਕੇ,
ਦਿਸਣ ਭੁਜੰਗੀ ਖਿੜ ਖਿੜ ਹਸਦੇ ।
ਨਵਾਂ ਚੰਨ ਕਿਸ ਵੇਲੇ ਦਿਸੇ–
'ਮਿਤਰ' ਪਾਠਕ ਰਹਿਣ ਤਰਸਦੇ ।

ਦਾਸ : ਗੋਪਾਲ ਸਿੰਘ, 'ਮਿਤਰ'
ਮਾਲਬ, ਜ਼ਿਲਾ ਗੁੜਗਾਉਂ ।

ਆਹ ! ਜਥੇਦਾਰ ਨਾਗੋਕੇ ਜੀ

ਸ੍ਰੀ ਮਾਨ ਜੀ,

ਸਿਖ ਕਲਚਰਲ ਸੁਸਾਇਟੀ ਸਾਊਥਾਲ ਲੰਡਨ ਵਿਖੇ ਜਥੇਦਾਰ ਊਧਮ ਸਿੰਘ ਜੀ ਨਾਗੋਕੇ, ਸਾਬਕ ਪ੍ਰਧਾਨ ਸ਼ਰੋਮਣੀ ਅਕਾਲੀ ਦਲ ਦੀ ਯਾਦ ਵਿਚ ਸ੍ਰੀ ਅਖੰਡ ਪਾਠ ਦਾ ਭੋਗ ਪਾਇਆ ਗਿਆ । ਕੀਰਤਨ ਉਪਰੰਤ ਜਥੇਦਾਰ ਯਾਦਵਿੰਦਰ ਸਿੰਘ ਭਿੰਡਰ ਤੇ ਸ: ਸੁਰਜੀਤ ਸਿੰਘ ਬਿਲਗਾ ਨੇ ਉਨ੍ਹਾਂ ਦੇ ਜੀਵਨ ਤੇ ਵਿਖਿਆਨ ਦਿਤੇ । ਸ: ਸੋਹਣ ਸਿੰਘ ਜੀ ਪ੍ਰਧਾਨ ਸੁਸਾਇਟੀ ਨੇ ਹਿੰਦ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਜਥੇਦਾਰ ਹੁਰਾਂ ਦੀ ਯਾਦਗਾਰ ਕਾਇਮ ਕਰਨ ਤੇ ਪੰਜਾਬੀ ਸੂਬੇ ਦੀ ਕਾਇਮੀ ਕਰਕੇ ਸਿਖਾਂ ਨੂੰ ਸੰਤੁਸ਼ਟ ਕਰਨ । ਅੰਤ ਜਥੇਦਾਰ ਜੀ ਦੀ ਆਤਮਾ ਲਈ ਸੱਚ ਖੰਡ ਵਾਸੇ ਦੀ ਅਰਦਾਸ ਕੀਤੀ ਗਈ ।

ਦਾਸ : ਭੁਮਣ ਸਿੰਘ, ਸੂਗ, ਸਕਤ੍ਰ ।

—o—

ਬੋਲ, ਰਾਧਾ ਬੋਲ!

ਇਸਲਾਮੀ ਰਾਜ ਦੇ ਸਮੇਂ ਲਹੌਰ ਦੀ ਇਕ ਮਸਜਿਦ ਵਿਚ ਵਿਦਿਆਰਥੀਆਂ ਵਿਚ ਇਕ ਹਿੰਦੂ ਲੜਕਾ, ਹਕੀਕਤ ਰਾਏ ਵੀ ਪੜ੍ਹਦਾ ਸੀ, ਜਮਾਇਤ ਦੇ ਇਕ ਮੁਸਲਮਾਨ ਮੁੰਡੇ ਨੇ ਗੱਲਾਂ ਗੱਲਾਂ ਵਿਚ ਸ੍ਰੀ ਕ੍ਰਿਸ਼ਨ ਜੀ ਤੇ ਰਾਧਾ ਨੂੰ ਗਾਹਲ ਦੇ ਦਿਤੀ। ਹਕੀਕਤ ਰਾਏ ਨੇ ਵੀ ਜੋਸ਼ ਵਿਚ ਆ ਕੇ ਉਹੀ ਗਲ ਹਜ਼ਰਤ ਮੁਹੰਮਦ ਸਾਹਿਬਾਂ ਦੀ ਲੜਕੀ ਸੰਬੰਧੀ ਕਹਿ ਦਿਤੀ। ਇਸਲਾਮੀ ਹਕੂਮਤ ਇਹ ਭਾਰਾ ਜੁਰਮ ਸੀ।

ਹਕੀਕਤ ਰਾਏ ਨੂੰ ਪਕੜਕੇ ਕਾਜ਼ੀ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਹੋਰ ਲੜਕਿਆਂ ਨੇ ਗਵਾਹੀਆਂ ਦਿਤੀਆਂ । ਹਕੀਕਤ ਰਾਏ ਨੇ ਇਕਬਾਲ ਕਰਦਿਆਂ ਆਖਿਆ ਕਿ ਪਹਿਲੇ ਫਲਾਣੇ ਲੜਕੇ ਨੇ ਰਾਧਾ ਨੂੰ ਗਾਹਲ ਦਿਤੀ ਸੀ ਜਿਸ ਉਤੇ ਮੈਨੂੰ ਜੋਸ਼ ਆ ਗਿਆ ਤੇ ਮੇਰੇ ਮੂੰਹੋਂ ਵੀ ਉਹੋ ਗਲ ਨਿਕਲ ਗਈ।

ਕਾਜ਼ੀ ਨੇ ਫੈਸਲਾ ਸੁਣਾਇਆ ਕਿ ਹਕੀਕਤ ਰਾਏ ਨੂੰ ਸਜ਼ਾ ਵਜੋਂ ਕਤਲ ਕੀਤਾ ਜਾਵੇ, ਜਾਂ ਉਹ ਇਸਲਾਮ ਕਬੂਲ ਕਰੇ। ਦੋਵੇਂ ਸ਼ਰਤਾਂ ਹਕੀਕਤ ਰਾਏ ਦੇ ਸਾਹਮਣੇ ਰਖੀਆਂ ਗਈਆਂ । ਉਸ ਨੇ ਕਤਲ ਹੋਣਾ ਮਨਜ਼ੂਰ ਕੀਤਾ ਪਰ ਮੁਸਲਮਾਨ ਬਨਣਾ ਪਰਵਾਨ ਨਾ ਕੀਤਾ । ਹਕੂਮਤ ਵਲੋਂ ਉਸ ਦੇ ਘਰ ਦਿਆਂ ਤੇ ਦਬਾਅ ਪਾਇਆ ਗਿਆ ਤੇ ਮਾਂ ਨੇ ਪੁਤਰ ਦੀ ਮੁਲਾਕਾਤ ਕਰਕੇ ਕਿਹਾ ਕਿ ਉਹ ਮੁਸਲਮਾਨ ਬਣ ਕੇ ਜਾਨ ਬਚਾ ਲਵੇ। ਹਕੀਕਤ ਰਾਏ ਨੇ ਨਾ ਮੰਨਿਆ ਤਾਂ ਮਾਂ ਨੇ ਦੁਧ ਪਿਲਾਏ ਦਾ ਵਾਸਤਾ ਪਾ ਕੇ ਕਿਹਾ ਕਿ ਜੇ ਤੂੰ ਆਪਣੇ ਵਾਸਤੇ ਜ਼ਿੰਦਾ ਨਹੀਂ ਰਹਿਣਾ ਚਾਹੁੰਦਾ, ਤਾਂ ਮੇਰੇ ਵਾਸਤੇ ਹੀ ਜ਼ਿੰਦਾ ਰਹੁ।

ਹਕੀਕਤ ਰਾਏ ਨੇ ਮਾਂ ਨੂੰ ਜਵਾਬ ਵਿਚ ਪੁਛਿਆ, "ਮਾਂ! ਕੀ ਉਹ ਦੁਧ ਤੂੰ ਪਿਲਾਇਆ ਸੀ?" ਮਾਂ ਨੇ ਕਿਹਾ, ਹਾਂ!" ਹਕੀਕਤ ਰਾਏ ਨੇ ਕਿਹਾ, "ਫਿਰ ਹੁਣ ਵੀ ਦੁਧ ਪਿਲਾ" । ਮਾਂ ਨੇ ਜਵਾਬ ਦਿਤਾ ਕਿ ਹੁਣ ਤਾਂ ਮੇਰੀ ਛਾਤੀ ਵਿਚ ਦੁਧ ਨਹੀਂ ਹੈ । ਹਕੀਕਤ ਰਾਏ ਨੇ ਕਿਹਾ, "ਮਾਂ, ਉਸ ਵਕਤ ਜੋ ਤੂੰ ਮੈਨੂੰ ਦੁਧ ਪਿਲਾਇਆ ਸੀ, ਉਹ ਦੁਧ ਮੇਰੇ ਵਾਹਿਗੁਰੂ ਜੀ ਦਾ ਭੇਜਿਆ ਹੋਇਆ ਦੁਧ ਹੈਸੀ, ਤੂੰ ਤਾਂ ਸਿਰਫ ਪਿਲਾਣ ਵਾਲਾ ਭਾਂਡਾ ਹੀ ਸੈਂ।" ਮਾਂ ਲਾਜਵਾਬ ਹੋ ਕੇ ਮੁੜ ਗਈ। ਲੜਕੇ ਨੂੰ ਕਤਲ ਕਰ ਦਿਤਾ ਗਿਆ। ਲਾਹੌਰ ਵਿਚ ਹਕੀਕਤ ਰਾਏ ਦੀ ਸਮਾਧ ਸੀ, ਜਿਸ ਉਤੇ ਬਸੰਤ ਪੰਚਮੀ ਉਤੇ ਭਾਰਾ ਮੇਲਾ ਲਗਿਆ ਕਰਦਾ ਸੀ। ਹਕੀਕਤ ਰਾਏ ਦੀ ਇਹ ਸ਼ਹਾਦਤ ਕੌਮਾਂ ਨੂੰ ਜ਼ਿੰਦਾ ਕਰਨ ਵਾਲੀ ਉਸ ਅਣਖ ਦਾ ਸਬੂਤ ਸੀ ਜਿਸ ਕਰਕੇ ਅਸੀਂ ਆਪਣੇ ਪੂਜ ਬਜ਼ੁਰਗਾਂ ਦਾ ਅਪਮਾਨ ਨਹੀਂ ਸਹਿ ਸਕਦੇ ।

ਸਮੇਂ ਦਾ ਗੇੜ ਹੈ, ਦੇਖੋ ਹੁਣ, "ਬੋਲ ਰਾਧਾ ਬੋਲ ! ਮੇਰੇ ਮਨ ਕੀ ਗੰਗਾ ਔਰ ਤੇਰੇ ਮਨ ਕੀ ਜਮਨਾ, ਸੰਗਮ ਹੋਗਾ ਕਿ ਨਹੀਂ ?" ਮੁਹੰਮਦ ਰਫੀਹ ਦੀ ਆਵਾਜ਼ ਵਿਚ ਸੁਣਾਇਆ ਜਾਂਦਾ ਹੈ, ਜਿਸ ਨੂੰ ਸੁਣਕੇ ਬਚੀਆਂ ਨੱਚਦੀਆਂ ਤੇ ਗਾਂਦੀਆਂ ਹਨ ਤੇ ਬਾਪ ਸਾਰੇ ਖੁਸ਼ ਹੁੰਦੇ ਹਨ।

ਇਸ ਸੰਗਮ ਦੀ ਮੰਗ ਦਾ ਜਵਾਬ ਪਹਿਲੇ ਤਾਂ ਰਾਧਾ ਇਨਕਾਰ ਵਿਚ ਦੇਂਦੀ ਹੈ, ਫਿਰ ਹੱਸ ਦੇਂਦੀ ਹੈ ਤੇ ਫਿਰ ਮੁੜ ਆਖਣ ਤੇ ਆਖਦੀ ਹੈ, "ਹੋਗਾ! ਹੋਗਾ! ਹੋਗਾ!" ਇਸ ਸੰਗਮ ਦਾ ਕੀ ਭਾਵ ਹੈ? ਗੰਗਾ ਜਮਨਾ ਦੇ ਨਾਮਾਂ ਵਿਚ ਕਾਮਨਾਵਾਂ ਅਤੇ ਅੰਗਾਂ ਦਾ ਸੰਗਮ ਗਲੇਫਿਆਂ ਹੋਇਆ ਹੈ।

ਸ੍ਰੀ ਰਾਧਾ ਤੇ ਕ੍ਰਿਸ਼ਨ ਜੀ ਮਹਾਰਾਜ ਦੇ ਪੁਜਾਰੀ ਲੋਕਾਂ ਨੂੰ ਸ੍ਰੀ ਰਾਧਾ ਦੇ ਨਾਮ ਨਾਲ ਐਸੇ ਬੋਲ ਤੇ ਗੀਤ ਬੰਦ ਕਰਵਾਣੇ ਚਾਹੀਦੇ ਹਨ, ਨਾ ਕਿ ਸੁਣ ਕੇ ਖੁਸ਼ ਹੋਣਾ ਤੇ ਆਪ ਐਸੇ ਗੀਤ ਗਾਣੇ ਚਾਹੀਦੇ ਹਨ। ਕਿਥੇ ਹਕੀਕਤ ਰਾਏ ਦਾ ਇਸ ਨਾਮ ਦੀ ਇਜ਼ਤ ਪਿਛੇ ਸਿਰ ਦੇ ਦੇਣਾ ਤੇ ਕਿਥੇ ਆਪ ਉਸੇ ਨਾਮ ਦੀ ਬੇਇਜ਼ਤੀ ਕਰਨੀ ? ਪਿਆਰੇ ਹਿੰਦੂ ਭਾਈਓ! ਆਪ ਉਦਮ ਕਰਕੇ ਐਸੇ ਗਾਣੇ ਬੰਦ ਕਰਾ ਕੇ ਆਪਣਾ ਵੀ ਭਲਾ ਕਰੋ ਤੇ ਸਾਡੀਆਂ ਵੀ ਖੁਸ਼ੀਆਂ ਲਓ।'

—ਹਕੀਮ ਜਗਤ ਸਿੰਘ ਜੀ, ਨਵੀਂ ਦਿਲੀ

ਪੰਜਾਬੀ ਕਵੀ ਦਰਬਾਰ

ਕਵੀ ਸਜਣੋ ! ਸਮਸਿਆ ਤੇ ਲਿਖੀ ਕਵਿਤਾ ਛੇ ਜਾਂ ਬਾਰਾਂ ਲਾਈਨਾਂ ਤੋਂ ਵਧ ਨਹੀਂ ਹੋਣੀ ਚਾਹੀਦੀ, ਪੰਦਰਾਂ ਤਰੀਕ ਤਕ ਲਿਖ ਕੇ ਜ਼ਰੂਰ ਦਫਤਰ 'ਸੰਤ ਸਿਪਾਹੀ' ਵਿਚ ਪਹੁੰਚਣੀਆਂ ਚਾਹੀਦੀਆਂ ਹਨ । ਕਵਿਤਾ ਸਾਫ ਸੁਥਰੀ ਤੇ ਸਮਸਿਆ ਅਨਕੂਲ ਲਿਖੀ ਹੋਣੀ ਚਾਹੀਏ । 'ਸੰਤ ਸਿਪਾਹੀ' ਦਾ ਅਗਲਾ ਪਰਚਾ ਖਾਲਸਾ ਅੰਕ ਹੋਵੇਗਾ । ਉਸ ਲਈ ਸਮਸਿਆ ਹੈ—: ਪੈਦਾ ਜੇ ਖਾਲਸਾ ਹੁੰਦਾ ਨਾ, ਅਜ ਖੰਡਰ ਹਿੰਦੁਸਤਾਨ ਹੁੰਦਾ,

(ਕਾਫੀਆ ਹਿੰਦੁਸਤਾਨ) "ਪ੍ਰੇਮ"

ਇਸ ਵਾਰ ਦੀ ਸਮਸਿਆ—ਅਨੰਦਪੁਰ ਯਾਰੜੇ ਦਾ ਹੋਲੜਾ ਮਨਾਈਏ ਚੱਲ ।

* ਬੀਰ ਅੰਮ੍ਰਿਤਸਰੀ ਡੋਂਗਰਗੜ੍ਹ *

ਰੁੱਤ ਵੇਖ ਪਿਆਰ ਭਰੀ, ਰਾਂਝਣੇ ਵਿਚਾਰ ਕੀਤੀ, "ਜਟੇਟੜੀ ਦੇ ਪਿੰਡ ਮਨਾਂ ਵੰਝਲੀ ਵਜਾਈਏ ਚੱਲ ।
ਬਿਰਹੁੰ ਦੀ ਕੁੱਠੀ ਹੋਈ, ਰਾਧਾ ਕਹੇ ਸਖੀ ਤਾਈਂ, ਮੋਹਨ ਦੇ ਰੰਗ ਵਿਚ, ਚੁੰਨੀ ਚਾ ਰੰਗਾਈਏ ਚੱਲ ।
ਦੂਰ ਵੇਖ ਦੀਵੇ ਤਾਂਈ, ਭੰਬਟਾਂ ਸਲਾਹ ਕੀਤੀ, ਚਲੋ ਬਈ ਚਲੀਏ, ਤੇ ਖੰਭ ਸੜਵਾਈਏ ਚੱਲ ।
ਹੋਲੀ ਐ, ਬਈ ਹੋਲੀ ਐ, ਹਾਣੀ ਕਿਹਾ ਹਾਣੀ ਤਾਈਂ, ਹਾਣੀਆਂ ਦੇ ਉਤੇ ਦਿਲ ਭਰ ਰੰਗ ਪਾਈਏ ਚੱਲ ।
ਵੇਖ ਦਿਲ ਪਿਆਰ ਭਰੇ, 'ਬੀਰ' ਨੂੰ ਖਿਆਲ ਆਇਆ, ਲਾਈਆਂ ਨੀ ਤਾਂ ਉਠ ਮਨਾਂ ! ਤੋੜ ਨਿਭਾਈਏ ਚੱਲ ।
ਲੋਕਾਂ ਦੀਆਂ ਹੋਲੀਆਂ, ਤਾਂ ਸਾਡਾ ਵੀ ਤੇ ਹੋਲਾ ਏ, ਅਨੰਦਪੁਰ, ਯਾਰੜੇ ਦਾ ਹੋਲਾ ਮਨਾਈਏ ਚੱਲ ।

* ਗਿਆਨੀ ਗੋਪਾਲ ਸਿੰਘ 'ਮਿਤਰ' ਮਾਲਬ (ਗੁੜਗਾਉਂ) *

ਗੁਰਸਿਖਾਂ ਤਿਆਰ ਹੋ ਤੇ ਕਰ ਲੈ ਕਮਰਕੱਸੇ, ਘੱਤ ਕੇ ਵਹੀਰਾਂ ਅਗੇ ਕਦਮ ਵਧਾਈਏ ਚੱਲ ।
ਟਿਕੇ ਜਿਥੇ ਜਿਥੇ ਪਾਵਨ ਚਰਨ ਕਲਗੀ ਵਾਲੜੇ ਦੇ, ਚੁੰਮ ਚੁੰਮ ਖਾਕ ਮਥੇ ਉਤੇ ਲਾਂਦੇ ਜਾਈਏ ਚਲ ।
ਹੋ ਰਿਹਾ ਇਕਠ ਅਜ ਰੰਗਲੀ ਉਸ ਧਰਤ ਉਤੇ, ਦੀਦਾਰ ਪੰਥ ਖਾਲਸੇ ਦਾ ਸੋਹਣਾ ਰਜ ਪਾਈਏ ਚਲ ।
ਰਿਦੇ ਲੈ ਉਮਾਹ ਉਤਸ਼ਾਹ ਆਉਣਾ ਸੰਗਤਾਂ ਨੇ, ਜਿੰਨੀ ਬਣ ਆਵੇ ਸੇਵਾ ਹਥੀਂ ਕਮਾਈਏ ਚਲ ।
ਅੰਮ੍ਰਿਤ ਦੀ ਦਾਤ ਦੇ ਕੇ ਨੀਚਹੁੰ ਊਚ ਕਰਨ ਵਾਲੇ, ਸੋਢੀ ਸੁਲਤਾਨ ਦੇ ਚਰਨ ਪਰਸ ਆਈਏ ਚਲ ।
ਦਿਸ ਪਏਗਾ ਆਪ ਬੈਠਾ ਪੰਥ ਰੂਪ ਵਿਚ 'ਮਿਤਰ' 'ਅਨੰਦ ਪੁਰ ਯਾਰੜੇ ਦਾ ਹੋਲੜਾ ਮਨਾਈਏ ਚਲ ।

* ਸ੍ਰੀ ਜੋਗਿੰਦਰ ਪਾਲ 'ਸੇਵਕ' ਅੰਮ੍ਰਿਤਸਰ *

ਸੁਤੀ ਹੋਈ ਕੌਮ ਨੂੰ ਜਗਾਇਆ ਜਿਥੇ ਸ਼ਹਿਨਸ਼ਾਹ ਨੇ, ਉਸੇ ਥਾਂ ਤੇ ਸੁਤੀ ਤਕਦੀਰ ਨੂੰ ਜਗਾਈਏ ਚਲ ।
ਕਾਂਸ਼ੀ, ਅਤੇ ਕਾਅਬਾ ਜਿਦ੍ਹੀ ਮਿਟੀ ਨੂੰ ਪਏ ਪੂਜਦੇ ਨੇ, ਸੁਰਮਾਂ ਹੈ ਮਿਟੀ ਓਹੋ ਅਖੀਆਂ ਚਿ ਪਾਈਏ ਚਲ ।
ਕੌਮ ਨੂੰ ਚੜ੍ਹਾਇਆ ਉਹਨੇ ਬੀਰਤਾ ਦਾ ਰੰਗ ਜਿਥੇ, ਬੀਰਤਾ ਦਾ ਰੰਗ ਓਥੇ ਕੌਮ ਨੂੰ ਚੜ੍ਹਾਈਏ ਚਲ ।
ਖੰਡੇ ਚੋਂ ਸੁਣਾਇਆ ਉਹਨੇ ਗੀਤਾਂ ਦਾ ਗਿਆਨ ਜਿਥੇ,ਉਪਦੇਸ਼ ਉਥੇ ਅਰਜਨਾਂ ਨੂੰ ਗੀਤਾਂ ਦਾ ਸੁਣਾਈਏ ਚਲ ।
ਸੰਤਾਂ ਨੂੰ ਸਿਪਾਹੀਆਂ ਦੀ ਵਰਦੀ ਹੈ ਪੁਆਈ ਜੀਹਨੇ, ਸੀਸ ਉਸੇ 'ਸੰਤ ਸਿਪਾਹੀ' ਨੂੰ ਝੁਕਾਈਏ ਚਲ ।
ਪੀਰਾਂ ਅਵਤਾਰਾਂ ਨੇ ਵੀ ਮੰਨਿਆ ਹੈ ਪੀਰ ਜਿਹਨੂੰ, ਅਨੰਦਪੁਰ ਯਾਰੜੇ ਦਾ ਹੋਲੜਾ ਮਨਾਈਏ ਚਲ ।

ਖੰਡੇ ਵਿਚੋਂ ਸਾਜੇ ਜਿਥੇ ਸੂਰੇ ਦਸ਼ਮੇਸ਼ ਜੀ ਨੇ, ਸਰਸਾ ਨਾਲ ਮੇਲੇ ਅਜ ਉਸੇ ਥਾਂ ਤੇ ਲਗਦੇ।
ਜਿਹੜੇ ਥਾਂ ਤੇ ਪੈਰ ਉਹਨੇ ਧਰੇ ਨੇ ਮੁਸੀਬਤਾਂ ਵਿਚ, ਬਦੋ ਬਦੀ ਸੀਸ ਉਥੇ ਝੁਕਦੇ ਨੇ ਜਗਦੇ।
ਫੁਲ ਉਹੋ ਪੂਜੇ ਗਏ, ਜੋ ਪੁਜੇ ਉਹਦੇ ਪੈਰਾਂ ਤੀਕ, ਖਿੜੇ ਮਥੇ ਰਹੇ ਜੋ ਮੁਸੀਬਤਾਂ ਨੂੰ ਤਗਦੇ।
(ਦੇਸ਼ ਦੀਆਂ) ਗੁੰਝਲਾਂ ਨੂੰ ਖੋਹਲ ਗਏ ਪੇਚ ਨਾ ਕੋਈ ਪੈਣ ਦਿਤਾ, ਗਲੇ ਵਿਚ ਪੇਚ ਭਾਵੇਂ ਪਏ ਰਹੇ ਪਗਦੇ।
ਕਹਿਣੀ ਅਤੇ ਕਰਨੀ ਵਿਚ ਉਹਨਾਂ ਹੀ ਜਵਾਨਾਂ ਵਾਂਗ, ਕਹੀਏ ਜੋ ਵੀ ਮੁਖੋਂ ਉਹੋ ਕਰਕੇ ਵਖਾਈਏ ਚਲ।
'ਸੇਵਕ' ਜੇ ਮਾਨਣਾ ਅਨੰਦ ਕੋਈ ਜ਼ਿੰਦਗੀ ਦਾ, ਅਨੰਦਪੁਰ ਯਾਰੜੇ ਦਾ ਹੋਲੜਾ ਮਨਾਈਏ ਚਲ।

* ਡਾਕਟਰ 'ਸ਼ਰਨ' ਮੁਦਾਨਵੀ ਦਿਲੀ *

ਯਾਰੜੇ ਦੇ ਸੱਥਰ ਨੂੰ ਚੰਗੇਰਾ ਜਿਸ ਆਖਿਆ ਏ, ਉਸ ਸਤਿਗੁਰੂ ਦੇ ਦੀਦਾਰ ਅਜ ਪਾਈਏ ਚਲ।
ਦੇਸ਼ ਲਈ ਪਿਤਾ ਅਤੇ ਪੁਤ ਚਾਰੇ ਵਾਰੇ ਜਿਸ, ਐਸੇ ਸਰਬੰਸ ਦਾਨੀ ਗੁਰੂ ਨੂੰ ਰੀਝਾਈਏ ਚਲ।
ਉਸਦੀ ਨੁਹਾਰ ਉਹਦੇ ਸ਼ਸਤ੍ਰਾਂ ਦੇ ਵਿਚੋਂ ਜਾਪੇ, ਆ ! ਉਹਦੇ ਸ਼ਸਤ੍ਰਾਂ ਨੂੰ ਸੀਸ ਹੀ ਨਿਵਾਈਏ ਚਲ।
ਜਿਨ੍ਹਾਂ ਜਿਨ੍ਹਾਂ ਰਾਹਾਂ ਉਤੋਂ ਲੰਘਿਆ ਏ ਗੁਰੂ ਮੇਰਾ, ਚਰਨ ਧੂੜ ਗਲੀਆਂ ਦੀ ਮਸਤਕ ਤੇ ਲਾਈਏ ਚਲ।
ਜੀਹਨੇ ਗੁਰੂ ਖ਼ਾਲਸਾ ਨੂੰ ਆਪਣਾ ਹੀ ਰੂਪ ਕਿਹਾ, ਐਸੇ ਸਤਿਗੁਰੂ ਉਤੋ ਬਲ ਬਲ ਜਾਈਏ ਚਲ।
ਸੁਖਾਂ ਸੁਖ ਸੁਖ 'ਸ਼ਰਨ' ਸਾਲ ਪਿਛੋਂ ਦਿਨ ਆਇਆ, ਅਨੰਦਪੁਰ ਯਾਰੜੇ ਦਾ ਹੋਲੜਾ ਮਨਾਈਏ ਚਲ।

* ਅਕਾਲੀ ਚਰਨ ਸਿੰਘ, 'ਦੁਖੀ', ਬੇਨਾ ਚਟੀ ਦਰਗਾਪੁਰ *

ਸੁਤਾ ਕਾਹਨੂੰ ਪਿਐਂ ਸਿੰਘਾ, ਉਠ ਅਸ਼ਨਾਨ ਕਰ, ਭਗਤ ਪ੍ਰਹਿਲਾਦ ਵਾਂਗ ਭਗਤੀ ਕਮਾਈ ਚਲ।
ਕਈ ਸਾਲ ਹੋ ਗਏ ਤੈਨੂੰ ਪੰਥ ਨਾਲੋਂ ਬਿਛੜੇ ਨੂੰ, ਗੁਰਾਂ ਦੇ ਹਜ਼ੂਰ ਅਜ ਫੁਟ ਨੂੰ ਮਿਟਾਈਏ ਚਲ।
ਏਕਤਾ ਦਾ ਗੜ੍ਹ ਬਣੇ ਸ੍ਰੀ ਕੇਸਗੜ੍ਹ ਸਾਹਿਬ, ਪੰਥ ਦਿਆਂ ਆਗੂਆਂ ਨੂੰ ਜਫੀਆਂ ਪੁਆਈਏ ਚਲ।
ਗੁਰੂ ਦੇ ਦੁਆਰੇ ਉਤੇ ਸਾਰੇ ਸਿੰਘ ਕਠੇ ਹੋ ਕੇ, ਉਚੀ ਸ਼ਾਨ ਨਾਲ ਝੰਡਾ ਕੇਸਰੀ ਝੁਲਾਈਏ ਚਲ।
ਪੰਥ ਦੇ ਵਿਰੋਧੀਆਂ ਦੇ ਦਿਲ 'ਦੁਖੀ' ਦਹਿਲ ਜਾਣ, ਕਲਗੀਆਂ ਵਾਲੇ ਦੇ ਨਗਾਰੇ ਨੂੰ ਬਜਾਈਏ ਚਲ।
ਹੋਲੀ ਦੀਆਂ ਬੋਲੀਆਂ ਤਾਂ ਜਗ੍ਹਾ ਜਗ੍ਹਾ ਪੈਂਦੀਆਂ ਨੇ, ਅਨੰਦ ਪੁਰ ਯਾਰੜੇ ਦਾ ਹੋਲੜਾ ਮਨਾਈਏ ਚਲ।

* ਸ੍ਰੀ ਗੁਰਾਂ ਦਾਸ ਵਰਮਾ ਅੰਮ੍ਰਿਤਸਰੀ *

ਉਠ ਮਨਾਂ ਸੁਤਿਆ ! ਵੇਰੀਆਂ ਕਿਉਂ ਢਾਹ ਬੈਠੋਂ ? ਪੀੜਾਂ ਭਰੇ ਦੁਖੜੇ ਦਾਤਾਰ ਨੂੰ ਸੁਣਾਈਏ ਚਲ।
ਭੁਲਾਂ ਅਗੇ ਲਖਾਂ ਦੀਆਂ ਕੀਤੀਆਂ ਮੁਆਫ ਉਹਨਾਂ, ਬੁਲ੍ਹੇ ਵਾਂਗ ਨਚਕੇ ਤੇ ਯਾਰ ਨੂੰ ਰੀਝਾਈਏ ਚਲ।
ਚਲ ਹੁਣ ਸੰਗ ਵਾਲੇ ਘੁੰਡ ਨੂੰ ਉਤਾਰ ਕੇ ਤੇ, ਦਰ ਉਤੇ ਦਾਤੇ ਦੇ, ਵਿਗੜੀ ਬਣਾਈਏ ਚਲ।
ਹਿੰਮਤਾਂ ਦੀ ਰਾਸ ਲੈ ਕੇ, ਫੜ ਪੱਲਾ ਉਦਮਾਂ ਦਾ, ਮੁਕਤੀ ਦੇ ਦਾਨ ਲਈ ਖੈਰ ਨੂੰ ਪਵਾਈਏ ਚਲ।
ਪੱਲ ਦਾ ਭਰੋਸਾ ਨਹੀਂ, "ਵਰਮਾ" ਇਸ ਜ਼ਿੰਦਗੀ ਦਾ, ਨਸੀਬੇ ਮੋਏ ਹੋਏ ਤਾਈਂ ਮੁੜਕੇ ਜਿਵਾਈਏ ਚਲ।
ਅੰਮ੍ਰਿਤ ਦਾ ਸੋਮਾ ਕਹਿੰਦੇ ਸਦਾ ਓਥੇ ਸਿੰਮਦਾ ਏ, ਅਨੰਦਪੁਰ ਯਾਰੜੇ ਦਾ ਹੋਲੜਾ ਮਨਾਈਏ ਚਲ।

* ਸ: ਦਲੀਪ ਸਿੰਘ, 'ਦਰਵੇਸ਼' ਆਗਰਾ *

ਕਹਿੰਦੇ ਧਰਤੀ ਧਰਮ ਦੀ, ਅਨੰਦ ਪੁਰ ਲੋਕ ਸਾਰੇ, ਉਠ ਦਰਬਾਰ ਉਹਦੇ ਮਸਤਕ ਨਵਾਈਏ ਚਲ।
ਧੂੜੀ ਉਹਦੇ ਚਰਨਾਂ ਦੀ ਲਭਿਆਂ ਜੇ ਲੱਭ ਜਾਵੇ, ਮਨ ਦੇ ਮੰਦਰ ਵਿਚ ਚੁੰਮ ਕੇ ਵਸਾਈਏ ਚਲ।
ਛੋਟੇ ਵਡੇ ਗਭਰੂ ਜਵਾਨ ਬੁਢੇ ਨਰ ਨਾਰੀ, ਉਹਦੀ ਸੰਥਾ ਦਸੀ ਹੋਈ, ਮਿਤਰੋ ਪਕਾਈਏ ਚਲ।
ਘਟੇ ਮਿਟੀ ਚਿਕੜ ਨਾਲ ਹੋਲੀ ਕਾਹਨੂੰ ਖੇਡਨਾ ਏਂ ? ਸੁਤੀ ਹੋਈ ਡੋਲਿਆਂ ਚੋਂ ਬੀਰਤਾ ਜਗਾਈਏ ਚਲ।
ਜਿਥੇ ਦਸ਼ਮੇਸ਼ ਪਿਤਾ ਸਿਖੀ ਵਾਲਾ ਬੂਟਾ ਲਾਇਆ, ਉਸ ਦੀਆਂ ਰਾਹਵਾਂ ਵਿਚ ਅਖੀਆਂ ਵਿਛਾਈਏ ਚਲ।
ਦਰਵੇਸ਼ ! ਖੰਡੇ ਪਾਹੁਲ ਛੱਕ ਸਫਲਤਾ ਪ੍ਰਾਪਤ ਹੋਵੇ, ਅਨੰਦਪੁਰ ਯਾਰੜੇ ਦਾ ਹੋਲੜਾ ਮਨਾਈਏ ਚਲ।

*   ਸ: ਕੁਲਜੀਤ ਸਿੰਘ 'ਜੀਤ' ਅੰਮ੍ਰਿਤਸਰ   *

ਸ੍ਰੀ ਦਸ਼ਮੇਸ਼ ਗੁਰੂ ਕਲਗੀਆਂ ਵਾਲੜੇ ਦੇ, ਮਹਿਮਾਂ ਵਾਲੇ ਗੀਤ ਉਸ ਮਾਹੀ ਜੀ ਦੇ ਗਾਈਏ ਚਲ।
ਮੰਗੀਆਂ ਮੁਰਾਦਾਂ ਮੂੰਹੋਂ, ਪੂਰੀਆਂ ਕਰੇ ਦਾਤਾ, ਬਰਕਤਾਂ ਦੀ ਖੈਰ ਝੋਲੀ ਆਪਣੀ ਪਵਾਈਏ ਚਲ।
ਰਹਿੰਦੀਆਂ ਬਹਾਰਾਂ ਜਿਸ ਧਰਤੀ ਤੇ ਬਾਰਾਂ ਮਹੀਨੇ, ਅੱਠੇ ਪਹਿਰ ਦੀਆਂ ਓਥੇ ਰੌਣਕਾਂ ਨੂੰ ਲਾਈਏ ਚਲ।
ਦੂਰੋਂ ਦੂਰੋਂ ਆਉਣ ਓਥੇ ਸੰਗਤਾਂ ਵਹੀਰਾਂ ਬਨ੍ਹ, ਕਰਕੇ ਦੀਦਾਰ ਤਨ ਸਫਲਾ ਬਣਾਈਏ ਚਲ।
ਭਾਗਾਂ ਨਾਲ ਮਿਲਿਆ ਜੋ ਸਮੇਂ ਦੀ ਸੰਭਾਲ ਕਰ, ਭਾਗਾਂ ਵਾਲੇ ਕੋਲੋਂ ਭਾਗ ਆਪਣੇ ਜਗਾਈਏ ਚਲ।
ਤਰੇ ਕੁੱਲ "ਜੀਤ", ਹੋਏ ਨਾਸ ਕਲੇਸ਼ਾਂ ਵਾਲਾ, ਅਨੰਦਪੁਰ ਯਾਰੜੇ ਦਾ ਹੋਲੜਾ ਮਨਾਈਏ ਚਲ।

*   ਸ: ਮਹਿੰਦਰ ਸਿੰਘ 'ਪ੍ਰੇਮ' ਅੰਮ੍ਰਿਤਸਰ   *

ਝੱੜ ਰਹੇ ਪੁਰਾਣੇ ਮੁੜ ਨਵਿਆਂ ਦੀ ਰੁਤ ਆਈ, ਨਵੀਆਂ ਉਮੰਗਾਂ ਨਵੇਂ ਜਜ਼ਬੇ ਜਗਾਈਏ ਚਲ।
ਨਵਾਂ ਖੂਨ, ਨਵਾਂ ਜੋਸ਼, ਨਵਾਂ ਉਮਾਹ ਜਾਗੇ, ਮਾਹੀ ਦੀਆਂ ਜੂਹਾਂ ਵਿਚ ਚਲ ਫੇਰਾ ਪਾਈਏ ਚਲ।
ਮੌਲੀ ਹੋਈ ਧਰਤੀ ਉਹ, ਮੌਲਾ ਦਾ ਈ ਵਾਸ ਓਥੇ, ਮੌਲਾ ਦੇ ਪਿਆਰਿਆ ਉਏ, ਮੌਲਾ ਨੂੰ ਮਨਾਈਏ ਚਲ।
ਭਾਗਵਾਨਾਂ ਆ ਜਾ, ਭਗਵਾਨ ਦਾ ਜੇ ਦਰਸ ਲੋੜੇਂ, ਭਾਗਾਂ ਨਾਲ ਹੁੰਦਾ, ਦਰਸ ਓਸਦਾ ਕਰਾਈਏ ਚਲ।
ਮਨ ਦੀ ਮੁਰਾਦ ਉਥੇ, ਪੂਰੀ ਹੋਵੇ ਸਾਰਿਆਂ ਦੀ, ਸਾਰਿਆਂ ਦੇ ਸਾਂਝੇ ਨਾਲ ਨਿਹੁੰ ਨੂੰ ਲਗਾਈਏ ਚਲ।
ਦਿਲਾਂ ਵਿਚੋਂ ਕਢ ਕੋੜ੍ਹ ਦੂਈ ਤੇ ਦਵੈਤ ਵਾਲਾ, ਅਨੰਦਪੁਰ ਯਾਰੜੇ ਦਾ ਹੋਲੜਾ ਮਨਾਈਏ ਚਲ।
ਚਲ ਭਾਈ ਸਿੰਘਾਂ ਓਏ, ਤੂੰ ਤੇ ਜ਼ਰੂਰ ਚਲ, ਚਲ ਓਥੇ ਚਲਕੇ ਤੂੰ ਵਿਗੜੀ ਸਵਾਰ ਲੈ।
ਖੌਰੇ ਉਹਦੀ ਮਿਹਰ ਨਾਲ ਮੁੜ ਬਣੇ ਸ਼ਾਨ ਤੇਰੀ, ਚਲ ਓਥੇ ਆਪੇ ਵਲ ਝਾਤੀ ਜ਼ਰਾ ਮਾਰ ਲੈ।
ਖੰਡੇ ਦਿਆ ਜਾਇਆ! ਅੱਜ ਖੁੰਢ ਹੋਈ ਅਣਖ ਤੇਰੀ, ਖੂਹੇ ਲਥੀ ਜਾਂਦੀ ਲੱਜ ਆਪਣੀ ਖਲ੍ਹਾਰ ਲੈ।
ਜਗ ਦਿਆ ਦਾਤਿਆ ਵੇ! ਬਣ ਤੂੰ ਭੇਖਾਰੀ ਗਿਉਂ, ਸੋਚ ਲੈ, ਤੂੰ ਸਮਝ ਲੈ, ਤੂੰ ਵੇਖ ਲੈ ਵਿਚਾਰ ਲੈ।
ਨਿਰਾਸ਼ਾ ਦਿਆਂ ਬਦਲਾਂ ਨੇ, ਮਲਿਆ ਆਕਾਸ਼ ਤੇਰਾ, ਆਸਾਂ ਦੀ ਫੁਹਾਰ ਸਿੰਘਾਂ ਉਹਨਾਂ ਚੋਂ ਫੁਟਾਈਏ ਚਲ।
'ਪ੍ਰੇਮ' ਪ੍ਰੀਤਾਂ ਲਾ ਕੇ ਹੀ ਸਾਈਂ ਨੂੰ ਰੀਝਾਈਦਾ ਈ, ਅਨੰਦਪੁਰ ਯਾਰੜੇ ਦਾ ਹੋਲੜਾ ਮਨਾਈਏ ਚਲ।

—o—

ਪਾਠਕ ਜੀ! ਜੇ ਆਪ ਨੇ ਸੰਤ ਸਿਪਾਹੀ ਨੂੰ ਪੜ੍ਹ ਕੇ ਪਸੰਦ ਕੀਤਾ ਹੈ ਤਾਂ ਹੋਰਾਂ ਨੂੰ ਇਸ ਰਸਾਲੇ ਦਾ ਮੈਂਬਰ ਬਣਾਓ। ਚੰਦਾ ਦੇਸ ੭) ਤੇ ਪ੍ਰਦੇਸ ੧੦) ਹੈ।

ਜੇ ਆਪ ਖੁਦ ਕਿਸੇ ਨੂੰ ਆਖਣੋ ਸੰਗਦੇ ਹੋ ਤਾਂ ਸਾਨੂੰ ਆਪਣੇ ਮਿਤਰਾਂ ਦੇ ਐਡਰੈਸ ਭੇਜੋ, ਅਸੀ ਆਪ ਦਾ ਹਵਾਲਾ ਦੇ ਕੇ ਉਨ੍ਹਾਂ ਨੂੰ ਇਕ ਪਰਚਾ ਨਮੂਨੇ ਵਜੋਂ ਮੁਫਤ ਭੇਜ ਕੇ ਗ੍ਰਾਹਕ ਬਨਣ ਦੀ ਪ੍ਰੇਰਨਾ ਕਰਾਂਗੇ।

ਜੇ ਆਪ ਨੇ ਕਿਸੇ ਲੇਖ ਨੂੰ ਪਸੰਦ ਕੀਤਾ ਹੈ ਤਾਂ ਉਸ ਦੀ ਪ੍ਰਸੰਸਾ ਲਿਖੋ ਤੇ ਜੇ ਨਾ-ਪਸੰਦ ਕੀਤਾ ਹੈ ਤਾਂ ਉਸ ਦੀ ਨਿਖੇਧੀ ਵੀ ਲਿਖੋ ਤਾਂ ਜੋ ਅਸੀਂ ਸਿਖ ਲੋਕ ਰਾਏ ਨਾਲ ਮਿਲੇ ਜੁੜੇ ਰਹੀਏ। ਇਹ ਮੇਲ-ਜੋੜ ਬੜਾ ਜੀਵਨ-ਬਖਸ਼ ਤੇ ਸੇਹਤ ਮੰਦ ਹੁੰਦਾ ਹੈ। ਅਸੀਂ ਸੰਤ ਸਿਪਾਹੀ ਨੂੰ ਸਿਖ ਲੋਕਾਂ ਦਾ ਆਰਗਨ ਬਨਾਣਾ ਚਾਹੁੰਦੇ ਹਾਂ। ਸਾਡੀ ਲੋਚਾ ਹੈ ਕਿ ਹਰ ਸਿਖ ਦੇ ਹਥਾਂ ਤਕ ਸੰਤ ਸਿਪਾਹੀ ਪੁਜੇ ਤੇ ਉਸ ਦੇ ਦਿਲ ਵਿਚ ਧੜਕ ਰਹੇ ਭਾਵਾਂ ਤੇ ਵਿਚਾਰਾਂ ਨੂੰ ਇਕ ਪ੍ਰਭਾਵਸ਼ਾਲੀ ਅਵਾਜ਼ ਵਿਚ ਬਦਲੇ।

ਵੀਰ ਜੀ! ਕੀ ਅਸੀਂ ਇਹ ਸੇਵਾ ਕਰਨ ਦੇ ਅਧਿਕਾਰੀ ਹਾਂ। ਆਪ ਦਾ ਮਿਲਵਰਤਣ ਹੀ ਇਸ ਗਲ ਦਾ ਸਹੀ ਜਵਾਬ ਦੇ ਸਕਦਾ ਹੈ। ਤੇ ਉਹ ਜਵਾਬ ਹੈ ਸੰਤ ਸਿਪਾਹੀ ਦੇ ਮੈਂਬਰ ਵਧਾ ਕੇ ਇਸ ਦਾ ਦਾਇਰਾ ਵਿਸ਼ਾਲ ਕਰਨਾ।   ਮੈਨੇਜਰ, ਸੰਤ ਸਿਪਾਹੀ ਲਾਲ ਹਵੇਲੀ, ਗੇਟ ਮਹਾਂ ਸਿੰਘ ਅੰਮ੍ਰਿਤਸਰ।

ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ
ਅਟੱਲ ਯਾਦਗਾਰ

(ਵਲੋਂ– ਸ: ਰਣਧੀਰ ਸਿੰਘ ਜੀ, ਸਿਖ ਹਿਸਟਰੀ ਰੀਸਰਚ ਸਕਾਲਰ)

ਉਨ੍ਹਾਂ ਦੀ ਨਿਜ ਰਚਨਾ (ਸ਼ਬਦ ਮੂਰਤਿ)– 'ਦਸਮ ਗ੍ਰੰਥ' ਹੈ; ਯਾ ਸਾਹਿਬਾਂ ਦੇ 'ਚਮਤਕਾਰੀ ਜੀਵਨ ਸਮਾਚਾਰ'। ਇਨ੍ਹਾਂ ਦੋਹਾਂ ਨੂੰ ਸੁੱਧ ਸਰੂਪ ਵਿਚ ਕਾਇਮ ਰਖਣ ਤੇ ਪਰਚਾਰਨ ਵਲਿ, ਹਾਲਾਂ ਤਕ ਮੁਨਾਸਬ ਧਿਆਨ ਨਹੀਂ ਦਿਤਾ ਗਿਆ। ਸ਼ੁਕਰ ਦੀ ਗੱਲ ਹੈ; ਕਿ ਕੁਝ ਵਿਚਾਰ-ਸ਼ੀਲ ਵਿਦਵਾਨਾਂ ਦੀ ਪ੍ਰੇਰਨਾ ਨਾਲ, ਕਈ ਸਿਖ–ਸੰਸਥਾਵਾਂ ਨੇ, ਤੇ–ਉਨ੍ਹਾਂ ਦੀ ਰੀਸੇ– ਪੰਜਾਬ ਸਰਕਾਰ ਨੇ ਦਸਵੇਂ ਪਾਤਿਸ਼ਾਹ ਦੀ ਤਿੰਨ ਸੌ ਵੀਂ ਵਰ੍ਹੇ ਗੰਢ ਮਨਾਉਣ ਲਈ ਉੱਦਮ ਧਾਰਿਆ ਹੈ। ਅਤੇ ਗੁਰੂ ਜੀ ਦੀ ਮਹਾਨ ਗੌਰਵ ਭਰੀ ਰਚਨਾ–ਗੁਰਬਾਣੀ (ਦਸਮ ਗ੍ਰੰਥ)–ਸੁਧ ਤੇ ਪਦ-ਛੇਦ ਕਰਕੇ, ਪ੍ਰਕਾਸ਼ ਕਰਨ ਦਾ ਤਹੱਯਾ ਕੀਤਾ ਹੈ; ਅਰੁ ਨਾਲ ਹੀ ਇਸ ਅਮੋਲਕ ਰਚਣਾ ਦੇ ਰਚਨਹਾਰ ਦਾ ਸਹੀ ਤੇ ਸਾਇੰਟਿਫਿਕ ਜੀਵਨ ਤਿਆਰ ਕਰਵਾਉਣ ਲਈ ਕਮਰਕਸੇ ਕੀਤੇ ਹਨ। ਇਸ ਉੱਦਮ–ਉਪਰਾਲੇ ਲਈ ਧੰਨਿਵਾਦ ਸਹਿਤ ਵਧਾਈ ਪੇਸ਼ ਕਰਦਾ ਹੋਇਆ; ਮੈਂ ਇਹ ਅਰਜ਼ ਕਰ ਦੇਣਾ ਵੀ ਜ਼ਰੂਰੀ ਸਮਝਦਾ ਹਾਂ, ਕਿ––

ਇਸ ਸੰਬੰਧ ਵਿਚ ਅਗੇ ਭੀ ਨਿਜਕੇ ਤੌਰ ਪੁਰ, ਚੋਖਾ ਨਿੱਗਰ ਤੇ ਲੁੜੀਂਦਾ ਕੰਮ ਹੋ ਚੁਕਾ ਹੈ। ਨਵੇਂ ਸਿਰੇ ਖਰਚ-ਖੇਚਲ ਕਰਨ, ਤੇ ਕੀਮਤੀ ਵਕਤ ਗਵਾਉਣ ਤੋਂ ਪਹਿਲਾਂ, ਤਿਆਰ ਹੋਏ ਮਸਾਲੇ (ਮੈਟਰ) ਦੀ ਪਰਖ-ਪੜਚੋਲ ਕਰ ਲੈਣੀ ਚਾਹੀਦੀ ਹੈ। ਇਨ੍ਹਾਂ ਸਤਰਾਂ ਦੇ ਲਿਖਾਰੀ ਪਾਸ ਵੀ ਇਤਨਾ ਕੁ ਮਸਾਲਾ ਮੌਜੂਦ ਹੈ:–

੧. 'ਦਸਮ ਗ੍ਰੰਥ'–(ਦਸਵੇਂ ਪਾਤਿਸ਼ਾਹ ਦੀ ਰਚਨਾ) ਦਾ ਸੋਧਿਆ ਤੇ ਪਦ ਛੇਤ ਕੀਤਾ ਸੈਂਚਾ; ਜਿਸ ਨੂੰ ਅੰਡਰਲੀਵ ਕਰਕੇ, ਔਖੇ ਪਦਾਂ ਦੇ ਅਰਥ ਭੀ ਲਿਖੇ ਹਨ। ਇਸ ਸੇਵਾ ਬਦਲੇ, ਸੇਵਕ ਸਤ ਨੂੰ ਸੌ ਰੁਪਏ ਇਨੱਾਮ ਮਿਲਿਆ ਹੈ। ਅਰੁ 'ਸ਼੍ਰੋਮਣੀ ਕਮੇਟੀ' ਨੇ ਇਹ ਗ੍ਰੰਥ–'ਦਸਮ ਗ੍ਰੰਥ'-ਸ਼ਬਦਾਰਥ'–ਪ੍ਰਕਾਸ਼ ਕਰਨ ਦਾ ਫੈਸਲਾ ਸਿਤੰਬਰ ੧੯੫੭ ਵਿੱਚ ਕੀਤਾ ਸੀ। ਲੇਕਿਨ–

੨. 'ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਬਦ-ਮੂਰਤਿ' ਨਾਮ ਰੱਖਕੇ, 'ਦਸਮ ਗ੍ਰੰਥ' ਦਾ ਇਤਿਹਾਸ ਲਿਖਿਆ ਹੈ ਜਿਸ ਦੀ ਸੋਧੀ ਹੋਈ ਦੂਜੀ ਛਾਪ ਐਡੀਸ਼ਨ ਬਾਜ਼ਾਰ ਵਿਚ ਵਿਕ ਰਹੀ ਹੈ।

੩. ਸ੍ਰੀ ਦਸਮੇਸ਼ ਜੀ ਦੀਆਂ ਆਪਣੀਆਂ ਲਿਖਤਾਂ–

(ੳ) 'ਅਪਨੀ ਕਥਾ' ('ਬਿਚਿਤ੍ਰ ਨਾਟਕ ਗ੍ਰੰਥ' 'ਚ), (ਅ) 'ਹੁਕਮਨਾਮੇ', ਤੇ 'ਨੀਸਾਣ' ਆਦਿ–ਅਤੇ (ੲ) ਸਤਿਗੁਰਾਂ ਦੇ ਦਰਬਾਰੀ ਲਿਖਾਰੀਆਂ, ਅਰੁ ਕਵੀਜਨ ਦੇ ਲਿਖੇ ਪੁਸਤਕਾਂ ਦੇ ਆਧਾਰ ਤੇ, ਮੁਗ਼ਲ ਰਾਜ ਦੀਆਂ ਫਾਰਸੀ ਤ੍ਵਾਰੀਖਾਂ ਤੇ ਅਸਾਮੀ ਬੁਰੰਜੀਆਂ (ਕਥਾਵਾਂ) ਵਗੈਰਾ ਨਾਲ ਮੇਲਕੇ 'ਦਸਮ ਗ੍ਰੰਥ' ਦੇ ਰਚਣਹਾਰ ਜੀ ਦਾ ਸਾਇੰਟਿਫਿਕ ਜੀਵਨ ਤਿਆਰ ਕੀਤਾ ਹੈ। ਇਸ ਨੂੰ ੪. ਰੋਜ਼ਨਾਮਚੇ (ਡਾਇਰੀ) ਦੀ ਸ਼ਕਲ 'ਚ 'ਪ੍ਰਤੱਖ ਦਰਸ਼ਨ ਨਾਮੀ ਪੋਥੀ ਵਿਖੇ, ਪ੍ਰਕਾਸ ਭੀ ਕਰਿ ਦਿਤਾ ਗਿਆ ਸੀ ਹੁਣ ਨਵੇਂ ਸਿਰੇ ਸੋਧਕੇ, ਇਹ ਪੁਸਤਕ ਦੁਬਾਰੇ ਛਾਪਣ ਲਈ ਤਿਆਰ ਪਈ ਹੈ।

੬. ਸਤਿਗੁਰਾਂ ਵਲੋਂ ਮੁਖੀ ਸਿਖਾਂ ਤੇ ਸੰਗਤਾਂ ਜੋਗ ਲਿਖੇ 'ਹੁਕਮਨਾਮੇ' ਤੇ ਅਨੇਕਾਂ ਗ੍ਰੰਥਾਂ, ਪੋਥੀਆਂ ਉਤੇ ਪਾਏ 'ਨੀਸਾਣ ਮੁਬਾਰਕ' ਦੇਸਾਂ ਪਰਦੇਸਾਂ 'ਚੋਂ ਢੂੰਢ-ਭਾਲਕੇ–ਅਸਲ, ਨਕਲ ਤੇ ਫੋਟੋਜ਼ ਦੀ ਸੂਰਤਿ 'ਚ, ਸੌ-ਸਵਾ ਸੌ ਦੇ ਕਰੀਬ ਇਕਠੇ ਕਰਕੇ 'ਸਿਖ

ਰੈੱਫਰੈੱਸ ਲਾਇਬਰੇਰੀ ਵਿਖੇ ਸੁਰੱਖਿਤ ਕੀਤੇ ਹਨ। ਉਨ੍ਹਾਂ ਨੂੰ ਸਹੀ ਤਰਤੀਬ ਦੇ ਕੇ ਅਤੇ ਪਰਮੁੱਖ ਸਿਖਾਂ ਨਾਲ ਜਾਣ-ਪਛਾਣ ਕਰਾਕੇ ਪ੍ਰਕਾਸ਼ਤ ਕਰਨ ਦਾ ਫੈਸਲਾ ਸ਼੍ਰੋਮਣੀ ਕਮੇਟੀ ਨੇ ਸਾਲ ੫੯-੬੦ ਵਿਚ ਕੀਤਾ ਸੀ। ਪਰ.........

੬. ਸ਼ਿੱਖ ਰਾਜ ਸਮੇਂ ਤੇ ਮਗਰੋਂ ਦੇ ਲਿਖਾਰੀਆਂ ਦੀਆਂ ਤਿਆਰੀਆਂ ਦੀਆਂ ਤਿਆਰ ਕੀਤੀਆਂ 'ਗੁਰ-ਪ੍ਰਣਾਲੀਆਂ' ਥਾਂ ਥਾਂ ਤੋਂ ਲਭ ਕੇ, ਸਾਲ ੧੯੫੨ ਵਿਚ ਪਹਿਲੀ ਵਾਰ ਛਪੀਆਂ ਸਨ। ਮਗਰੋਂ ਲਭੇ ਹੋਰ ਖਰੜੇ ਸ਼ਾਮਿਲ ਕਰਕੇ, ਲਿਖਣ-ਕਾਲ ਦੇ ਲਿਹਾਜ਼ ਨਾਲ ਤਰਤੀਬ ਦੇਕੇ ਨਵੀਂ ਪ੍ਰੈੱਸ ਕਾਪੀ ਤਿਆਰ ਕੀਤੀ ਹੈ। ਜਿਸਨੂੰ ਪ੍ਰਕਾਸ਼ਤ ਕਰਨਾ 'ਸ੍ਰੋਮਣੀ ਕਮੇਟੀ' ਦਾ ਜ਼ਰੂਰੀ ਫਰਜ਼ ਹੈ।

ਨੋਟ—ਯਾਦ ਰਖਣ ਵਾਲੀਆਂ ਗੱਲਾਂ ਹਨ; ਕਿ—

(੧) "ਬਾਬਾਣੀਆਂ ਕਹਾਣੀਆਂ
ਪੁੱਤ ਸਪੁੱਤ ਕਰੇਨਿ॥"

ਗੁਰਵਾਕ ਅਨੁਸਾਰ, ਬਜ਼ੁਰਗਾਂ ਦਾ ਇਤਿਹਾਸ ਹੀ ਹੈ, ਜੋ ਪੁਤ੍ਰਾਂ ਨੂੰ ਸਪੁਤ੍ਰ ਬਣਾ ਸਕਦਾ ਹੈ। ਇਸ ਨੂੰ ਸੁਧ ਤੇ ਵਿਗਿਆਨਕ ਰੂਪ ਵਿਚ ਪ੍ਰਕਾਸ਼ਣਾਂ ਤੇ ਪਰ-ਚਾਰਨਾਂ ਗੁਰਸਿਖਾਂ ਦਾ ਪਰਮ ਧਰਮ ਹੈ।

(੨) 'ਗੁਰਪ੍ਰਣਾਲੀਆਂ', ਸਤਿਗੁਰਾਂ ਦੇ ਸਹੀ ਇਤਿਹਾਸ ਦੀਆਂ ਨੀਹਾਂ (ਬੁਨਿਆਦਾਂ) ਹਨ। ਅਤੇ

(੩) 'ਹੁਕਮਨਾਮੇ', 'ਗੁਰੂ-ਇਤਿਹਾਸ' ਦੇ ਖੋਜੀਆਂ ਤੇ ਇਤਿਹਾਸਕਾਰਾਂ ਲਈ, ਖੋਜ-ਪੜਚੋਲ ਦੇ ਬਿਖੜੇ ਰਾਹ ਵਿਚ ਪਦ-ਚਿੰਨ੍ਹ ਤੇ ਮੀਲ-ਮੁਨਾਰੇ ਹਨ।

(੪) ਇਸ ਅਮੋਲਕ ਲਿਖਤ-ਭੰਡਾਰ ਦੇ ਅਧਾਰ ਤੇ ਤਿਆਰ ਕੀਤਾ 'ਇਤਿਹਾਸ', ਹਰ ਗੁਰਸਿਖ ਤੇ ਗੁਰੂ ਘਰ ਦੇ ਸਭਨਾਂ ਸਾਦਿਕਾਂ (ਸ਼ਰਧਾਲੂਆਂ) ਦੇ ਹੱਥਾਂ ਵਿਚ ਪਹੁੰਚਣਾ ਅੱਤਿ ਜ਼ਰੂਰੀ ਹੈ।

(੫) 'ਗੁਰਬਾਣੀ' ਤੇ ਇਤਿਹਾਸ, 'ਗੁਰਮਤਿ' ਦੇ ਦੋ ਜ਼ਰੂਰੀ ਅੰਗ ਹਨ। ਦੂਜੇ ਲਫਜ਼ਾਂ ਵਿਚ 'ਗੁਰ-ਬਾਣੀ' 'ਜੀਉ' (ਰੂਹ) ਤੇ 'ਇਤਿਹਾਸ' 'ਪਿੰਡੁ' (ਕਲਬੂਤ) ਦੀ ਹੈਸੀਅਤ ਰਖਦੇ ਹਨ। 'ਗੁਰਮਤਿ ਪ੍ਰਚਾਰ' ਦਾ ਸਹੀ ਸਾਧਨ ਤੇ ਤਰੀਕਾ, ਇਨ੍ਹਾਂ ਦੋਹਾਂ ਦਾ ਸਾਂਝਾ ਤੇ ਸਾਂਵਾਂ ਪਰਸਾਰ ਹੈ।

ਸੋ, ਇਨ੍ਹਾਂ ਦੋਹਾਂ ਦੀ ਸੁਧ ਸੂਰਤਿ ਹੀ, ਸਿਖ-ਸਤਿਗੁਰਾਂ ਦੀ ਅਟੱਲ ਯਾਦਗਾਰ ਹੈ। ਜੋ ਹਰ ਹੀਲੇ ਕਾਇਮ ਕਰਨੀ ਚਾਹੀਦੀ ਹੈ।

ਸੇਵਕ ਚੂੰਕਿ ਆਪਣੇ ਸਿਰ ਓਟੀ ਦੀ ਸੇਵਾ ਤੋਂ ਵੇਹਲਿਆਂ ਹੋ ਕੇ ਘਰਿ ਚਲਾ ਆਇਆ ਹੈ। ਇਸ ਲਈ ਉਤੇ ਦਸੇ ਕੀਮਤੀ ਮਸਾਲੇ ਦੀ ਯੋਗ ਵਰਤੋਂ ਵਾਸਤੇ ਹੇਠ ਲਿਖੇ ਪਤੇ ਪੁਰ ਖਤ-ਪੱਤ੍ਰ ਕਰਨਾ :—

ਸੇਵਕ, ਰਣਧੀਰ ਸਿੰਘ, ਹਿਸਟਰੀ ਰੀਸਰਚ ਸਕਾਲਰ।
ਪਿੰਡ—ਭੁਮਛੇੜੀ, ਡਾਕ ਘਰ ਮੋਰਿੰਡਾ, ਜ਼ਿਲਾ—ਅੰਬਾਲਾ

ਬਚਿਆਂ ਤੇ ਵੱਡਿਆਂ ਲਈ ਸੇਹਤ—(ਸੇਹਤ ਵਾਲੀ ਫੱਕੀ)

ਹਰੀੜ ਦੇ ਛਿਲਕੇ ੫ ਤੋਲੇ, ਪਨੀਰ ਡੋਡੀਆ ੧੦ ਤੋਲੇ, ਆਵਲੇ ਗਿਟਕਾਂ ਤੋਂ ਸਾਫ ੫ ਤੋਲੇ, ਜਵੈਣ ਦੇਸੀ ੧੦ ਤੋਲੇ, ਜਵੈਣ ਖੁਰਾਸਾਨੀ ੫ ਤੋਲੇ, ਕਾਲਾ ਲੂਣ ੧੦ ਤੋਲੇ ਰਸੌਤ ੨॥ ਤੋਲੇ, ਕਚੂਰ ੨॥ ਤੋਲੇ, ਕੌੜ ੨॥ ਤੋਲੇ, ਨਿਮ ਦੇ ਸੁਕੇ ਪਤੇ ੫ ਤੋਲੇ, ਨਿਸ਼ਾਦਰ ੨ ਤੋਲੇ, ਚਾਸਕੂ ੨॥ ਤੋਲੇ, ਲਾਚੀ ਮੋਟੀ ੨ ਤੋਲੇ, ਸੌਂਫ ੩ ਤੋਲੇ। ਸਭ ਚੀਜ਼ਾਂ ਨੂੰ ਮਿਲਾਕੇ ਕੁਟ ਛਾਣ ਕੇ ਬਰੀਕ ਫਕੀ ਬਣਾ ਕੇ ਵਡੇ ਆਦਮੀ ਲਈ ੪ ਮਾਸੇ (੩ ਗਰਾਮ) ਬਚੇ ਨੂੰ ੧ ਮਾਸਾ ਦੁਧ ਪੀਂਦੇ ਬਚੇ ਨੂੰ ਅਧਾ ਮਾਸਾ, ਪਾਣੀ ਵਿਚ ਘੋਲ ਕੇ ਪਿਲਾਓ। ਪੇਟ ਦੀਆਂ ਤੇ ਖੂਨ ਖਰਾਬੀ ਦਿਆਂ ਰੋਗਾਂ ਵਿਚ ਅਜ਼ਮੂਦਾ ਹੈ।

(ਹਕੀਮ ਜਗਤ ਸਿੰਘ ਜੀ)

ਇਤਿਹਾਸਕ ਨਾਵਲ—

ਹੰਨੇ ਹੰਨੇ ਮੀਰੀ

(੨)

(ਪਿਛਲੇ ਨਾਵਲ "ਕੁਲਵੰਤ ਕੌਰ" ਵਿਚ ਕੁਲਵੰਤ ਕੌਰ ਦੀ ਸ੍ਰੀ ਦਰਬਾਰ ਸਾਹਿਬ ਦੇ ਸਤਿਕਾਰ ਲਈ ਸ਼ਹੀਦੀ ਦਾ ਵਿਰਤਾਂਤ ਦਿਤਾ ਸੀ। ਅਹਿਮਦ ਸ਼ਾਹ ਨੇ ਸ੍ਰੀ ਦ ਬਾਰ ਸਾਹਿਬ ਤੇ ਕਬਜ਼ਾ ਕਰਕੇ ਫਿਰ ਢੁਹਾ ਦਿਤਾ ਸੀ ਉਹ ਅਗੇ ਸਰਹੰਦ ਵਲ ਵਧਿਆ ਪਰ ਸਿੰਘਾਂ ਉਸ ਦੀ ਬੁਰੀ ਬਾਬ ਕੀਤੀ। ਉਹ ਸਿਖਾਂ ਦੇ ਹਥੋਂ ਮਾਰ ਖਾਂਦਾ ਖਿਝਦਾ ਖਪਦਾ ਵਾਪਸ ਮੁੜਿਆ ਤੇ ਕਾਬਲ ਜਾ ਪੁਜਾ। ਹੁਣ ਅਗੇ ਪੜ੍ਹੋ :)

(੪)

ਅਹਿਮਦਸ਼ਾਹ ਆਉਂਦੀ ਵਾਰੀ ਰੁਹਤਾਸ ਤੇ ਕਿਲੇ ਤੇ ਸਰਬੁਲੰਦ ਖਾਂ ਨੂੰ ਕਾਇਮ ਕਰ ਆਇਆ ਸੀ। ਪਰ ਸ: ਚੜ੍ਹਤ ਸਿੰਘ ਸ਼ੁਕਰਚਕੀਏ ਸਰਦਾਰ ਨੇ ਉਸ ਨੂੰ ਕਿਲ੍ਹੇ ਵਿਚੋਂ ਖੇਦੜ ਕੇ ਕੈਦ ਕਰ ਲਿਆ ਸੀ। ਪਰੰਤੂ ਬਾਦ ਵਿਚ ਉਸ ਨੂੰ ਖਿਲੱਤ ਦੇ ਕੇ ਕਾਬਲ ਪੁਜਦਾ ਕਰ ਦਿਤਾ ਸੀ। ਸਰਦਾਰ ਚੜ੍ਹਤ ਸਿੰਘ ਤੇ ਸਰਦਾਰ ਗੁਜਰ ਸਿੰਘ ਨੇ ਅਟਕ ਦੇ ਕਿਨਾਰੇ ਤਕ ਸਾਰੇ ਦੇਸ ਉਤੇ ਕਬਜ਼ਾ ਕਰ ਲਿਆ ਤੇ ਅਧੋ ਅਧੀ ਵੰਡੀ ਪਾ ਲਈ ਸੀ।

ਸ: ਗੁਜਰ ਸਿੰਘ ਨੇ ਤਾਂ ਕੰਧੀ ਤੇ ਪੋਠੋਹਾਰ ਦੇਸ ਦਬਾ ਕੇ ਕਾਲੇ ਦੀ ਸਰਾਏ ਵਿਚ ਆਪਣੀ ਫੌਜ ਬਿਠਾਲ ਗੁਜਰਾਤ ਨੂੰ ਆਪਣੀ ਰਾਜਧਾਨੀ ਬਣਾ ਲਿਆ ਸੀ ਤੇ ਸ: ਚੜ੍ਹਤ ਸਿੰਘ ਨੇ ਧੰਨੀ ਘੇਬ ਜੰਡਾਲੀ ਖਾਟੜ ਆਮਾਣਕ ਆਦਕ ਪਰਗਣੇ ਦਬਾ ਕੇ ਆਪਣੇ ਸਾਲੇ ਖੁਸ਼ਹਾਲ ਸਿੰਘ ਨੂੰ ਫੌਜਦਾਰ ਥਾਪ ਕੇ ਗੁਜਰਾਂਵਾਲਾ ਰਾਜਧਾਨੀ ਬਣਾ ਕੇ ਆਪਣੀ ਰਿਆਸਤ ਕਾਇਮ ਕਰ ਲਈ। ਰੇਲ ਦੇ ਸਟੇਸ਼ਨ ਪਾਸ ਕਿਲ੍ਹਾ ਖੁਸ਼ਹਾਲਗੜ੍ਹ ਅਜੇ ਵੀ ਮੌਜੂਦ ਹੈ।

ਮੁਲਤਾਨ ਦੇ ਸੂਬੇ ਸ਼ੁਜਾਵਲ ਖਾਂ ਨੂੰ ਝੰਡਾ ਸਿੰਘ ਭੰਗੀ ਸਰਦਾਰ ਨੇ ਭਜਾ ਕੇ ਮੁਲਤਾਨ ਤੇ ਕਬਜ਼ਾ ਕਰ ਲਿਆ ਤੇ ਡੇਰਾ ਗਾਜ਼ੀ ਖਾਂ ਦੀ ਤਰਫ ਨੂੰ ਵਾਗ ਉਠਾਈ। ਏਸੇ ਤਰ੍ਹਾਂ ਹੋਰ ਸਭ ਸਰਦਾਰ ਵੀ ਆਪਣੇ ਬਾਂਛਤ ਪਰਗਣੇ ਦਬਾ ਕੇ ਹਾਕਮ ਬਣ ਬੈਠੇ।

ਅਹਿਮਦਸ਼ਾਹ ਨੂੰ ਕਾਬਲ ਵਿਚ ਇਹ ਖਬਰਾਂ ਮਿਲਦੀਆਂ ਤਾਂ ਦੰਦ ਪੀਂਹਦਾ ਪਰ ਕਰ ਕੁਝ ਨਾ ਕਰ ਸਕਦਾ। ਉਹ ਥਕਾ ਟੁਟਾ ਤੇ ਬੀਮਾਰ ਹੋਇਆ ਪਿਆ ਸੀ। ਸਾਰੀ ਉਮਰ ਦੀਆਂ ਕਠਨ ਘਾਲਾਂ ਨੇ ਬੁਢੇਪੇ ਵਿਚ ਉਸ ਨੂੰ ਨਿਸੱਤਾ ਕਰ ਘਤਿਆ ਸੀ। ਉਹ ਆਪਣੇ ਮਹਿਲ ਵਿਚ ਪਲੰਘ ਤੇ ਲੇਟਿਆ ਹੋਇਆ ਸੀ ਤੇ ਉਸ ਦੇ ਨੱਕ ਤੇ ਜੋ ਨਾਸੂਰ ਹੋਇਆ ਸੀ ਉਸ ਦੀ ਦੇਖ ਭਾਲ ਸ਼ਾਹੀ ਹਕੀਮ ਕਰ ਰਿਹਾ ਸੀ।

"ਕਮਬਖਤ ਸਿਖ !", ਸ਼ਾਹ ਨੇ ਕਿਹਾ। "ਮਰਨ ਮਾਰਨ ਨੂੰ ਤਾਂ ਕੋਈ ਚੀਜ਼ ਹੀ ਨਹੀਂ ਸਮਝਦੇ। ਮੇਰੀ ਸਾਰੀ ਉਮਰ ਦੀ ਮੇਹਨਤ ਬਰਬਾਦ ਕਰ ਦਿਤੀ। ਉਫ਼ ! ਉਨ੍ਹਾਂ ਦੇ ਮੁਕੱਦਸ ਦਰਬਾਰ ਸਾਹਿਬ ਨੂੰ ਮੈਂ ਬਾਰੂਦ ਨਾਲ ਉਡਵਾ ਦਿਤਾ ਪਰ ਉਸ ਦੀ ਇਕ ਇੱਟ ਉਡ ਕੇ ਮੇਰੇ ਨੱਕ ਤੇ ਲਗੀ ਤੇ ਉਸ ਦਾ ਜ਼ਖਮ ਨਾਸੂਰ ਬਣ ਗਿਆ। ਮੈਂ ਫਿਰ ਦਰਬਾਰ ਨੂੰ ਢੁਹਾਇਆ ਪਰ ਇਸ ਦਰਬਾਰ ਨੇ ਮੇਰੀ ਜਾਨ ਲੈ ਲਈ ਹੈ। ਉਫ਼ ! ਮੈਂ ਹੁਣ ਉਮਰ ਭਰ ਦਾ ਪਾਲਿਆ ਜਿਸਮ ਵੀ ਨਹੀਂ ਬਚਾ ਸਕਦਾ।"

ਸ਼ਾਹ ਦੀ ਗਲ ਦਾ ਕਿਸੇ ਜਵਾਬ ਨਹੀਂ ਦਿਤਾ। ਉਹ ਆਪਣੇ ਆਪ ਨਾਲ ਗਲਾਂ ਕਰਰਿਹਾਸੀ। ਉਸ ਦੇ ਸਿਰਕੱਢ ਸਰਦਾਰ ਤੇ ਉਸ ਦਾ ਵਲੀਐਹਦ ਸ਼ਾਹਜ਼ਾਦਾ ਤੈਮੂਰ ਪਾਸ ਖੜੇ ਸਨ।

"ਜਹਾਂ-ਪਨਾਹ !" ਸ਼ਾਹਜ਼ਾਦੇ ਨੇ ਕਿਹਾ। "ਸਰਦਾਰ ਸਰਬੁਲੰਦ ਖਾਂ ਕਾਬਲ ਪਹੁੰਚ ਗਿਆ ਹੈ।"

"ਕਿਸ ਤਰ੍ਹਾਂ ? ਉਸ ਨੂੰ ਤਾਂ ਚੜ੍ਹਤ ਸਿੰਘ ਨੇ ਕੈਦ ਕਰ ਲਿਆ ਸੁਣਿਆ ਸੀ।"

"ਉਸ ਨੇ ਖਿਲਅਤ ਦੇ ਕੇ ਉਸ ਨੂੰ ਰਿਹਾ ਕਰ ਦਿਤਾ ਤੇ ਕਾਬਲ ਪਹੁੰਚਾ ਦਿਤਾ ਹੈ।"

"ਕਿਆ ਮਤਲਬ ? ਕੀ ਉਹ ਸਾਡੀ ਵਫਾਦਾਰੀ ਤੇ ਤਾਬੇਦਾਰੀ ਕਰਨ ਨੂੰ ਤਿਆਰ ਹੈ ? ਸਾਨੂੰ ਤਾਂ ਖੁਸ਼ੀ ਨਾਲ......।"

"ਨਹੀਂ ਜਨਾਬ", ਸ਼ਾਹਜ਼ਾਦੇ ਨੇ ਗਲ ਟੋਲੀ। "ਉਸ ਨੇ ਤਾਂ ਜਨਾਬ ਵਲ ਸੁਨੇਹਾ ਭੇਜਿਆ ਹੈ ਕਿ ਹੁਣ ਏਧਰ ਆਉਣ ਦੀ ਤਕਲੀਫ ਗਵਾਰਾ ਨਾ ਕਰਨੀ।"

"ਮਰਦੂਦ ! ਇਤਨੀ ਜੁੱਰਤ ! ਇਸ ਦਾ ਮਤਲਬ ਹੈ ਕਿ ਹੁਣ ਉਹ ਸਰਹਦ ਤੇ ਹੀ ਸਾਡੀਆਂ ਨਾਕਾਬਿਲ ਤਸਖੀਰ ਫੌਜਾਂ ਨੂੰ ਰੋਕਣ ਦਾ ਦਾਹਵਾ ਬੰਨ੍ਹਦਾ ਹੈ। ਇਸ ਲਲਕਾਰ ਦਾ ਜਵਾਬ ਮੈਂ ਆਪ ਹੀ ਦੇਂਦਾ, ਪਰ ਮੈਂ ਬੀਮਾਰ ਹਾਂ। ਕਾਸ਼ ਕੋਈ ਹੋਰ ਵੀ ਮੇਰੇ ਨਕਸ਼ੇ ਕਦਮ ਤੇ ਚਲ ਸਕਦਾ ! ਅਛਾ ਜਾਓ ਕਲ ਦਰਬਾਰ ਬੁਲਾਓ।"

ਦਰਬਾਰ ਬੁਲਾਇਆ ਗਿਆ। ਸਾਰੇ ਵਡੇ ਵਡੇ ਸਰਦਾਰ ਅਮੀਰ ਵਜ਼ੀਰ ਆਪੋ ਆਪਣੇ ਦਰਜੇ ਅਨੁ-ਸਾਰ ਆ ਬੈਠੇ। ਸ਼ਾਹ ਉਠਿਆ, ਸਭਨਾਂ ਵਿਚ ਆਪਣੀ ਤੇਗ਼ ਕੱਢ ਕੇ ਰਖ ਦਿਤੀ ਤੇ ਬੋਲਿਆ।

"ਹੈ ਕੋਈ ਬਹਾਦਰ ਜੋ ਸਿੰਘਾਂ ਦਾ ਖਾਤਮਾ ਕਰਨ ਦਾ ਜ਼ਿੰਮਾ ਲਏ। ਇਹ ਤੇਗ਼ ਉਠਾਏ ਜਿਸ ਨੇ ਅਗੇ ਸਾਰੇ ਹਿੰਦੁਸਤਾਨ ਨੂੰ ਆਪਣੇ ਸਾਹਮਣੇ ਦੋਜ਼ਾਨੂ (ਮੋਢਿਆਂ ਭਾਰ) ਕਰ ਦਿਤਾ ਸੀ। ਕੀ ਇਸ ਤੇਗ਼ ਦੀ ਇਜ਼ਤ ਰਖਣ ਵਾਲਾ ਕੋਈ ਹੈ ?"

ਅਮੀਰ ਤੇ ਸਰਦਾਰ ਸਿਖਾਂ ਦੇ ਹਥ ਵੇਖ ਚੁਕੇ ਸਨ। ਕਿਸੇ ਬੀੜਾ ਨਾ ਚੁਕਿਆ। ਸ਼ਾਹਜ਼ਾਦਾ ਤੈਮੂਰ ਵਲੀ ਅਹਿਦ ਸੀ ਤੇ ਸਾਰਾ ਇੰਤਜ਼ਾਮ ਆਪਣੇ ਹਥ ਲੈਣ ਲਈ ਉਤਾਵਲਾ ਸੀ। ਇਸੇ ਗਲੋਂ ਉਸ ਦਾ ਬਾਪ ਨਾਲ ਝਗੜਾ ਵੀ ਹੋ ਚੁਕਾ ਸੀ। ਪਰ ਹੁਣ ਉਸ ਲਈ ਮੌਕਾ ਆਇਆ ਸੀ। ਸੋ ਉਸ ਨੇ ਤੇਗ ਨੂੰ ਚੁਕ ਲਿਆ।

"ਸ਼ਾਬਾਸ਼ ਬੇਟਾ", ਅਹਿਮਦਸ਼ਾਹ ਨੇ ਤੈਮੂਰ ਨੂੰ ਥਾਪੜਾ ਦਿਤਾ ਤੇ ਭਰੀ ਕਚਹਿਰੀ ਵਿਚ ਆਪਣੀ ਥਾਂ ਤੇ ਉਸ ਨੂੰ ਆਪਣਾ ਅਖਤਿਆਰ ਦੇ ਕੇ ਸ਼ਾਹ ਕਾਇਮ ਕੀਤਾ। "ਹੁਣ ਸਭ ਇਸ ਨੂੰ ਆਪਣੀ ਵਫਾਦਾਰੀ ਦੀ ਸਲਾਮੀ ਦਿਓ", ਸ਼ਾਹ ਨੇ ਕਿਹਾ।

ਸਭ ਨੇ ਤਲਵਾਰਾਂ ਨੰਗੀਆਂ ਕਰਕੇ ਸ਼ਾਹਜ਼ਾਦੇ ਤੈਮੂਰ ਨੂੰ ਸਲਾਮੀ ਦਿਤੀ ਤੇ ਵਫ਼ਾਦਾਰੀ ਦਾ ਹਲਫ਼ ਉਠਾਇਆ।

ਸ਼ਾਹਜ਼ਾਦੇ ਦੀ ਇਹ ਪਹਿਲੀ ਆਜ਼ਾਦਾਨਾ ਮੁਹਿੰਮ ਸੀ। ਉਸ ਨੇ ਇਕ ਲੱਖ ਜ਼ਰੀ ਸਵਾਰਾਂ ਦੀ ਤਿਆਰੀ ਦਾ ਹੁਕਮ ਦਿਤਾ। ਬੜੀ ਭਾਰੀ ਤਿਆਰੀ ਸ਼ੁਰੂ ਹੋਈ। ਇਸ ਤਿਆਰੀ ਵਿਚ ਅਹਿਮਦਸ਼ਾਹ ਬਹੁਤਾ ਹਿੱਸਾ ਨਾ ਲੈ ਸਕਿਆ। ਉਸ ਦੀ ਸੇਹਤ ਦਿਨੋ-ਦਿਨ ਥਲੇ ਜਾਣ ਲਗੀ। ਇਉਂ ਮਲੂਮ ਹੋਣ ਲਗਾ ਕਿ ਉਹ ਹੁਣ ਸ਼ਾਹਜ਼ਾਦੇ ਦੇ ਤੁਰਨ ਦਾ ਹੀ ਮੁਨਤਜ਼ਿਰ ਸੀ ਤੇ ਉਸ ਦੀ ਜਾਨ ਉਸ ਦੀ ਰਵਾਨਗੀ ਨੂੰ ਵੇਖਣ ਲਈ ਹੀ ਅੜੀ ਹੋਈ ਸੀ। ਪਰ ਸ਼ਾਹਜ਼ਾਦੇ ਦੀ ਤਿਆਰੀ ਲਮਕਦੀ ਗਈ ਤੇ ਅਹਿਮਦ ਸ਼ਾਹ ਦੀ ਜਾਨ ਅੜੀ ਰਹੀ। ਓੜਕ ਅਗੇ ਪਿਛੇ ਦੇ ਸਾਰੇ ਇੰਤਜ਼ਾਮ ਮੁਕੰਮਲ ਕਰਕੇ ਸੰਮਤ ੧੮੨੬ ਵਿਚ ਤਹਿਮੂਰ ਇਕ ਲੱਖ ਸਵਾਰਾਂ ਸਮੇਤ ਚੜ੍ਹ ਪਿਆ।

(੫)

ਸ਼ਾਹਜ਼ਾਦਾ ਤਹਿਮੂਰ ਮਾਰੋ ਮਾਰ ਕਰਦਾ ਪਿਸ਼ਾ-ਵਰ ਦੇ ਰਸਤਿਓਂ ਪੰਜਾਬ ਤੇ ਚੜ੍ਹ ਆਇਆ। ਉਸਨੇ ਹਾਜੀ ਅਲੀ ਮੁਹੰਮਦ ਨੂੰ ਸਫੀਰ ਬਣਾ ਕੇ ਸ: ਗੁਜਰ ਸਿੰਘ ਭੰਗੀ, ਸ: ਚੜ੍ਹਤ ਸਿੰਘ ਸ਼ੁਕਰਚਕੀਏ ਤੇ ਹੋਰ ਸਰਦਾਰਾਂ ਵਲ ਲਾਹੌਰ ਭੇਜਿਆ। ਹਾਜੀ ਨੇ ਸ਼ਾਹ ਤੈਮੂਰ ਦਾ ਸੁਨੇਹਾ ਲਾਹੌਰ ਪੁਜ ਕੇ ਸਭ ਨੂੰ ਸੁਣਾਇਆ।

"ਸ਼ਾਹ ਤੈਮੂਰ ਆਪ ਨਾਲ ਅਛੇ ਤਅਲਕਾਤ ਕਾਇਮ ਰਖਣਾ ਚਾਹੁੰਦਾ ਹੈ, ਲੜਨਾ ਨਹੀਂ ਚਾਹੁੰਦਾ ਤੇ ਫਤਹ ਕਰਕੇ ਈਨ ਨਹੀਂ ਮਨਾਣਾ ਚਾਹੁੰਦਾ। ਸ਼ਾਹ

ਕਾਬਲ ਨੂੰ ਦਿਲੀ ਦਾ ਸ਼ਾਹ ਵੀ ਸਿਰ ਝੁਕਾਉਂਦਾ ਹੈ, ਆਪ ਭੀ ਤਾਬੇਦਾਰੀ ਕਰੋ ਤਾਂ ਦੋਹਾਂ ਦਾ ਭਲਾ ਹੈ।'

ਸਿੰਘਾਂ ਨੇ ਕਿਹਾ, ਸਾਨੂੰ ਵਾਹਿਗੁਰੂ ਨੇ ਮੁਲਕ ਬਖਸ਼ਿਆ ਹੈ। ਅਸੀਂ ਕਿਸੇ ਤੋਂ ਮੁਲਕ ਬਖਸ਼ੀਸ਼ ਵਿਚ ਨਹੀਂ ਲੈਣਾ ਚਾਹੁੰਦੇ।

"ਤਦ ਤੁਸੀਂ ਭੀ ਨਹੀਂ ਰਹੋਗੇ ਤੇ ਤੁਹਾਡਾ ਤੁਖ਼ਮ ਭੀ ਨਹੀਂ ਰਹੇਗਾ।"

"ਸਾਡਾ ਰਾਖਾ ਆਪ ਅਕਾਲ ਪੁਰਖ ਵਾਹਿਗੁਰੂ ਹੈ ਜੋ ਸਾਡਾ ਤਖ਼ਮ ਮਿਟਾਣ ਵਾਲਿਆਂ ਨੂੰ ਖਤਮ ਕਰ ਦੇਵੇਗਾ।" ਸਿਖਾਂ ਦੇ ਠਰੰਮੇ ਨਾਲ ਕਿਹਾ।

"ਤੁਹਾਡਾ ਮਜ਼੍ਹਬ ਸ਼ਿਰਕ ਹੈ, ਇਹ ਭੀ ਨਹੀਂ ਰਹੇਗਾ। ਤੁਹਾਡੀ ਜ਼ਿੰਦਗੀ ਹਰਾਮ ਹੈ, ਇਹ ਭੀ ਨਹੀਂ ਰਹੇਗੀ।'

ਵਕੀਲ ਨੇ ਗੁਸਤਾਖੀ ਨਾਲ ਇਹ ਗਲ ਆਖੀ ਤੇ ਸਿੰਘਾਂ ਦੇ ਨੇਤਰ ਚੜ੍ਹ ਗਏ। ਵਕੀਲ ਜ਼ੁਬਾਨ ਦਰਾਜ਼ੀ ਕਰ ਗਿਆ ਸੀ। ਉਹ ਡਰ ਕੇ ਪਿਛੇ ਹਟਣ ਲਗਾ ਪਰ ਇਕ ਸਿੰਘ ਨੇ ਬਿਜਲੀ ਦੀ ਫੁਰਤੀ ਨਾਲ ਆਪਣੀ ਸ਼ਮਸ਼ੇਰ ਨਾਲ ਉਸ ਦਾ ਸਿਰ ਉਡਾ ਦਿਤਾ।

ਇਹ ਸਾਰਾ ਕੰਮ ਤੁਰਤ ਹੀ ਹੋ ਗਿਆ। ਸਰਦਾਰਾਂ ਨੇ ਉਸ ਨੂੰ ਝਿੜਕਿਆ ਕਿ ਤੂੰ ਅਨੀਤੀ ਕੀਤੀ ਹੈ। ਵਕੀਲ ਨਹੀਂ ਮਾਰਨਾ ਸੀ। ਪਰ ਉਦੋਂ ਸਿੰਘਾਂ ਤੋਂ ਆਪਣੇ ਧਰਮ ਦੀ ਬੇਇਜ਼ਤੀ ਸਹਾਰ ਨਹੀਂ ਹੁੰਦੀ ਸੀ। ਖਾਸ ਕਰਕੇ ਹੁਣ ਜਦ ਉਹ ਹਤਿਆਰਿਆਂ ਨਾਲ ਸਾਂਵੇਂ ਤੁਲਣ ਦਾ ਬਲ ਰਖਦੇ ਸਨ। ਉਹ ਵੀ ਹੁਣ ਆਪਣੇ ਆਪ ਨੂੰ ਦੇਸ਼ ਦੇ ਰਾਜੇ ਹੀ ਸਮਝਦੇ ਸਨ ਤੇ ਆਪਣੇ ਧਰਮ ਤੇ ਆਪਣੀ ਅਣਖ ਨੂੰ ਜਾਨ ਤੋਂ ਅਜ਼ੀਜ਼ ਸਮਝਦੇ ਹਨ। ਸੋ, ਜੋ ਹੋਇਆ ਉਹ ਵੀ ਪ੍ਰਮੇਸ਼ਰ ਦਾ ਭਾਣਾ ਮੰਨ ਕੇ ਸਿੰਘ ਤਿਆਰ ਹੋਣ ਲਗੇ।

ਓਧਰ ਤਹਿਮੂਰ ਨੇ ਜਦ ਵਕੀਲ ਦਾ ਮਾਰਿਆ ਜਾਣਾ ਸੁਣਿਆ ਤਾਂ ਉਸ ਦੇ ਦਿਲ ਵਿਚ ਸਿਖਾਂ ਤੋਂ ਸੁਲਹ ਸਫਾਈ ਨਾਲ ਕੰਮ ਲੈਣ ਦਾ ਇਰਾਦਾ ਕਾਫੂਰ ਹੋ ਗਿਆ। ਅਗ ਦੇ ਭਾਂਬੜ ਉਸ ਦੇ ਹਿਰਦੇ ਵਿਚ ਬੱਲ ਉਠੇ। ਉਸ ਨੇ ਫ਼ੌਰਨ ਅਧੀ ਫੌਜ ਨੂੰ ਸਰਦਾਰ ਜੰਗੀ ਖਾਂ ਤੂਰਾਨੀ ਦੀ ਕਮਾਨ ਵਿਚ ਹਰਾਵਲ ਕਰਕੇ ਅਗੇ ਭੇਜ ਦਿਤਾ ਤੇ ਆਪ ਰੁਹਤਾਸ ਦੇ ਕਿਲ੍ਹੇ ਨੂੰ ਸਰ ਕਰਨ ਲਈ ਤੀਹ ਕੁ ਹਜ਼ਾਰ ਸਵਾਰਾਂ ਨਾਲ ਤੁਰ ਪਿਆ।

ਸਿੰਘਾਂ ਵਿਚ ਇਸ ਹਿਲਜੁਲ ਤੋਂ ਅਗੇ ਵਾਂਗ ਘਬਰਾਹਟ ਫੈਲ ਗਈ। ਸਭ ਸਿੰਘ ਆਪਣੇ ਇਲਾਕੇ ਛਡ ਕੇ ਅੰਮ੍ਰਿਤਸਰ ਵਲ ਨੂੰ ਮੂੰਹ ਕਰਨ ਲਗੇ। ਇਧਰੋਂ ਸ: ਗੁਜਰ ਸਿੰਘ ਤੇ ਚੜ੍ਹਤ ਸਿੰਘ ਨੇ ਵੀ ਲਗ ਪਗ ਵੀਹ ਕੁ ਹਜ਼ਾਰ ਸਿੰਘ ਇਕਠੇ ਕਰਕੇ ਰੁਹਤਾਸ ਪਾਸ ਲੜਨ ਦਾ ਮਨ ਬਣਾਇਆ। ਕੁਝ ਮੁਠ-ਭੇੜ ਹੋਈ ਪਰ ਸਿੰਘਾਂ ਨੇ ਪਾਸਾ ਹੌਲਾ ਵੇਖ ਕੇ ਤਾਕਤ ਨਸ਼ਟ ਕਰਨੀ ਮੁਨਾਸਬ ਨਾ ਸਮਝੀ। ਉਹ ਵੀ ਅੰਮ੍ਰਿਤਸਰ ਦੇ ਇਕਠ ਵਿਚ ਸ਼ਾਮਲ ਹੋਣ ਲਈ ਰੁਹਤਾਸ ਨੂੰ ਛਡ ਤੁਰੇ। ਅੰਮ੍ਰਿਤਸਰ ਇਕੱਠ ਹੋਇਆ ਪਰ ਇਥੇ ਵੀ ਏਡੇ ਭਾਰੇ ਲਸ਼ਕਰ ਨਾਲ ਲੜ ਕੇ ਤਾਕਤ ਗੁਆਣ ਦੀ ਸਲਾਹ ਖਾਲਸੇ ਦੀ ਨਾਂਹ ਬਣੀ। ਇਹੋ ਸਲਾਹ ਬਣੀ ਕਿ ਔਖੇ ਸਮੇਂ ਦੇ ਪੁਰਾਣੇ ਮਿਤਰਾਂ, ਜੰਗਲਾਂ ਦੀ ਓਟ ਲਈ ਜਾਵੇ। ਸਾਲ ਦਾ ਇਹ ਸਮਾਂ ਬਾਰਸ਼ਾਂ ਦੇ ਸ਼ੁਰੂ ਹੋਣ ਦਾ ਸੀ। ਸੋ ਜੰਗੀ ਖਾਨ ਲਾਹੌਰੋਂ ਅਗੇ ਨਾ ਲੰਘ ਸਕਿਆ। ਤਹਿਮੂਰ ਸ਼ਾਹ ਆਪਣੇ ਮਾਮੇ ਬੁਲੰਦ ਖਾਂ ਨੂੰ ਛੇ ਹਜ਼ਾਰ ਅਸਵਾਰਾਂ ਨਾਲ ਰੁਹਤਾਸ ਛੱਡ ਕੇ ਆਪ ਮੁਲਤਾਨ ਚਲਾ ਗਿਆ। ਮੁਲਤਾਨ ਤੇ ਕਾਬਿਜ਼ ਸ: ਸਾਉਣ ਸਿੰਘ ਤੇ ਗੁਰਬਖਸ਼ ਸਿੰਘ ਵੀ ਸ਼ਹਿਰ ਛਡ ਕੇ ਜਥਿਆਂ ਵਿਚ ਚਲੇ ਗਏ। ਤਹਿਮੂਰ ਨੇ ਉਥੇ ਮੁਜ਼ੱਫਰ ਖਾਂ ਨੂੰ ਸੂਬਾ ਕਾਇਮ ਕਰਕੇ ਲਾਹੌਰ ਦੀ ਤਰਫ਼ ਵਾਗ ਉਠਾ ਲੀਤੀ।

ਲਾਹੌਰ ਦੇ ਰਸਤੇ ਵਿਚ ਸ਼ੇਖੂਪੁਰੇ ਦੇ ਪਰਗਣੇ ਵਿਚ ਸਿੰਘਾਂ ਨੇ ਉਸ ਨਾਲ ਕੁਝ ਛੇੜ ਛਾੜ ਕੀਤੀ ਪਰ ਬਹੁਤ ਸਿਖ ਸਰਦਾਰਾਂ ਤਾਂ ਲਾਹੌਰ ਤੋਂ ਜਮਨਾ ਤਕ ਮੱਲਾਂ ਮੱਲ ਕੇ ਆਪੋ ਆਪਣੇ ਇਲਾਕਿਆਂ ਵਿਚ ਰੁਝੇ ਹੋਏ ਸਨ। ਕੇਵਲ ਸ਼ੁਕਰਚੁਕੀਏ ਤੇ ਭੰਗੀ ਸਰਦਾਰ ਹੀ ਮੁਕਾਬਲਾ ਕਰ ਰਹੇ ਸਨ ਜਿਨ੍ਹਾਂ ਦੇ ਇਲਾਕੇ ਖੁਸ ਗਏ ਸਨ।

ਲਾਹੌਰ ਪੁਜ ਕੇ ਤਹਿਮੂਰ ਸ਼ਾਹ ਨੇ ਫਤਹ ਖਾਂ ਤੇ ਜਾਫ਼ਰ ਖਾਂ ਨੂੰ ਪੰਦਰਾਂ ਹਜ਼ਾਰ ਸਵਾਰ ਦੇ ਕੇ ਸਿਖਾਂ ਨੂੰ ਸਤਲੁਜੋਂ ਪਾਰ ਕਰਨ ਲਈ ਭੇਜ ਦਿਤਾ। ਉਸ ਨਾਲ ਸਿੰਘ ਅਨੇਕਾਂ ਜਗ੍ਹਾ ਲੜੇ ਪਰ ਜਿੱਤ ਕਿਸੇ ਦੀ

(ਬਾਕੀ ਦੇਖੋ ਸਫਾ ੫੯)

ਪੰਥ ਚਲੈ ਤਬ ਜਗਤ ਮੈ ਜਬ ਤੁਮ ਕਰਹੁ ਸਹਾਇ॥

{ ਸ੍ਰੀ ਮਾਨ ਮਾਸਟਰ ਤਾਰਾ ਸਿੰਘ ਜੀ ਦੀ ਸੋਲ੍ਹਵੀਂ ਸਰਬ-ਹਿੰਦ ਅਕਾਲੀ }
{ ਕਾਨਫਰੰਸ ਜਾਲੰਧਰ ਵਿਚ ਉਤਸ਼ਾਹ ਦਿਵਾਊ ਤਕਰੀਰ ਦਾ ਤੱਤਸਾਰ। }

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸੂਰਬੀਰ ਖਾਲਸਾ ਜੀ, ਭੈਣੋ ਅਤੇ ਭਰਾਵੋ !

ਅਜ ਮੈਂ ਆਪ ਅਗੇ ਬੇਨਤੀ ਕਰਦਾ ਹਾਂ ਕਿ ਹੁਣ ਤਾਂ ਸਭ ਗਲ ਚੰਗੀ ਤਰ੍ਹਾਂ ਸਾਫ ਹੋ ਗਈ ਹੈ। ਹਿੰਦੂ ਫਿਰਕਾ-ਪ੍ਰਸਤੀ ਦੀ ਦੀ ਜਿਲ੍ਹਣ ਵਿਚ ਖੁੱਭੇ ਹੋਏ ਜੋ ਲੋਕ ਦੇਸ਼ ਦੀ ਹਕੂਮਤ ਉਤੇ ਕਾਬਿਜ਼ ਹਨ ਤੇ ਅਗੋਂ ਵੀ ਰਹਿਣ ਦੇ ਦਾਹਵੇ ਬੰਨ੍ਹਦੇ ਹਨ, ਉਨ੍ਹਾਂ ਦੀ ਨੀਯਤ ਸਾਡੇ ਲਈ ਸਾਫ ਨਹੀਂ। ਇਹ ਸਪਸ਼ਟ ਹੈ ਕਿ ਇਹ ਸਾਡਾ ਭਰੋਸਾ ਨਾ ਪਹਿਲੇ ਕਰਦੇ ਸਨ, ਨਾ ਹੁਣ ਕਰਦੇ ਹਨ ਤੇ ਨਾ ਅਗੋਂ ਕਰਨਗੇ। ਛਡੋ, ਇਨ੍ਹਾਂ ਦੇ ਤਰਲੇ ਕਰਨੇ।

ਅਸਾਂ ਭਰਾ ਬਣ ਕੇ ਰਹਿਣਾ ਹੈ, ਗੁਲਾਮ ਨਹੀਂ।

ਇਹ ਲੋਕ ਇਉਂ ਸਮਝ ਹਨ ਕਿ ਇਹ ਦਾਤੇ ਹਨ ਤੇ ਅਸੀਂ ਮੰਗਤੇ ਹਾਂ। ਅਸਾਂ, ਤੇ ਖਾਸ ਕਰਕੇ ਮੈਂ ਜਤਨ ਕੀਤਾ ਕਿ ਮੈਂ ਇਨ੍ਹਾਂ ਦਾ ਬਣਿਆ ਰਹਾਂ। ਪੁਰਾਣੇ ਹਿੰਦੂ ਸਭਾਈ ਲੀਡਰਾਂ ਨੂੰ ਪਤਾ ਹੈ ਕਿ ਮੇਰੇ ਸਾਥੀ ਇਸ ਗਲ ਵਿਚ ਮੈਥੋਂ ਔਖੇ ਸਨ ਤੇ ਕੁਝ ਤਾਂ ਅਜੇਹੇ ਵੀ ਸਨ, ਜਿਹੜੇ ਮੁਸਲਿਮ ਲੀਗ ਨਾਲ ਮਿਲ ਕੇ ਅਗਾਂਹ ਤੁਰਨ ਦੇ ਹੱਕ ਵਿਚ ਸਨ ਤੇ ਮੈਨੂੰ ਪ੍ਰੋ-ਹਿੰਦੂ (ਹਿੰਦੂ ਪਖੀ) ਕਹਿੰਦੇ ਤੇ ਸਮਝਦੇ ਸਨ। ਉਦੋਂ ਗੱਲ ਇਥੋਂ ਤਕ ਵਧੀ ਸੀ ਕਿ ਉਨ੍ਹਾਂ ਜਤਨ ਕੀਤਾ ਕਿ ਉਹ ਮੈਨੂੰ ਲੀਡਰੀ ਤੋਂ ਗਿਰਾ ਦੇਣ ਤਾਂ ਕਿ ਮੁਸਲਮਾਨਾਂ ਨਾਲ ਸਮਝੌਤੇ ਦਾ ਰਾਹ ਖੁਲ੍ਹੇ। ਪਰ ਉਹ ਇਉਂ ਨਾ ਕਰ ਸਕੇ। ਅਜ ਹਿੰਦੂਆਂ ਦੇ ਉਹ ਮੁਖਾਲਫ ਇਸ ਹਿੰਦੂ ਸਰਕਾਰ ਤੇ ਹਿੰਦੂਆਂ ਦੀ ਖੁਸ਼ਾਮਦ ਵਿਚ ਲਗੇ ਹੋਏ ਹਨ ਕਿਉਂਕਿ ਇਧਰ ਹੀ ਉਨ੍ਹਾਂ ਨੂੰ ਚੋਪੜੀਆਂ ਦਿਸਦੀਆਂ ਹਨ। ਅੱਜ ਮੈਂ ਐਂਟੀ=ਹਿੰਦੂ (ਹਿੰਦੂ-ਵਿਰੋਧੀ) ਹੋ ਗਿਆ ਹਾਂ। ਓਹ ਪ੍ਰੋ-ਹਿੰਦੂ (ਹਿੰਦੂ-ਪਖੀ) ਬਣ ਗਏ ਹਨ।

ਭਾਵੇਂ ਮੈਨੂੰ ਇਹ ਸਮਝ ਨਹੀਂ ਪੈਂਦੀ ਕਿ ਹਿੰਦੂ ਕਹਿੰਦੇ ਕਿਸ ਨੂੰ ਹਨ, ਪਰ ਮੈਂ ਫਿਰ ਵੀ ਮੁਢਲੀ ਕਲਚਰ ਦੀ ਸਾਂਝ ਕਰਕੇ ਇਸ ਨੁਕਤੇ ਤੋਂ ਹਿੰਦੂ ਬਣਿਆ ਰਹਿਣਾ ਚਾਹੁੰਦਾ ਸਾਂ। ਪਰ ਇਨ੍ਹਾਂ ਮੈਨੂੰ ਪਰੇ ਧੱਕ ਧੱਕ ਕੇ ਬਾਹਿਰ ਕੱਢ ਹੀ ਸੁੱਟਿਆ ਹੈ। ਅਜੇ ਭੀ ਪਤਾ ਨਹੀਂ ਕਿ ਮੇਰੀ ਕੋਈ ਪੁਛ ਇਨ੍ਹਾਂ ਵਿਚ ਅੜੀ ਹੀ ਹੋਵੇ, ਇਤਿਹਾਸ ਨੂੰ ਪੜ੍ਹਣ ਤੇ ਪਤਾ ਲਗਦਾ ਹੈ ਕਿ ਇਸੇ ਤਰ੍ਹਾਂ ਯਹੂਦੀਆਂ ਨੇ ਈਸਾਈਆਂ ਨੂੰ ਧੱਕ ਧੱਕ ਕੇ ਬਾਹਰ ਕੱਢ ਸੁੱਟਿਆ ਸੀ। (ਈਸਾ ਜੀ ਜੰਮੇ ਯਹੂਦੀ ਕੌਮ ਤੇ ਯਹੂਦੀ ਘਰ ਵਿਚ ਸਨ) ਤਦ ਜਵਾਬ ਵਿਚ ਈਸਾਈਆਂ ਨੇ ਯਹੂਦੀਆਂ ਨੂੰ ਬੁਰੀ ਤਰ੍ਹਾਂ ਤਬਾਹ ਕੀਤਾ ਤੇ ਕੁਚਲਿਆ। ਹੁਣ ਭਾਵੇਂ ਬਹਾਦਰ ਯਹੂਦੀ ਮੁੜ

ਢਾਈ ਹਜ਼ਾਰ ਸਾਲ ਮਗਰੋਂ ਫਿਰ ਆਪਣੇ ਪੈਰਾਂ ਤੇ ਖੜੇ ਹੋਣ ਅਤੇ ਆਪਣੇ ਘਰ ਆ ਵਸਣ ਵਿਚ ਕਾਮਯਾਬ ਹੋ ਹੀ ਗਏ ਹਨ ਪਰ ਜੋ ਸਜ਼ਾ ਮਿਲਣੀ ਸੀ ਮਿਲੀ ਤਾਂ ਸਹੀ। ਦੌੜ ਵਿਚ ਮੈਂ ਇਹ ਨਹੀਂ ਕਹਿਣਾ ਚਾਹੁੰਦਾ ਕਿ ਸਾਡੇ ਤੱਅਲਕਾਤ ਹਿੰਦੂਆਂ ਨਾਲ ਉਸੇ ਹੱਦ ਤਕ ਵਿਗੜਨਗੇ ਜਾਂ ਵਿਗੜ ਸਕਦੇ ਹਨ, ਪਰ ਇਸ ਵੇਲੇ ਰੁਖ ਤਾਂ ਉਧਰ ਹੀ ਹੈ।

ਇਹ ਸਾਨੂੰ ਜ਼ਲੀਲ ਸਮਝਦੇ ਹਨ

ਅਜ ਸਾਡੀ ਇਹ ਹਾਲਤ ਹੋ ਗਈ ਹੈ ਕਿ ਸਾਨੂੰ ਇਹ ਫਿਰਕੂ ਹਿੰਦੂ ਹਰ ਕਿਸਮ ਦੀਆਂ ਹਰ ਪਾਸਿਓਂ ਧਮਕੀਆਂ ਦੇ ਰਹੇ ਹਨ। ਕੀ ਅਸੀਂ ਸਿੰਘ ਹਾਂ ਜਾਂ ਗਿੱਦੜ? ਕਦੀ ਇਹ ਧਮਕੀ ਮਿਲਦੀ ਹੈ ਕਿ ਜੇ ਪੰਜਾਬੀ ਸੂਬਾ ਬਣ ਗਿਆ ਤਾਂ ਅਸੀਂ ਸਿਖਾਂ ਨੂੰ ਦੂਜਿਆਂ ਸੂਬਿਆਂ ਤੋਂ ਕੱਢ ਦਿਆਂਗੇ। ਕਦੀ ਇਹ ਕਹਿ ਕੇ ਡਰਾਇਆ ਜਾਂਦਾ ਹੈ ਕਿ ਜੇ ਪੰਜਾਬੀ ਸੂਬਾ ਬਣ ਗਿਆ ਤਾਂ ਸਾਰੇ ਹਿੰਦ ਵਿਚ ਅੱਗ ਲਗ ਜਾਏਗੀ? ਅਸੀਂ ਕੀ ਹਾਂ? ਕੀ ਇਨ੍ਹਾਂ ਲੋਕਾਂ ਦੇ ਗੋਲੇ ਹਾਂ? ਹਾਲਾਤ ਐਸੇ ਹੋ ਗਏ ਹਨ ਤੇ ਸਾਨੂੰ ਇਸ ਤਰ੍ਹਾਂ ਬੇਇਜ਼ਤ ਕੀਤਾ ਤੇ ਸਮਝਿਆ ਜਾ ਰਿਹਾ ਹੈ।

ਅਸੀਂ ਪੰਜਾਬੀ ਸੂਬਾ ਮੰਗਦੇ ਹਾਂ ਤਾਂ ਇਹ ਮੂੰਹ ਦੂਜੇ ਪਾਸੇ ਫੇਰ ਲੈਂਦੇ ਹਨ ਤੇ ਕਹਿੰਦੇ ਹਨ, ਜਾਓ ਮਾਂਗਤੋਂ ਕੁਝ ਨਹੀਂ ਮਿਲੇਗਾ! ਠੀਕ ਹੀ ਸਾਡੀ ਹਾਲਤ ਉਜ ਮਾਂਗਤ ਵਰਗੀ ਹੋ ਗਈ ਹੈ, ਜੋ ਅਮੀਰ ਦਾਤਾ ਦੇ ਸਾਹਮਣੇ ਹੱਥ ਟੱਡ ਕੇ ਪੈਸਾ ਮੰਗਦਾ ਹੈ ਤੇ ਉਹ ਘੁਰਕੀ ਦੇ ਕੇ ਮੂੰਹ ਦੂਜੇ ਪਾਸੇ ਫੇਰ ਲੈਂਦਾ ਹੈ। ਫਿਰ ਮਾਂਗਤ ਦੂਜੇ ਪਾਸੇ ਜਾ ਕੇ ਹੱਥ ਫੈਲਾਂਦਾ ਹੈ ਤੇ ਪੈਸਾ ਮੰਗਦਾ ਹੈ, ਤਾਂ 'ਦਾਤਾ' ਗੁਸੇ ਵਿਚ ਆ ਕੇ ਗਾਲ੍ਹਾਂ ਕੱਢਣ ਲਗ ਪੈਂਦਾ ਹੈ।

ਐ ਖਾਲਸਾ ਕਹਾਉਣ ਵਾਲਿਓ! ਐ ਸਿੰਘ ਸੂਰਮਿਓਂ! ਕੀ ਇਸ ਵਾਸਤੇ ਗੁਰੂ ਗੋਬਿੰਦ ਸਿੰਘ ਜੀ ਨੇ ਤੁਹਾਨੂੰ ਆਪਣੇ ਪੁਤਰ ਬਣਾਇਆ ਸੀ ਤੇ ਕਿਹਾ ਸੀ–

ਇਨ ਪੁਤ੍ਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ।
ਚਾਰ ਮੂਏ ਤੋ ਕਿਆ ਹੂਆ, ਜੀਵਤ ਕਈ ਹਜ਼ਾਰ।

ਕੀ ਤੁਸੀਂ ਜੀਉਂਦੇ ਹੋ? ਕੀ ਤੁਸੀਂ ਗੁਰੂ ਗੋਬਿੰਦ ਸਿੰਘ ਜੀ ਦਾ ਨਾਂ ਲੈਣ ਯੋਗ ਵੀ ਹੋ? ਕੀ ਇਸ ਵਾਸਤੇ ਗੁਰੂ ਜੀ ਨੇ ਕਿਹਾ ਸੀ–

"ਮੋ ਗ੍ਰਹਿ ਮੇ ਮਨ ਤੇ ਤਨ ਤੇ ਸਿਰ ਲੌ ਧਨ ਹੈ ਸਭ ਹੀ ਇਨਹੀ ਕੋ।"

ਸਿੰਘੋ! ਮੱਤ ਗੁਰੂ ਗੋਬਿੰਦ ਸਿੰਘ ਦਾ ਨਾਮ ਭੀ ਲਵੋ ਤੇ ਲੰਡੀ ਬੁਚੀ ਦੇ ਸਾਹਮਣੇ ਹੱਥ ਵੀ ਟਡੋ।

ਪਤਾ ਨਹੀਂ, ਇਨ੍ਹਾਂ ਸਾਨੂੰ ਸਮਝ ਕੀ ਰਖਿਆ ਹੈ? ਅਸੀਂ ਸਿੰਘ ਹਾਂ। ਗੁਰੂ ਗੋਬਿੰਦ ਸਿੰਘ ਜੀ ਦੇ ਨਾਮ-ਲੇਵਾ ਹਾਂ। ਅਸੀਂ ਉਠਾਂਗੇ, ਵਧਾਂਗੇ, ਡਿਗਾਂਗੇ, ਫਿਰ ਉਠਾਂਗੇ, ਗੱਲ ਪਵਾਂਗੇ, ਲੜਾਂਗੇ, ਲੜ ਮਰਾਂਗੇ, ਪਰ ਕਿਸੇ ਲੰਡੀ ਬੁੱਚੀ ਅਗੇ ਝੁਕਾਂਗੇ ਨਹੀਂ। ਅਜੇ ਭੀ ਮੈਂ ਕਹਿੰਦਾ ਹਾਂ, ਇਨ੍ਹਾਂ ਆਕੜੇ ਹੋਏ ਹਿੰਦੂ ਭਰਾਵਾਂ ਨੂੰ, "ਹੈ ਕੋਈ ਸੱਚਾ ਹਿੰਦੂ? ਹੈ ਕੋਈ ਸਾਨੂੰ ਭਰਾ ਸਮਝਣ ਵਾਲਾ, ਗੁਲਾਮ ਨਹੀਂ, ਜੋ ਬਚਾਏ ਆ ਰਹੀ ਨਾਜ਼ਕ ਦਸ਼ਾ ਨੂੰ? ਜੋ ਸਾਨੂੰ ਉਹ ਸਮਝੇ ਜੋ ਅਸੀਂ ਹਾਂ ਤੇ ਆਪਣੇ ਆਪ ਨੂੰ ਉਹੋ ਸਮਝੇ ਜੋ ਉਹ ਹਨ? ਇਹ ਰੇੜਕਾ ਦੂਰ ਤਕ ਜਾ ਰਿਹਾ ਹੈ। ਮੈਂ ਇਨ੍ਹਾਂ ਨੂੰ ਸਾਫ ਕਹਿ ਦੇਣਾ ਚਾਹੁੰਦਾ ਹਾਂ ਕਿ ਸਾਨੂੰ ਤੁਹਾਡੇ ਉਤੇ ਕੋਈ ਭਰੋਸਾ ਨਹੀਂ ਰਿਹਾ, ਕਿਉਂਕਿ ਤੁਹਾਨੂੰ ਸਾਡੇ ਉਤੇ ਨਹੀਂ ਹੈ। ਜੋ ਸਾਡੇ ਉਤੇ ਭਰੋਸਾ ਨਹੀਂ ਕਰਦੇ, ਉਨ੍ਹਾਂ ਉਤੇ ਭਰੋਸਾ ਕਰਨਾ ਮਹਾਂ ਮੂਰਖਤਾ ਹੋਵੇਗੀ। ਹੁਣ ਸਾਨੂੰ ਪੰਜਾਬੀ "ਸੂਬੀ" ਜੇਹੀ ਨਾਲ ਕੋਈ ਤਸੱਲੀ ਨਹੀਂ ਹੋਣੀ। ਅਸਾਂ ਤਾਂ ਤੁਹਾਡੇ ਬਰਾਬਰ ਦਾ ਬਨਣਾ ਹੈ ਤੇ ਅਗੋਂ ਆਪਣੇ ਗੁਣਾ ਨਾਲ, ਆਪਣੀ ਸੇਵਾ ਨਾਲ, ਆਪਣੇ ਪਰਉਪਕਾਰ ਨਾਲ, ਆਪਣੇ ਤਿਆਗ ਨਾਲ, ਆਪਣੀ ਕੁਰਬਾਨੀ ਨਾਲ, ਆਪਣੇ ਧਰਮ ਨਾਲ, ਉਦਮ ਨਾਲ, ਆਪਣੀ

ਮੇਹਨਤ ਨਾਲ, ਆਪਣੇ ਜਪ ਤਪ ਨਾਲ, ਆਪਣੇ ਪ੍ਰੇਮ ਨਾਲ ਸਭ ਦੁਨੀਆਂ ਨੂੰ ਜਿਤਨਾ ਹੈ–

"ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ।"

ਆਤਮ ਨਿਰਨੇ ਦੀ ਮੰਗ ਬਾਰੇ

ਸਾਡੀ 'ਆਤਮ ਨਿਰਨੇ' ਦੀ ਮੰਗ ਬਾਰੇ ਬਥੇਰਾ ਕੁਝ ਕਿਹਾ ਗਿਆ ਹੈ। ਅਸਾਂ ਆਪਣੀ ਪੋਜ਼ੀਸ਼ਨ ਕਾਫੀ ਸਪਸ਼ਟ ਕਰ ਚੁਕੇ ਹਾਂ। ਪਰ ਜਦ ਮੈਂ 'ਆਤਮ ਨਿਰਨੇ' ਦਾ ਨਾਮ ਲੈਂਦਾ ਹਾਂ ਤਾਂ ਇਹ ਕਹਿੰਦਾ ਹਾਂ ਕਿ ਅਸਾਂ ਇਸ ਵਿਚ ਆਪਣੀ ਮਰਜ਼ੀ ਨਾਲ ਰਹਿਣਾ ਹੈ ਤੇ ਆਪਣੀ ਮਰਜ਼ੀ ਮੁਤਾਬਿਕ ਆਪਣੀ ਪੁਜ਼ੀਸ਼ਨ ਬਨਾਣੀ ਹੈ। ਅਸੀਂ ਕਿਸੇ ਤਰ੍ਹਾਂ ਭੀ ਇਨ੍ਹਾਂ ਆਕੜਬਾਜ਼ਾਂ ਦੇ ਹੇਠਾਂ ਨਹੀਂ ਰਹਿਣਾ, ਜਿਹੜੇ ਸਾਨੂੰ ਭਰਾ ਨਹੀਂ ਬਨਾਨਾ ਚਾਹੁੰਦੇ, ਗੁਲਾਮ ਰਖਣਾ ਚਾਂਹੁੰਦੇ ਹਨ। ਅਸਾਂ ਇਨ੍ਹਾਂ ਦਾ ਹੱਥ-ਠੋਕਾ ਵੀ ਬਨਣਾ ਨਹੀਂ–ਕਿ ਜਦ ਤੇ ਜਿਵੇਂ ਚਾਹੁਣ ਸਾਨੂੰ ਇਸਤੇਮਾਲ ਕਰ ਲੈਣ।

ਪਰ ਜਦ ਮੈਂ ਇਉਂ ਕਹਿੰਦਾ ਹਾਂ ਤਾਂ ਸਾਡੇ ਵਿਚੋਂ ਬਥੇਰੇ ਕੋਹੜੀ ਦਿਲ ਹਾਰ ਕੇ ਕਹਿਣ ਲਗ ਜਾਂਦੇ ਹਨ, "ਇਹ ਹੁਣ ਕਿਸ ਤਰ੍ਹਾਂ ਹੋ ਸਕਦਾ ਹੈ? ਅੰਗਰੇਜ਼ਾਂ ਕੋਲੋਂ ਤਾਂ ਤੁਸਾਂ ਕੁਝ ਕਰਵਾ ਨਹੀਂ ਸਕੇ, ਜੋ ਕਰ ਸਕਦਾ ਸੀ, ਹੁਣ ਕੀ ਬਣ ਸਕਦਾ ਹੈ? ਹੁਣ ਤਾਂ 'ਦੜ ਵਟ ਜ਼ਮਾਨਾ ਕਟ' ਵਾਲੀ ਗਲ ਹੀ ਕਰੋ। ਐਵੇਂ ਨਾ ਆਪ ਮਰੋ ਤੇ ਕੌਮ ਨੂੰ ਨਾ ਮਰਵਾਓ।"

ਜਦ ਮੈਂ ਏਹਨਾਂ ਤੋਂ ਪੁਛਦਾ ਹਾਂ ਕਿ ਕੀ ਮੌਜੂਦਾ ਹਾਲਤ ਵਿਚ ਕੌਮ ਬਚ ਜਾਏਗੀ, ਤਾਂ ਜਵਾਬ ਮਿਲਦਾ ਹੈ ਕਿ ਇਸ ਤਰ੍ਹਾਂ ਕੁਝ ਚਿਰ ਤਾਂ ਜੀਵੇਗੀ, ਤੁਸੀਂ ਤਾਂ ਟਾਹਰਾਂ ਮਾਰ ਮਾਰ ਕੇ ਛੇਤੀ ਮਰਵਾ ਦੇਵੋਗੇ। ਇਸ ਤਰ੍ਹਾਂ ਦੇ ਬਚਨ ਸਿੰਘ ਅਖਵਾਣ ਵਾਲਿਆਂ ਦੇ ਮੂੰਹੋਂ ਸੁਣ ਕੇ ਮੈਨੂੰ ਜੋਸ਼ ਆ ਜਾਂਦਾ ਹੈ ਤੇ ਮੈਂ ਬਾਹਵਾਂ ਉਚੀਆਂ ਕਰਕੇ ਕਲਗੀਆਂ ਵਾਲੇ ਪਿਤਾ ਨੂੰ ਵਾਜਾਂ ਮਾਰਦਾਂ ਤੇ ਕੂਕਦਾ ਹਾਂ, "ਹੇ ਪਿਤਾ, ਬਾਹੁੜ! ਤੇ ਲਾਹ ਗਲੋਂ ਮੇਰੇ ਇਹ ਮੁਰਦੇ! ਇਹ ਆਪ ਤਾਂ ਮਰ ਚੁਕੇ ਹਨ ਤੇ ਕੌਮ ਨੂੰ ਮੁਰਦਾ ਸਮਝੀ ਬੈਠੇ ਹਨ। ਇਨ੍ਹਾਂ ਦੇ ਮਨਾਂ ਵਿਚੋਂ ਸਿੰਘਰੂਪਣ ਮਰ ਚੁਕਾ ਹੈ, ਸਿਖੀ ਮਰ ਚੁਕੀ ਹੈ ਤੇ ਇਹ ਸਮਝੀ ਬੈਠੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਕਤੀ ਮੁਕ ਗਈ ਹੈ।"

ਐ ਭਰਾਵੋ! ਮਰ ਤਾਂ ਗਏ ਹੋ ਤੁਸੀਂ–ਜਿਨ੍ਹਾਂ ਦੇ ਦਿਲਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਅੱਣਖ ਭਰੀ ਸਪਿਰਿਟ ਮਰ ਗਈ ਹੈ। ਗੁਰੂ ਗੋਬਿੰਦ ਸਿੰਘ, ਸੱਚਾ ਪਿਤਾ ਤਾਂ ਜੀਉਂਦਾ ਜੇ, ਜੋ ਹਰ ਨਾਜ਼ਕ ਸਮੇਂ ਆਪਣੇ ਪੰਥ ਨੂੰ ਬਾਹੁੜਦਾ ਰਿਹਾ ਹੈ ਤੇ ਹੁਣ ਭੀ ਬਾਹੁੜੇਗਾ।

ਖਾਲਸਾ ਉਠੇਗਾ! ਚੜ੍ਹਦੀ ਕਲਾ ਵਿਚ ਜਾਏਗਾ!!

ਜਦ ਵਡੇ ਘਲੂਘਾਰੇ ਮਗਰੋਂ ਸਿੰਘ ਇਕੱਠੇ ਹੋਏ ਤਾਂ ਉਨ੍ਹਾਂ ਆਪਣੀ ਅਰਦਾਸ ਵਿਚ ਕਿਹਾ ਸੀ–

"ਪੰਥ ਕੀ ਰਾਖੋਗੇ ਤੋ ਗ੍ਰੰਥ ਕੀ ਰਹੇਗੀ
ਨਾਥ! ਪੰਥ ਨਾ ਰਹਾ ਤੋ ਗ੍ਰੰਥ ਤੇਰਾ ਕੌਨ ਮਾਨੇਗਾ?"

ਉਹ ਪਿਤਾ ਬਹੁੜਿਆ ਤੇ ਪੰਥ ਦੀ ਸ਼ਕਤੀ ਪਹਿਲਾਂ ਨਾਲੋਂ ਭੀ ਵਧ ਗਈ। ਪੰਥ ਨੇ ਥੁਹੜੇ ਮਹੀਨਿਆਂ ਵਿਚ ਹੀ ਅਹਿਮਦ ਸ਼ਾਹ ਅਬਦਾਲੀ ਨੂੰ ਵਾਪਸੀ ਉਤੇ ਨਾ ਕੇਵਲ ਲੁਟਿਆ ਹੀ ਸੀ, ਸਗੋਂ ਹਜ਼ਾਰਾਂ ਹਿੰਦੂ ਇਸਤ੍ਰੀਆਂ ਛੁੜਾ ਕੇ ਘਰੋ ਘਰੀ ਪਹੁੰਚਾਈਆਂ ਸਨ।

ਬਾਬਾ ਰਾਮ ਸਿੰਘ ਜੀ ਨਾਮਧਾਰੀ ਨੇ ਵੀ ਵਾਜਾਂ ਮਾਰ ਮਾਰ ਕੇ ਕੂਕ ਕੂਕ ਕੇ ਸਤਿਗੁਰਾਂ ਨੂੰ ਬਹੁੜਨ ਦੀ ਦੁਹਾਈ ਦਿਤੀ ਸੀ। ਓਹ ਕੂਕਾਂ ਮਾਰਦੇ ਸਨ, "ਬਹੁੜੀਂ ਓ ਪਿਤਾ, ਸਚੇ ਪਿਤਾ! ਹੇ ਗੁਰੂ ਗੋਬਿੰਦ ਸਿੰਘ ਬਾਹੜੀਂ! ਬਹੁੜੀ ਓਇ ਕਲਗੀਆਂ ਵਾਲਿਆਂ! ਬਹੁੜੀ ਓਇ ਬਾਜਾਂ ਵਾਲਿਆਂ!" ਬਾਬਾ ਰਾਮ ਸਿੰਘ ਉਸ ਵੇਲੇ ਉਠਿਆ ਸੀ, ਜਦ ਸਿਖ ਕੇਵਲ ਬਾਰਾਂ ਲਖ ਰਹਿ ਗਏ ਸਨ। ਪਰ ਉਦੋਂ 'ਖੋਟ' ਨਿਕਲ ਚੁਕਾ ਸੀ ਤੇ ਉਹਨਾਂ ਕੁੰਦਨ ਹੋਏ ਸਿੰਘਾਂ ਦੀ ਹਮਦਰਦੀ ਖਿਚ ਕੇ, ਕੁਝ ਸ਼ਰਧਾਲੂ ਸਿੰਘ ਕੁਰਬਾਨ ਕਰਾ ਕੇ, ਸਿਖੀ ਅੱਣਖ

ਨੂੰ ਫਿਰ ਮੋੜਾ ਪਾ ਦਿਤਾ ਸੀ।

ਹੁਣ ਵੀ ਇਸ ਨਾਜ਼ਕ ਦਸ਼ਾ ਵਿਚੋਂ ਖਾਲਸਾ ਨਿਕਲ ਕੇ ਵਧੇਰੀ ਸ਼ਾਨ ਨਾਲ ਉਠੇਗਾ। ਐ ਦਿਲ ਹਾਰ ਚੁਕੇ ਭਰਾਵੋ! ਜੇ ਤੁਸੀਂ ਹੁਣ ਦਿਲ ਹਾਰ ਬੈਠੇ ਹੋ, ਤਾਂ ਹਟੋ ਪਰੇ, ਨਿਤਰਣ ਦਿਓ ਕਿਸੇ ਮਰਦ ਕੇ ਚੇਲੇ ਨੂੰ। ਬੇਵਿਸ਼ਵਾਸ਼ਿਓ, ਬੇਅਣਖਿਓ! ਬੇਹਯਾਓ! ਹੱਟ ਜਾਓ ਖਾਲਸੇ ਦੇ ਰਾਹ ਵਿਚੋਂ। ਖਾਲਸਾ ਤਾਂ ਉਠੇਗਾ ਤੇ ਤੁਸੀਂ ਵਿਚੇ ਹੀ ਰਗੜੇ ਜਾਓਗੇ।

ਸਮੇਂ ਨੂੰ ਸੰਭਾਲੋ, ਬਿਲਕੁਲ ਨਾ ਘਬਰਾਓ

ਭਰਾਵੋ! ਜੇ ਅਗੇ ਅਸੀਂ ਸਮੇਂ ਸਿਰ ਨਹੀਂ ਸੰਭਲੇ, ਤਾਂ ਹੁਣ ਇਹ ਸਮਾਂ ਹਥੋਂ ਜਾਣ ਨਹੀਂ ਦੇਣਾ। ਵੇਖੋ ਸਤਿਗੁਰਾਂ ਨੇ ਸਾਡੀ ਚੜ੍ਹਦੀ ਕਲਾ ਦੇ ਹਾਲਾਤ ਕਿਸ ਤਰ੍ਹਾਂ ਪੈਦਾ ਕਰ ਦਿਤੇ ਹਨ ਤੇ ਕਰਦਾ ਜਾ ਰਿਹਾ ਹੈ। ਅਸੀਂ ਕਮਜ਼ੋਰ ਹੋਏ ਹਾਂ ਪਰ ਸਾਡੀ ਕਮਜ਼ੋਰੀ ਦੀ ਘਾਟ ਤਾਂ ਸਾਡਾ ਸਤਿਗੁਰੂ ਤੇ ਸਾਡਾ ਇਤਿਹਾਸ ਪੂਰੀ ਕਰ ਰਿਹਾ ਹੈ। ਇਹ ਸਰਕਾਰ ਵਧੇਰੇ ਕਮਜ਼ੋਰ ਹੁੰਦੀ ਜਾ ਰਹੀ ਹੈ। ਇਸ ਦੀ ਕਮਜ਼ੋਰੀ ਤਾਂ ਇਸ ਦੇ ਪਾਪ ਹੀ ਤੇਜ਼ੀ ਨਾਲ ਵਧਾ ਰਹੇ ਹਨ। ਇਹ ਸਰਕਾਰ ਹੁਣ ਡਿਗੇਗੀ ਤੇ ਸਾਰੀ ਕੌਮ ਦੀ ਸੰਭਾਲ ਕਰਨ ਵਾਲਾ ਕੇਵਲ ਖਾਲਸਾ ਪੰਥ ਹੀ ਰਹੇਗਾ।

ਅਜ ਮੈਂ ਉਹ ਹਾਲਤ ਵਿਸਥਾਰ ਨਾਲ ਕਿਸ ਤਰ੍ਹਾਂ ਲਿਖਾਂ, ਜੋ ਪੈਦਾ ਹੁੰਦੀ ਜਾਪ ਰਹੀ ਹੈ? ਸਿਖਾਂ ਵਿਚ ਏਕਤਾ ਹੋ ਹੀ ਜਾਵੇਗੀ, ਜਿਸ ਤਰ੍ਹਾਂ ਹਰ ਨਾਜ਼ਕ ਸਮੇਂ ਹੋ ਜਾਂਦੀ ਰਹੀ ਹੈ। "ਫੁਟ! ਫੁਟ!" ਕਹਿ ਕੇ ਮਤ ਘਬਰਾਓ। ਫੁਟ ਉਥੇ ਹੀ ਪੈਦਾ ਹੁੰਦੀ ਹੈ, ਜਿਥੇ ਏਕਤਾ ਹੋਵੇ। ਸਮਝ ਲਵੋ ਕਿ ਏਕਤਾ ਵਿਚ ਵਿਘਨ ਦਾ ਨਾਮ ਹੀ ਫੁਟ ਹੈ। ਜਿਥੇ ਕੰਧ ਬਣੀ ਹੋਈ ਹੈ, ਉਸ ਵਿਚ ਚੀਰ ਪਵੇ ਤਾਂ ਫੁਟ ਦਿਸਦੀ ਹੈ। ਪਰ ਜੇ ਇੱਟ ਇੱਟ ਹੀ ਵਖਰੀ ਵਖਰੀ ਖਿਲਰੀ ਪਈ ਹੋਵੇ, ਉਥੇ ਫੁੱਟ ਕਿਥੇ? ਉਥੇ ਤਾਂ ਏਕਤਾ ਮੂਲੋਂ ਹੀ ਨਹੀਂ।

ਘਬਰਾਓ ਨਾਂਹ। ਇਹ ਸਰਕਾਰੀ ਝੋਲੀਚੁਕ, ਠੇਕੇਦਾਰ ਤੇ ਇਨ੍ਹਾਂ ਦੇ ਰਾਹੀਂ ਸਰਕਾਰ ਦੇ ਹੱਥ ਵਿਚ ਖੇਡ ਰਹੇ ਅਭਿਮਾਨੀ ਛੇਤੀ ਹੀ ਧਕੇ ਜਾਣ ਵਾਲੇ ਹਨ। ਵੱਲ ਛੱਲ ਬਾਹਲਾ ਚਿਰ ਨਹੀਂ ਚਲ ਸਕਦਾ। ਸਿੰਘੋ! ਬਿਲਕੁਲ ਨਾ ਘਬਰਾਓ ਤੇ ਸਮੇਂ ਨੂੰ ਸੰਭਾਲੋ! ਇਹ ਵੇਲਾ ਹੈ ਆਪ ਸੰਭਲਣ ਤੇ ਹੋਰਾਂ ਨੂੰ ਸੰਭਾਲਣ ਦਾ। ਵਿੰਗੀਆਂ ਟੇਢੀਆਂ ਚਾਲਾਂ ਨਾ ਕਰੋ ਤੇ ਨਾ ਇਨ੍ਹਾਂ ਵਿਚ ਫਸੋ।

ਇਕ ਦਿਲਹਾਰੇ ਸਜਣ ਨੇ ਮੈਨੂੰ ਕਿਹਾ ਕਿ "ਹਾਲਾਂ ਚੁੱਪ ਕਰ ਜਾਓ, ਬਣ ਲੈਣ ਦਿਓ ਪੰਜਾਬੀ ਸੂਬਾ। ਤੇ ਵੇਲਾ ਆ ਰਿਹਾ ਹੈ, ਸਭ ਸੂਬੇ ਪੂਰੇ ਅਖਤਿਆਰ ਮੰਗਣਗੇ ਅਤੇ ਉਸ ਵੇਲੇ ਪੰਜਾਬੀ ਸੂਬਾ ਭੀ ਪੂਰੇ ਅਖਤਿਆਰਾਂ ਵਾਲਾ ਹੋ ਜਾਏਗਾ।"

ਮੈਂ ਉਤਰ ਦਿਤਾ, ਕਿਉਂ ਠੱਗੀ ਕਰਨ ਦੇ ਜਤਨ ਵਿਚ ਆਪ ਹੀ ਠੱਗੀ ਵਿਚ ਫਸ ਰਹੇ ਹੋ। ਇਨ੍ਹਾਂ ਸਾਡੇ ਉਤੇ ਭਰੋਸਾ ਤਾਂ ਕਰਨਾ ਨਹੀਂ ਤੇ ਸਿਧੀਂ ਹਥੀਂ ਕੋਈ ਠੀਕ ਗਲ ਮੰਨਣੀ ਨਹੀਂ। ਜੇ ਇਹ ਮੁਨਾਸਬ ਸਮਝਣਗੇ ਤਾਂ ਦੂਜਿਆਂ ਸੂਬਿਆਂ ਨੂੰ ਪੂਰੇ ਅਖਤਿਆਰ ਦੇ ਦੇਣਗੇ, ਪਰ ਇਹਨਾਂ ਸਾਨੂੰ ਨਾਂ ਹੁਣ ਤੇ ਨਾ ਫਿਰ ਕਦੇ ਕੋਈ ਅਜਿਹੀ ਪੋਜ਼ੀਸ਼ਨ ਬਨਾਣ ਦੇਣੀ ਹੈ, ਜਿਸ ਵਿਚ ਸਾਡੀ ਸਾਵੀਂ ਤਾਕਤ ਬਣ ਜਾਏ। ਦੂਜਿਆਂ ਨੂੰ ਇਹ ਆਪਣਾ ਸਮਝਦੇ ਹਨ, ਸਾਨੂੰ ਇਹ ਗੈਰ ਸਮਝਦੇ ਹਨ।"

ਸਿਧੀ ਗਲ ਕਰੋ ਤੇ ਭੁਲਾਵਲੀ ਨਾ ਤੋਰੋ

ਸੱਚੀ ਤੇ ਸਾਫ ਗਲ ਇਹ ਹੈ ਕਿ ਹਿੰਦੂਆਂ ਦੀ ਦਿਲ ਦੀ ਡੂੰਘਾਈ ਵਿਚ ਇਹ ਪੱਕਾ ਨਿਸਚਾ ਬੈਠਾ ਹੋਇਆ ਹੈ ਕਿ ਸਿਖਾਂ ਉਨ੍ਹਾਂ ਦੇ ਹੇਠਾਂ ਨਹੀਂ ਰਹਿਣਾ ਤੇ ਜਦ ਭੀ ਸਿਖਾਂ ਦਾ ਕੋਈ ਦਾਓ ਭਰਿਆ ਜਾਂ ਕੋਈ ਮੌਕਾ ਹੱਥ ਲੱਗਾ, ਇਨ੍ਹਾਂ ਨੇ ਕੋਈ ਅਜਿਹਾ ਪਲਸੇਟਾ ਮਾਰਨਾ ਹੈ ਕਿ ਉਤੇ ਆ ਹੀ ਜਾਣਾ ਹੈ। ਇਸ ਸ਼ੱਕ ਜਾਂ ਇਸ ਨਿਸਚੇ ਕਰਕੇ ਉਹ ਸਾਡੀਆਂ ਲਤਾਂ ਬਾਹਵਾਂ ਬੰਨ੍ਹੀ ਰਖਣਾ ਚਾਹੁੰਦੇ ਹਨ। ਉਹ ਸਮਝਦੇ

ਹਨ ਕਿ ਕੋਈ ਨੁਕਰ ਭੀ ਜ਼ਰਾ ਢਿਲੀ ਹੋਈ, ਤਾਂ ਉਥੋ ਹੀ ਸਿਖਾਂ ਨੇ ਹੰਭਲਾ ਮਾਰ ਕੇ ਉਤੇ ਹੀ ਆ ਜਾਣਾ ਹੈ।

ਹਿੰਦੂਆਂ ਦਾ ਇਹ ਸ਼ੱਕ ਜਾਂ ਨਿਸਚਾ ਸੱਚਾ ਹੈ। ਮੈਂ ਭੀ ਕਹਿੰਦਾ ਹਾਂ ਕਿ ਸਿਖਾਂ ਨੇ ਇਸ ਗੁਲਾਮੀ ਵਿਚ ਨਹੀਂ ਰਹਿਣਾ ਤੇ ਉਤੇ ਆ ਹੀ ਜਾਣਾ ਹੈ। ਇਥੋਂ ਤਕ ਅਸਾਂ ਦੋਹਾਂ ਦੀ ਰਾਏ ਇਕੋ ਹੈ। ਪਰ ਇਨ੍ਹਾਂ ਕਮਜ਼ੋਰ ਦਿਲ ਲੋਕਾਂ ਨੂੰ ਸਿੱਧੀ ਤੇ ਸੱਚੀ ਗਲ ਕਹਿਣ ਦਾ ਹੌਸਲਾ ਨਹੀਂ ਪੈਂਦਾ। ਬਸ ਫਰਕ ਇਥੇ ਆ ਪੈਂਦਾ ਹੈ।

ਮੈਂ ਚਾਹੁੰਦਾ ਹਾਂ ਕਿ ਅਸੀਂ ਆਜ਼ਾਦ ਹੋਵੀਏ ਪਰ ਆਪੋ ਵਿਚ ਭਰਾ ਬਣੇ ਰਹੀਏ। ਭਰਾਵਾਂ ਵਾਂਗ ਅੜਰੇ ਹੋਈਏ ਤੇ ਅੜਰੇ ਰਹੀਏ। ਪਰ ਇਨ੍ਹਾਂ ਵਿਚ ਕਈ ਅਜਿਹੇ ਹਨ ਜੋ ਸਮਝਦੇ ਹਨ ਕਿ ਸਿਖਾਂ ਨੂੰ ਨਿਗਲ ਹੀ ਲਿਆ ਜਾ ਸਕਦਾ ਹੈ। ਜਦ ਤਕ ਤਾਂ ਸਿਖ ਅੜਰੇ ਸਿੰਘ ਬਣੇ ਫਿਰਦੇ ਹਨ, ਇਹ ਇਨ੍ਹਾਂ ਦੇ ਤਾਬੇ ਨਹੀਂ ਰਹਿਣਗੇ। ਇਹ ਭਾਈ ਰਤਨ ਸਿੰਘ ਭੰਗੂ ਦੇ ਕਥਨ ਅਨੁਸਾਰ, "ਜਾਂ ਰਾਜ ਕਰੈਂ ਹੈ ਜਾਂ ਲੜ ਮਰੈਂ ਹੈਂ।"

ਅੰਤਮ ਬੇਨਤੀ

ਮੁਢਲੀ ਗਲ ਚੇਤੇ ਰਖਣ ਵਾਲੀ ਇਹ ਹੈ ਕਿ ਭਾਵੇਂ ਕਿਸੇ ਕਮਜ਼ੋਰ ਜਾਂ ਗਰੀਬ ਬੰਦੇ ਨੂੰ ਉਸ ਦੇ ਜੀਵਣ ਲਈ ਸਹਾਇਤਾ ਦੇਣੀ ਨੇਕੀ ਮੰਨੀ ਜਾਂਦੀ ਹੈ, ਪਰ ਕੌਮਾਂ ਵਿਚ ਨੇਕੀ ਦਾ ਅਸੂਲ ਇਹ ਨਹੀਂ। ਇਥੇ ਤਾਂ ਦੂਜੀ ਕੌਮ ਨੂੰ ਖਤਮ ਕਰਨਾ ਤੇ ਆਪਣੇ ਵਿਚ ਹੜਪ ਕਰ ਲੈਣਾ ਹੀ ਨੇਕੀ ਤੇ ਧਰਮ ਸਮਝਿਆ ਜਾਂਦਾ ਹੈ। ਫਿਰ ਇਹ ਵੀ ਕਿਉਂ ਨਾ ਸਿਖਾਂ ਨੂੰ ਨਿਗਲ ਜਾਣ ਤੇ ਇਸੇ ਵਿਚ ਨੇਕੀ ਤੇ ਆਪਣੇ ਧਰਮ ਦੀ ਬਿਰਧੀ ਸਮਝਣ ? ਮੱਤ ਪਵੋ ਭੁਲੇਖੇ ਵਿਚ। ਮੱਤ ਇਨ੍ਹਾਂ ਤੋਂ ਆਪਣੇ ਕੌਮੀ ਜੀਵਨ ਦੀ ਆਸ ਰਖੋ। ਅਸੀਂ ਜੀਵਾਂਗੇ ਆਪਣੀ ਹਿੰਮਤ, ਆਪਣੀ ਕੁਰਬਾਨੀ ਤੇ ਆਪਣੇ ਗੁਣਾਂ ਨਾਲ। ਧ੍ਰਿਗ ਜੀਵਨ ਉਸ ਦਾ, ਜੋ ਦੂਜਿਆਂ ਤੇ ਆਸ ਰਖਦਾ ਹੈ—

ਧ੍ਰਿਗ ਤਿਨਾ ਦਾ ਜੀਵਿਆ ਜਿਨਾ ਵਿਡਾਣੀ ਆਸ ॥

ਇਹ ਭੀ ਚੇਤੇ ਰਖੋ ਕਿ ਕੌਮਾਂ ਗੁਲਾਮੀ ਵਿਚੋਂ ਜੰਗਾਂ ਦੇ ਸਮੇਂ ਹੀ ਨਿਕਲਿਆ ਕਰਦੀਆਂ ਹਨ। ਹਿੰਦੁਸਤਾਨ ਭੀ ਤਾਂ ਅੰਗਰੇਜ਼ਾਂ ਤੋਂ ਜੰਗ ਸਮੇਂ ਹੀ ਆਜ਼ਾਦ ਹੋਇਆ ਜੀ। ਠੱਗੀ ਕਰਦੇ ਕਰਦੇ ਤੁਸੀਂ ਠੱਗੀ ਵਿਚ ਫਸ ਰਹੇ ਹੋ।

ਉਠੋ! ਤੇ ਉਸ ਸਚੇ ਪਿਤਾ ਅਗੇ ਇਉਂ ਅਰਦਾਸਾ ਸੋਧ ਕੇ ਨਿਤਰੋ! "ਹੇ ਪਿਤਾ, ਹੇ ਕਲਗੀਆਂ ਵਾਲੇ ਸਚੇ ਪਾਤਸ਼ਾਹ! ਬਹੁੜ, ਛੇਤੀ ਬਹੁੜ! ਹੁਣ ਇਹ ਧਮਕੀਆਂ ਹੋਰ ਨਹੀਂ ਝਲੀਆਂ ਜਾਂਦੀਆਂ। ਬਹੁੜ ਤੇ ਕੱਢ ਸਾਨੂੰ ਇਸ ਗੁਲਾਮੀ ਵਿਚੋਂ।

ਆਓ! ਅਜ ਅਸੀਂ ਗੁਰੂ ਗੋਬਿੰਦ ਸਿੰਘ ਜੀ ਦਾ ਨਾਮ ਲੈ ਕੇ ਪ੍ਰਣ ਕਰੀਏ ਕਿ ਅਸਾਂ ਇਨ੍ਹਾਂ ਆਕੜ-ਬਾਜ਼ਾਂ ਤੋਂ ਨਾ ਪੰਜਾਬੀ ਸੂਬਾ ਮੰਗਣਾ ਹੈ ਤੇ ਨਾ ਕੁਝ ਹੋਰ ਮੰਗਣਾ ਹੈ। ਜੋ ਕੁਝ ਅਸਾਂ ਮੰਗਣਾ ਹੈ, ਗੁਰੂ ਤੋਂ ਮੰਗਾਂਗੇ ਤੇ ਲਵਾਂਗੇ। ਅਸੀਂ ਉਸ ਨੂੰ ਕਹਾਂਗੇ।

ਬਾਰ ਪਰਾਇਐ ਬੈਸਣਾ ਸਾਂਈ ਮੁਝੈ ਨਾ ਦੇਹਿ ॥
ਜੇ ਤੂੰ ਏਵੈ ਰਖਸੀ ਜੀਉ ਸਰੀਰਹੁ ਲੇਹਿ ॥

ਉਠੋ, ਤਿਆਗੋ ਗ਼ਲਫਤ ਨੂੰ। ਉਸੇ ਗੁਰੂ ਤੇ ਭਰੋਸਾ ਰਖ ਕੇ ਅਰਦਾਸ ਕਰੋ—

"ਅਵਰ ਓਟ ਮੈਂ ਸਗਲੀ ਦੇਖੀ ਇਕ ਤੇਰੀ ਹੀ ਓਟ ਰਹਾਈਐ ॥"

ਝਾੜੋ ਸਰੀਰ, ਲਾਓ ਛਾਲ ਤੇ ਮਾਰੋ ਗਰਜ—

"ਸਿੰਘ ਬੁਕੈ ਮਿਰਗਾਵਲੀ ਭੰਨੀ ਜਾਇ ਨ ਧੀਰ ਧਰੋਆ ॥"

ਲਾਓ ਜੈਕਾਰਾ ਜੋ ਪੁਰਾਣੇ ਸਿੰਘ ਲਾਂਦੇ ਹੁੰਦੇ ਸਨ—

ਓਹ ਗੁਰੁ ਗੋਬਿੰਦ ਹੁਇ ਪ੍ਰਗਟਿਆ ਦਸਵੇਂ ਅਵਤਾਰਾ ।
ਜਿਨ ਅਲਖ ਅਕਾਲ ਨਿਰੰਜਨਾ ਜਪਿਓ ਕਰਤਾਰਾ ।
ਜਿਨ ਪੰਥ ਚਲਾਇਓ ਖਾਲਸਾ ਧਰ ਤੇਜ ਕਰਾਰਾ ।
ਸਿਰ ਕੇਸ ਧਾਰ ਗਹਿ ਖੜਗ ਕੋ ਸਭ ਦੁਸ਼ਟ ਪਛਾਰਾ ।
ਸੀਲ ਜਤ ਕੀ ਕਛ ਪਹਿਰ ਪਕੜੇ ਹਥਿਆਰਾ ।
ਸਚ ਫਤੇ ਬੁਲਾਈ ਗੁਰੂ ਕੀ ਜੀਤਿਓ ਰਣ ਭਾਰਾ ।
ਸਭ ਦੈਤ ਅਰਿਣ ਕੋ ਘੇਰ ਕਰ ਕੀਓ ਪਚਹਾਰਾ ।
ਤਬ ਸਹਿਜੇ ਪ੍ਰਗਟਿਓ ਜਗਤ ਮੈਂ ਗੁਰੁ ਜਾਪ ਅਪਾਰਾ ।
ਇਉਂ ਉਪਜੇ ਸਿੰਘ ਭੁਜੰਗੀਏ ਨੀਲ ਅੰਬਰ ਧਾਰਾ ।
ਤੁਰਕ ਦੁਸ਼ਟ ਸਭ ਛੈ ਕੀਏ ਹਰ ਨਾਮ ਉਚਾਰਾ ।
ਤਿਨ ਆਗੈ ਕੋਇ ਨ ਠਹਿਰਿਓ ਭਾਗੇ ਸਿਰਦਾਰਾ ।
ਤਹ ਰਾਜੇ ਸ਼ਾਹ ਅਮੀਰੜੇ ਹੋਏ ਸਭ ਛਾਰਾ ।
ਫਿਰ ਸੁਨ ਕਰ ਐਸੀ ਧਮਕ ਕਉਂ ਕਾਂਪੇ ਗਿਰਭਾਰਾ ।
ਤਬ ਸਭ ਧਰਤੀ ਹਲਚਲ ਭਈ ਛਾਡੇ ਘਰ ਬਾਰਾ ।
ਇਉਂ ਐਸੇ ਦੁੰਦ ਕਲੇਸ ਮੈਂ ਖਪਿਓ ਸੰਸਾਰਾ ।
ਤਿਹ ਬਿਨ ਸਤਿਗੁਰੁ ਕੋਈ ਹੈ ਨਹੀਂ ਭੈ ਕਾਟਣਹਾਰਾ ।
ਇਉਂ ਐਸੇ ਖੜਗ ਦਿਖਾਈਐ ਕੋ ਸਕੈ ਨ ਝੇਲਾ ।
ਵਾਹ ਵਾਹ ਗੁਰੂ ਗੋਬਿੰਦ ਸਿੰਘ ਆਪੇ ਗੁਰ ਚੇਲਾ ।

\- - - - -

ਤੀਸਰ ਪੰਥ ਚਲਾਇਅਨ ਵਡ ਸੂਰ ਗਹੇਲਾ ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ ।।

ਬੋਲੇ ਸੋ ਨਿਹਾਲ । ਸਤਿ ਸ੍ਰੀ ਅਕਾਲ ।।

ਵਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ ।

ਬੀਤੇ ਮਹੀਨੇ ਤੇ ਇਕ ਨਜ਼ਰ

* ਪੰਜਾਬੀ ਸੂਬੇ ਦੀ ਮੰਗ ਉਤੇ ਮੁੜ ਵਿਚਾਰ ਕਰਨ ਲਈ ੨੪ ਸਤੰਬਰ ੧੯੬੫ ਨੂੰ ਜਦ ਹਿੰਦ ਤੇ ਪਾਕਿਸਤਾਨ ਵਿਚਕਾਰ ਜੰਗਬੰਦੀ ਹੋਈ ਸੀ ਤਾਂ ਇਕ ਕੈਬੀਨੇਟ ਕਮੇਟੀ ਹਿੰਦ ਸਰਕਾਰ ਦੇ ੩ ਮੰਤਰੀਆਂ ਦੀ ਤੇ ਇਕ ਕਮੇਟੀ ਪਾਰਲੀਮੈਂਟ ਦੇ ੧੮ ਮੈਂਬਰਾਂ ਦੀ ਬਣਾਈ ਗਈ ਸੀ। ਸ੍ਰੀ ਲਾਲ ਬਹਾਦਰ ਸ਼ਾਸਤਰੀ ਜੀ ਦੇ ਤਾਸ਼ਕੰਦ ਵਿਚ ਅਚਾਨਕ ਚਲਾਣੇ ਕਰ ਕੇ ਕੈਬੀਨੇਟ ਨਵੀਂ ਬਣੀ ਤੇ ਕੈਬੀਨੇਟ ਕਮੇਟੀ ਖਤਮ ਹੋ ਗਈ। ਪਾਰਲੀਮੈਂਟਰੀ ਕਮੇਟੀ ਨੇ ੧੬ ਫਰਵਰੀ ਤਕ ਸਭ ਸ਼ਹਾਦਤਾਂ ਮੁਕੰਮਲ ਕਰ ਲਈਆਂ ਹਨ ਤੇ ਉਹ ਆਪਣੀ ਰਪੋਟ ਮਾਰਚ ਦੀ ੭ ਤਕ ਪਾਰਲੀਮੈਂਟ ਨੂੰ ਪੇਸ਼ ਕਰ ਦੇਵੇਗੀ। ਇਸ ਦੇ ਪ੍ਰਧਾਨ ਸ: ਹੁਕਮ ਸਿੰਘ ਜੀ ਹਨ। ਕੈਬੀਨੇਟ ਕਮੇਟੀ ਦੀ ਥਾਂ ਕਾਂਗ੍ਰਸ ਦੀ ਵਰਕਿੰਗ ਕਮੇਟੀ ਨੇ ਇਕ ਤਿੰਨਾਂ ਮੈਂਬਰਾਂ ਦੀ 'ਮਿਲਵਰਤਨ ਕਮੇਟੀ' ਕਾਇਮ ਕੀਤੀ ਹੈ, ਜਿਸ ਦੇ ਤਿੰਨ ਮੈਂਬਰ ਪ੍ਰਧਾਨ ਕਾਮਰਾਜ, ਸ੍ਰੀ ਗੁਲਜ਼ਾਰੀ ਲਾਲ ਨੰਦਾ ਤੇ ਸ੍ਰੀ ਧੀਬਰ ਹਨ। ਇਸ ਕਮੇਟੀ ਨੇ ਕੰਮ ਸ਼ੁਰੂ ਕਰ ਕੇ ਜ਼ਰੂਰੀ ਧਿਰਾਂ ਨੂੰ ਮਿਲਣਾ ਸ਼ੁਰੂ ਕਰ ਦਿਤਾ ਹੈ।

* ਨਾਗਾਲੈਂਡ ਵਿਚ ਦੋ ਪਾਰਟੀਆਂ ਹਨ। ਇਕ ਤਾਂ ਉਹ ਹੈ ਜੋ ਹਿੰਦ ਗੌਰਮਿੰਟ ਦਾ ਬਣਾਇਆ ਹੋਇਆ ਨਾਗਾਲੈਂਡ ਮੰਨ ਕੇ ਹਿੰਦ ਵਿਧਾਨ ਅਨੁਸਾਰ ਹਕੂਮਤ ਚਲਾ ਰਹੀ ਹੈ ਤੇ ਦੂਜੀ ਫੀਜ਼ੋ ਦੀ ਪਾਰਟੀ ਅੰਡਰ ਗਰਾਊਂਡ (ਰੂ-ਪੋਸ਼) ਹੋ ਕੇ ਹਿੰਦ ਵਿਰੁਧ ਹਥਿਆਰਬੰਦ ਲੜਾਈ ਕਰ ਰਹੀ ਹੈ। ਹਿੰਦੁਸਤਾਨ ਦੀ ਫੌਜੀ ਕਾਰਵਾਈ ਵਿਰੁਧ ਵੀ ਉਹ ਹੁਣ ਤਕ ਡਟੇ ਰਹੇ ਹਨ। ਪਿਛੇ ਜਹੇ ਇਕ ਪੀਸ ਕਮਿਸ਼ਨ ਬਣਿਆ ਸੀ, ਪਰ ਗਲਬਾਤ ਸਿਰੇ ਨਹੀਂ ਚੜ੍ਹੀ ਸੀ। ਹੁਣ ਰੂਪੋਸ਼ ਨਾਗਾ ਲੀਡਰਾਂ ਦੀ ਗਲਬਾਤ ਦਿਲੀ ਵਿਚ ਪ੍ਰਧਾਨ ਮੰਤਰੀ ਸ੍ਰੀ ਮਤੀ ਇੰਦਰਾ ਗਾਂਧੀ ਨਾਲ ਹੋਈ ਹੈ, ਪਰ ਗਲ ਫਿਰ ਸਿਰੇ ਨਹੀਂ ਚੜ੍ਹੀ। ਨਾਗਿਆਂ ਦੇ ਇਕ ਲੀਡਰ ਨੇ ਕਿਹਾ ਹੈ ਕਿ ਅਸੀਂ ਮੁਕੰਮਲ ਆਜ਼ਾਦੀ ਸਾਵਰਨ (ਖੁਦ-ਮੁਖਤਾਰ) ਸਟੇਟ ਤੋਂ ਘਟ ਤੇ ਨਹੀਂ ਮੰਨਾਂਗੇ। ਜਦ ਪੁਛਿਆ ਗਿਆ ਕਿ ਤੁਹਾਡੀ ਕੀ ਮੰਗ ਹੈ ਤਾਂ ਜਵਾਬ ਮਿਲਿਆ ਕਿ 'ਮੰਗ' ਦਾ ਸ਼ਬਦ ਹੀ ਗਲਤ ਹੈ, ਅਸੀਂ ਆਜ਼ਾਦ ਦੇਸ਼ ਸਾਂ ਤੇ ਹਾਂ ਤੇ ਰਹਾਂਗੇ। ਬਰਤਾਨੀਆਂ ਨੇ ਸਾਨੂੰ ਫਤਹ ਕਰਨ ਦਾ ਜਤਨ ਕੀਤਾ ਪਰ ਅਸੀਂ ਜੰਗੇ-ਆਜ਼ਾਦੀ ਲੜਦੇ ਰਹੇ ਤੇ ਹੁਣ ਤਕ ਲੜ ਰਹੇ ਹਾਂ।

* ਦਸ਼ਮੇਸ਼ ਜੀ ਦੇ ਵਲਾਇਤੋਂ ਆਏ ਸ਼ਸਤਰ ੭ ਫਰਵਰੀ ਨੂੰ ਸ੍ਰੀ ਅਕਾਲ ਤਖਤ ਅੰਮ੍ਰਿਤਸਰ ਪੁਜੇ। ਪੰਜਾਬ ਭਰ ਵਿਚ ਥਾਂ ਥਾਂ ਬਹੁਤ ਭਾਰੇ ਸੁਆਗਤ ਹੋਏ। ਫਿਰ ੧੫ ਫਰਵਰੀ ਨੂੰ ਸ੍ਰੀ ਅਕਾਲ ਤਖ਼ਤ ਤੋਂ ਚਲ ਕੇ ਦੁਰਗਿਆਣਾ ਮੰਦਰ ਠਹਿਰੇ ਤੇ ਉਥੋਂ ਚਲ ਕੇ ਬਾਕੀ ਪੰਜਾਬ ਵਿਚ ਹੁੰਦੇ ਹੋਏ ਤਖ਼ਤ ਸ੍ਰੀ ਕੇਸ ਗੜ੍ਹ ਅਨੰਦਪੁਰ ਸਾਹਿਬ ਪੁਜਣਗੇ।

* ਕੇਰਲ ਸੂਬੇ ਵਿਚ ਕੇਵਲ ਚਾਵਲ ਖਾਧੇ ਜਾਂਦੇ ਹਨ। ਪਿਛਲੀ ਸਾਵਣੀ ਦੇ ਫਸਲ ਵਿਚ ੬ ਕ੍ਰੋੜ ਬੋਰੀ ਚਾਵਲ ਦੇਸ਼ ਵਿਚ ਮੀਂਹ ਦੇ ਸੋਕੇ ਕਰਕੇ ਘਟ ਪੈਦਾ ਹੋਇਆ, ਜਿਸ ਕਰਕੇ ਕੇਰਲ, ਜਿਥੇ ਮਧੇ ਪ੍ਰਦੇਸ਼, ਮੈਸੂਰ, ਮਦਰਾਸ ਆਂਧਰਾ ਵਿਚੋਂ ਚਾਵਲ ਜਾਂਦਾ ਸੀ, ਕਾਲ ਦਾ ਸ਼ਿਕਾਰ ਹੋ ਗਿਆ। ਹਿੰਦ ਸਰਕਾਰ ਨੇ ਕੇਰਲ ਵਿਚ ੧੪੦ ਗਰਾਮ (ਲਗ ਪਗ ੩ ਛਟਾਂਕ) ਰੋਜ਼ ਦਾ ਰਾਸ਼ਨ ਨੀਯਤ ਕੀਤਾ ਹੈ। ਇਸ ਥੋੜੇ ਰਾਸ਼ਨ ਵਿਰੁਧ ਭਾਰੇ ਮੁਜ਼ਾਹਿਰੇ ਤੇ ਫਸਾਦ ਉਥੇ ਹੋਏ ਹਨ। ਟ੍ਰੀਵੇਂਡਰਮ (ਰਾਜਧਾਨੀ) ਤੇ ਹੋਰ ਸ਼ਹਿਰਾਂ ਵਿਚ ਬਸਾਂ ਸਾੜੀਆਂ ਤੇ ਟ੍ਰੇਨਾਂ ਤਬਾਹ ਕੀਤੀਆਂ ਗਈਆਂ ਹਨ। ਕਾਂਗਰਸ ਸੈਸ਼ਨ ਜੈਪੁਰ ਵਿਚ ੧੦ ਫਰਵਰੀ ਨੂੰ ਐਲਾਨ ਕੀਤਾ ਗਿਆ ਹੈ ਕਿ ਮਾਰਚ ਦੇ ਤੀਜੇ ਹਫਤੇ ਤਕ ਰਾਸ਼ਨ

੧੬੦ ਗ੍ਰਾਮ ਕਰ ਦਿਤਾ ਜਾਏਗਾ ਤੇ ਥਾਈਲੈਂਡ ਆਦਿ ਦੇਸ਼ਾਂ ਤੋਂ ਬਾਹਰੋਂ ਚਾਵਲ ਮੰਗਾਇਆ ਜਾਏਗਾ।

* ਤਾਸ਼ਕੰਦ ਸਮਝੌਤਾ, ਜੋ ੧੦ ਜਨਵਰੀ ਨੂੰ ਹੋਇਆ ਸੀ, ਉਤੇ ਅਜੇ ਤਕ ਨੇਕ ਨੀਤੀ ਨਾਲ ਹਿੰਦ ਤੇ ਪਾਕਿਸਤਾਨ ਵਲੋਂ ਅਮਲ ਹੋ ਰਿਹਾ ਹੈ। ਜੰਗ ਬਿਲਕੁਲ ਬੰਦ ਹੈ। ਫੌਜਾਂ ਪਿਛੇ ਹਟ ਗਈਆਂ ਹਨ, ਜੰਗੀ ਕੈਦੀਆਂ ਦੇ ਤਬਾਦਲੇ ਹੋ ਰਹੇ ਹਨ। ਆਪੋ ਵਿਚ ਗੱਡੀਆਂ ਤਾਰਾਂ ਟੈਲੀਫੋਨ ਤੇ ਹਵਾਈ ਸਰਵਿਸ ਦੇ ਸਬੰਧ ਵੀ ਚਾਲੂ ਹੋ ਚੁਕੇ ਹਨ। ਪਰੰਤੂ ਕਸ਼ਮੀਰ ਸੰਬੰਧੀ ਇਕ ਪਾਸਿਓਂ ਪ੍ਰਧਾਨ ਅਯੂਬ ਤੇ ਫਾਰਨ ਮਿਨਿਸਟਰ ਭੁਟੋ ਕਹਿ ਰਹੇ ਹਨ ਕਿ ਸਾਡਾ ਕਸ਼ਮੀਰ ਤੇ ਖਲਿਆਰ ਤੇ ਨੀਤੀ ਉਹੋ ਹੈ ਜੋ ਪਹਿਲੇ ਸੀ। ਇਧਰੋਂ ਸ: ਸੁਵਰਨ ਸਿੰਘ ਬਦੇਸ਼ ਮੰਤਰੀ ਨੇ ਕਿਹਾ ਹੈ ਕਿ ਸਾਡੀ ਪੋਜ਼ੀਸ਼ਨ ਵੀ ਬਦਲੀ ਨਹੀਂ। ਜੇ ਪੋਜ਼ੀਸ਼ਨਾਂ ਉਹੋ ਵਿਰੋਧੀ ਹੀ ਹਨ ਤਾਂ ਸਮਝੌਤਾ ਕੀ ਹੋਇਆ? ਪਰ ਇਨ੍ਹਾਂ ਬਿਆਨ ਦੇ ਦੇਂਦਿਆਂ ਵੀ ਤਾਸ਼ਕੰਦ ਸਮਝੌਤੇ ਤੇ ਅਮਲ ਹੋ ਰਿਹਾ ਹੈ ਤੇ ਜੰਮੂ ਤੇ ਹਾਜੀ ਪੀਰ ਤੋਂ ਫੌਜਾਂ ਵਾਪਸ ਹੋ ਹੀ ਗਈਆਂ ਹਨ।

* ਸਾਰੇ ਦੇਸ਼ ਵਿਚ ਫਰਵਰੀ ਦੇ ਦੂਜੇ ਹਫਤੇ ਸਰਦੀਆਂ ਦੀ ਬਾਰਿਸ਼ ਹੋ ਗਈ ਹੈ ਤੇ ਹਾੜ੍ਹੀ ਦੀ ਫਸਲ ਦੀ ਆਸ ਲੱਗ ਗਈ ਹੈ।

* ਹਿੰਦ ਦੇ ਚੀਫ ਔਫ ਜਨਰਲ ਸਟਾਫ ਜਨਰਲ ਚੌਧਰੀ ੧੦ ਜੂਨ ਨੂੰ ਰੀਟਾਇਰ ਹੋ ਰਹੇ ਹਨ। ਉਨ੍ਹਾਂ ਦੀ ਥਾਂ ਜਨਰਲ ਕੁਮਾਰਾ ਮੰਗਲਮ ਚੀਫ ਬਨਣਗੇ।

* ਰੂਸ ੪ ਫਰਵਰੀ ਨੂੰ 'ਲਿਊਨਾ ੯' ਨਾਮੀ ਪੁਲਾੜੀ ਜਹਾਜ਼ ਚੰਨ ਤੇ ਮਲਕੜੇ ਜਹੇ ਉਤਾਰਨ ਵਿਚ ਕਾਮਯਾਬ ਹੋ ਗਿਆ ਹੈ। ਮਲਕੜੇ ਉਤਰਨ ਦੇ ਕਾਰਨਾਮੇ ਤੇ ਰੂਸ ਪੁਲਾੜੀ ਦੌੜ ਵਿਚ ਅਮਰੀਕਾ ਨਾਲੋਂ ਅਗੇ ਵਧ ਗਿਆ ਹੈ। ਹੁਣ ਚੰਨ ਤੇ ਆਦਮੀ ਉਤਾਰਨ ਦਾ ਰਾਹ ਦਿਸ ਪਿਆ ਹੈ। ਜਹਾਜ਼ ਨੇ ਟੈਲੀਵੀਜ਼ਨ ਰਾਹੀਂ ਤਸਵੀਰਾਂ ਭੇਜੀਆਂ ਹਨ, ਜਿਨ੍ਹਾਂ ਤੋਂ ਸਹੀ ਹੁੰਦਾ ਹੈ ਕਿ ਚੰਨ ਉਪਰ ਪੋਲੀ ਧੂੜ ਦੀ ਤਹਿ ਕੁਝ ਇੰਚ ਹੀ ਹੈ ਤੇ ਬਹੁਤ ਮੋਟੀ ਨਹੀਂ, ਜਿਸ ਕਰਕੇ ਉਤਰਨ ਵਾਲਾ ਜਹਾਜ਼ ਵਿਚ ਹੀ ਧੱਸ ਜਾਏ। ਇਹ ਵੀ ਪਤਾ ਲਗਾ ਹੈ ਕਿ ਚੰਨ ਦੇ ਤਲ ਤੇ ਜੁਆਲਾ ਮੁਖੀ ਪਹਾੜਾਂ ਦੇ ਮੂੰਹੇ ਹਨ ਤੇ ਪੱਥਰ ਦੀਆਂ ਧਾਰਾਂ ਵਿਚ ਸੋਨੇ ਦੀ ਮਿਲਾਵਟ ਵਾਲੀਆਂ ਰਗਾਂ ਵੀ ਹਨ।

* ਦਖਣੀ ਵੀਤਨਾਮ ਦੀ ਮਦਦ ਅਮਰੀਕਾ ਕਰ ਰਿਹਾ ਹੈ, ਜਿਸ ਉਤੇ ਉਤਰੀ ਵੀਤਨਾਮ ਨੇ ਹਮਲਾ ਕੀਤਾ ਹੋਇਆ ਸੀ। ਅਮਰੀਕਾ ਨੇ ਸੁਲਹ ਦਾ ਵਾਤਾਵਰਣ ਬਨਾਣ ਲਈ ਦਸੰਬਰ ਦੇ ਆਖਰੀ ਹਫਤੇ ਤੋਂ ਉਤਰੀ ਵੀਟ ਤੇ ਬੰਬਾਰੀ ਬੰਦ ਕੀਤੀ ਹੋਈ ਸੀ, ਪਰ ਸੁਲਹ ਵਾਲਾ ਅਸਰ ਨਹੀਂ ਹੋਇਆ। ਸੋ ਹੁਣ ੧-੨-੬੬ ਤੋਂ ਹੋਰ ਜ਼ੋਰ ਨਾਲ ਬੰਬਾਰੀ ਸ਼ੁਰੂ ਕਰ ਦਿਤੀ ਗਈ ਹੈ। ਉਤਰੀ ਵੀਟ ਦੀ ਮਦਦ ਚੀਨ ਤੇ ਰੂਸ ਕਰ ਰਹੇ ਹਨ। ਰੂਸ ਸਮੁੰਦਰ ਰਾਹੀਂ ਹਵਾਈ ਜਹਾਜ਼, ਮਿਜ਼ਾਈਲ ਤੇ ਹੋਰ ਸਮਾਨ ਭੇਜ ਰਿਹਾ ਹੈ। ਅਮਰੀਕਾ ਇਸ ਸਮੁੰਦਰੀ ਰਾਹ ਦੀ ਵੀ ਨਾਕਾਬੰਦ ਕਰਨ ਤੇ ਵਿਚਾਰ ਕਰ ਰਿਹਾ ਹੈ।

---o---

* ਸੰਤ ਸਿਪਾਹੀ ਵਿਚ ਹਰ ਮਹੀਨੇ ਤੁਹਾਨੂੰ ਤੇ ਤੁਹਾਡੇ ਪ੍ਰਵਾਰ ਨੂੰ ਗੁਰਬਾਣੀ ਦੇ ਅਰਥ ਦੇ ਭਾਵ-ਅਰਥ ਭੇਟਾ ਕਰਕੇ ਸਤਿਗੁਰਾਂ ਦੇ ਅਧਿਆਤਮਕ ਉਪਦੇਸ਼ ਦਾ ਰਸ ਦਿਤਾ ਜਾਂਦਾ ਹੈ।
* ਸੰਤ ਸਿਪਾਹੀ ਵਿਚ ਆਪ ਨੂੰ ਸਿਖ ਧਰਮ ਨਾਲ ਵਾਕਫੀ ਕਰਾਈ ਜਾਂਦੀ ਹੈ ਤੇ ਇਤਿਹਾਸ ਪਿਛੇ ਜੋ ਸਪਿਰਿਟ ਕੰਮ ਕਰਦੀ ਰਹੀ ਹੈ, ਉਸ ਨੂੰ ਸਿਖਾਂ ਵਿਚ ਜੀਵਤ ਰਖਣ ਦੀ ਕੋਸ਼ਸ਼ ਕੀਤੀ ਜਾਂਦੀ ਹੈ।
* ਗਲ ਕੀ ਸੰਤ ਸਿਪਾਹੀ ਨੂੰ ਸਿਖ ਕੌਮ ਦਾ ਹਰ-ਪਖੀ ਆਰਗਨ ਬਨਾਣ ਦਾ ਜਤਨ ਕੀਤਾ ਜਾਂਦਾ ਹੈ। ਆਪ ਪੜ੍ਹੋ ਤੇ ਹੋਰਨਾਂ ਨੂੰ ਪੜ੍ਹਾਓ। ਚੰਦਾ ਦੇਸ਼ ੭) ਰੁਪੈ ਪ੍ਰਦੇਸ਼ ੧੦) ਰੁਪੈ

ਲਾਈਫ ਮੈਂਬਰੀ ਫੀਸ ਦੇਸ਼ ੧੦੦) ਰੁਪੈ ਪ੍ਰਦੇਸ਼ ੧੫੦) ਰੁਪੈ

ਮੈਨੇਜਰ: ਸੰਤ ਸਿਪਾਹੀ, ਗੇਟ ਮਹਾਂ ਸਿੰਘ, ਅੰਮ੍ਰਿਤਸਰ।

'ਸੰਤ ਸਿਪਾਹੀ' ਬਚਿਆਂ ਦੇ ਸਫੇ

ਛਿੰਦੀ ਲਛੋ (ਕਿਸ਼ਤ ਦੂਜੀ)

ਪਿਆਰੇ ਸੰਤ ਸਿਪਾਹੀ ਬਚਿਓ !

ਸਤਿ ਸ੍ਰੀ ਅਕਾਲ ! ਪਿਛਲੇਰੇ ਪਰਚੇ ਵਿਚ ਤੁਹਾਨੂੰ ਬਚਿਆਂ ਦਾ ਇਕ ਨਾਵਲ ਸੁਨਾਣਾ ਸ਼ੁਰੂ ਕੀਤਾ ਸੀ ਜਿਸ ਦਾ ਨਾਂ ਸੀ, 'ਛਿੰਦੀ ਲਛੋ' । ਗੁਲਾਬੋ ਦੀ ਇਕ ਨਿਕੀ ਜਹੀ ਪਿਆਰੀ ਬਚੀ ਏ, 'ਲਛੋ' । ਉਸ ਦਾ ਪਿਓ ਨਿਹਾਲ ਸਿੰਘ ਸੇਵਾ ਭਾਵ ਵਾਲਾ ਸਿਖ ਏ । ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਦਿਨ ਗੁਰਦੁ-ਆਰੇ ਮਨਾਇਆ ਜਾਣਾ ਸੀ ਤੇ ਉਹ ਪ੍ਰਭਾਤ ਵੇਲੇ ਦਾ ਲੰਗਰ ਦੀ ਸੇਵਾ ਵਿਚ ਲਗਾ ਹੋਇਆ ਸੀ । ਸ਼ਾਮ ਨੂੰ ਗੁਲਾਬੋ ਰੋਟੀਆਂ ਪਕਾ ਕੇ ਵੇਹਲੀ ਹੋਈ, ਤਾਂ ਲਛੋ ਨੂੰ ਲੈ ਕੇ ਗੁਰਦੁਆਰੇ ਦੀਵਾਨ ਵਿਚ ਪੁਜੀ । ਲਛੋ ਨੂੰ ਵੀ ਗੁਰਦੁਆਰੇ ਜਾਣ ਦੀ ਬੜੀ ਉਡੀਕ ਲਗੀ ਹੋਈ ਸੀ, ਉਹ ਨਿਕੀ ਜਹੀ ਸੀ ਪਰ ਬੜੀਆਂ ਸਿਆਣੀਆਂ ਗਲਾਂ ਕਰਦੀ ਸੀ, ਇਸ ਲਈ ਪਿੰਡ ਵਿਚ ਸਭ ਉਸ ਨੂੰ ਪਿਆਰ ਕਰਦੇ ਸਨ ।

ਫਿਰ ਬਚਿਓ ! ਤੁਹਾਨੂੰ ਸੁਣਾਇਆ ਸੀ ਕਿ ਕਿਵੇਂ ਕਾਲਾ ਸਿੰਘ ਜ਼ੈਲਦਾਰ ਜੋ ਧਰਮ ਮਰਯਾਦਾ ਦੇ ਭਾਵ ਵਾਲਾ ਗੁਰਸਿਖ ਸੀ, ਗੁਰਦੁਆਰੇ ਵਿਚ ਮੁੰਡਿਆਂ ਖੁੰਡਿਆਂ ਨੂੰ ਰੌਲਾ ਪਾਣੋਂ ਤੇ ਹੀਰ ਬਾਲੋ ਦੀ ਤਰਜ਼ ਦੇ ਗੀਤ ਸੁਨਣ ਸੁਨਾਨੋਂ ਵਰਜ ਕੇ ਰਖਦਾ ਸੀ । ਫਿਰ ਦੀਵਾਨ ਦੀ ਸਮਾਪਤੀ ਹੋਈ ਤੇ ਅਰਦਾਸਾ ਸੋਧਿਆ ਗਿਆ । ਬੁਕ ਭਰ ਭਰ ਕੇ ਕੜਾਹ ਪ੍ਰਸ਼ਾਦ ਵਰਤਾਇਆ ਗਿਆ, ਜਿਹੜਾ ਅਜ ਕਲ ਚੁਟਕੀ ਚੁਟਕੀ ਵਰਤਾ-ਇਆ ਜਾਂਦਾ ਹੈ । ਫਿਰ ਆਤਸ਼ਬਾਜ਼ੀ ਚਲੀ । ਇਕ ਹਵਾਈ ਚਲ ਕੇ ਕੋਲ ਹੀ ਡਿਗ ਪਈ ਸੀ ਜਿਸ ਨੂੰ ਫੜਨ ਲਈ ਬਚੇ ਨਸੇ ਸਨ । ਉਸ ਨੂੰ ਲਛੋ ਚੁਕ ਕੇ ਨਸੀ ਪਰ ਬੇਧਿਆਨੀ ਵਿਚ ਉਸ ਦੀ ਚੁੰਨੀ ਨੂੰ ਅਗ ਲਗ ਗਈ ਸੀ । ਇਹ ਵੇਖ ਕੇ ਗੁਲਾਬੋ ਨੇ ਇਕ ਮੁੰਡੇ 'ਮਹਿੰਦਰ' ਨੂੰ ਦੁਹਾਈ ਦਿਤੀ ਕਿ ਲਛੋ ਨੂੰ ਫੜੇ । ਪਰ ਲਛੋ ਨੇ ਸਮਝਿਆ ਕਿ ਇਹ ਮੈਥੋਂ ਹਵਾਈ ਖੋਹਣ ਆਇਆ ਏ, ਸੋ ਉਹ ਚੁੰਨੀ ਸੁਟ ਕੇ ਹੋਰ ਜ਼ੋਰ ਦੀ ਨਸੀ ਤੇ ਅਗੋਂ ਚੁਲ੍ਹੇ ਵਿਚ ਡਿਗ ਪਈ ਜਿਥੇ ਭਾਈ ਨੇ ਥੋੜਾ ਚਿਰ ਹੋਇਆ ਕੜਾਹ ਪ੍ਰਸ਼ਾਦ ਬਣਾਇਆ ਸੀ । ਲਛੋ ਨੂੰ ਚੁਲ੍ਹੇ ਵਿਚ ਡਿਗਦਿਆਂ ਵੇਖ ਕੇ ਉਸ ਦੀ ਮਾਂ ਦੀ ਚੀਕ ਨਿਕਲੀ, "ਹਾਏ ਲੋਕੋ ! ਮੇਰੀ ਲਛੋ ਸੜ ਗਈ" ਤੇ ਗਸ਼ ਖਾ ਕੇ ਉਹ ਡਿਗ ਪਈ ਸੀ । ਲੋਕ ਚੁਲ੍ਹੇ ਵਲ ਨੱਸ ਉਠੇ ਸਨ । ਹੁਣ ਅਗੇ ਸੁਣੋ :–

(੨)

ਸ: ਨਿਹਾਲ ਸਿੰਘ ਦਾ ਵੇਹੜਾ ਖਚਾ ਖੱਚ ਤ੍ਰੀਮਤਾਂ ਨਾਲ ਭਰਿਆ ਪਿਆ ਸੀ । ਗੁਲਾਬੋ ਇਕ ਮੰਜੇ ਤੇ ਬੈਠੀ ਹੋਈ ਸੀ ਤੇ ਇਕ ਜਣੀ ਉਸ ਦਾ ਸਿਰ ਘੁਟ ਰਹੀ ਸੀ । ਗੁਲਾਬੋ ਦੀ ਸੁਰਤ ਪਰਤ ਪਈ ਸੀ ਤੇ ਉਸ ਦੇ ਦੁਆਲੇ ਉਸ ਨੂੰ ਧਰਵਾਸ ਦੁਵਾਣ ਲਈ ਇਸ ਤਰ੍ਹਾਂ ਦੀਆਂ ਗਲਾਂ ਹੋ ਰਹੀਆਂ ਸਨ :–

"ਹਾਏ ਹਾਏ ! ਨੀ ਗੁਲਾਬੋ ਭੈੜੀਏ ! ਧੀ ਦੇ ਵੈਰਾਗ ਵਿਚ ਤੂੰ ਤਾਂ ਮਰ ਮੁਕ ਹੀ ਚਲੀ ਸੈਂ । ਉਸ ਦਾ ਵਾਲ ਵਿੰਗਾ ਵੀ ਨਹੀਂ ਹੋਇਆ ।"

"ਹਾਹੋ ਨੀ ਬਿਸੀਏ ! ਰੱਬ ਨਾ ਕਰਾਂਦਾ, ਕੁੜੀ ਜੇ ਭੜਥਾ ਹੋ ਜਾਂਦੀ ਤਾਂ ਏਣ ਕੋਈ ਬਚਣਾ ਸੀ ।"

"ਨੀ, ਤੁਸੀਂ ਇਹ ਆਖੋ, ਭਲਾ ਹੋਵੇ ਭਾਈ ਜੀ ਦਾ ਜਿੰਨ੍ਹ ਚੁਲ੍ਹੇ ਵਿਚੋਂ ਅੱਗ ਉਸੇ ਵੇਲੇ ਬੁਝਾ ਦਿਤੀ । ਜਦ ਕੜਾਹ ਪ੍ਰਸ਼ਾਦ ਵਾਲਾ ਕੜ੍ਹਾਹਾ ਹੇਠ ਉਤਾਰਿਆ । ਨਹੀਂ ਤੇ ਖੌਰੇ ਕੀ ਬਣਦਾ ।"

"ਬਨਣਾ ਕੀ ਸੀ ? ਕੁੜੀ ਉਂ ਭੁਜ ਜਾਂਦੀ ਤੇ

ਗੁਲਾਬੋ ਨੇ ਓਂ ਮਰ ਜਾਣਾ ਸੀ।''

''ਬਾਗਰੂ, ਬਾਗਰੂ ਆਖੋ ਨੀ ਭੈੜੀਓ, ਮੇਰੇ ''ਸਿੰਘ ਜੀ'' ਦੀ ਗੁਲਾਬੋ ਰਬਾ ਜੀਉਂਦੀ ਰਹੇ। ਹਰਨੀ ਬਰਗੀ ਨਾਰ ਉਐ। ਬੇਖੋ ਕਿਮਾਂ ਕਲਮ ਬਰਗਾਨਕੁ, ਮਿਰਗਾਂ ਬਰਗੀਆਂ ਅੱਖਾਂ ਤੇ ਕਸ਼ਮੀਰ ਦੇ ਸੇ ਬਰਗਾ ਰੰਗ ਪੜਿਐ । ਤੁਸੀਂ ਕਹੋਂਗੀਆਂ ਮਲਬੈਨ ਕੂੜ ਬੋਲਦੀ ਪਰ ਸਹੀ ਕਰੋ ਤਾਂ ਨਿਰੀ ਪੀਰਾਂ ਕੋਟਲੀ ਬਿਚੋਂ ਈ ਨਹੀਂ ਸਮਾਂ ਸਾਰੇ ਲਾਇਲਪੁਰ ਦੇ ਜਿਲੇ ਬਿਚੋਂ ਟੋਲਿਆਂ ਏਹਾ ਜਹੀ ਨਾਰ ਨਾ ਲਝੇ ਥੋਨੂੰ!''

''ਤੂੰ ਠੀਕ ਕਿਹੈ ਬਲਬੈਨੇਂ, ਪਰ ਧੀ ਕਿਹੜੀ ਘਟ ਸੂ, ਉਹਨੂੰ ਵੀ ਤੇ ਰੂਪ ਰੱਬ ਨੇ ਰੱਜ ਕੇ ਦਿਤਾ ਏ। ਛੁਲ ਛੁਲ ਕਰਦੀ ਫਿਰਦੀ ਹਰ ਇਕ ਨੂੰ ਪਿਆਰੀ ਲਗਦੀ ਏ।''

ਇਹ ਗਲ ਬੇਬੇ ਨਿਹਾਲੋ ਦੇ ਮੂੰਹੋਂ ਸੁਣ ਕੇ ਬਿਸੋ ਝਟ ਬੋਲ ਪਈ, ''ਮਾਂ! ਪਿਆਰੀਆਂ ਤੇ ਮਾਵਾਂ ਧੀਆਂ ਦੋਵੇਂ ਲਗਦੀਆਂ ਨੇ। ਇਹਨਾਂ ਤੇ ਤਾਂ ਪੰਛੀ ਡਿਗਦੇ ਨੇ ਪੰਛੀ।''

''ਫੋਟ ਦੱਦੇ ਮਗਾਉਣੀ, ਕਿਹੋ ਜਹੀਆਂ ਗਲਾਂ ਕਰਣ ਲਗ ਗਈ। ਸ਼ਰਮ ਨਹੀਂ ਆਉਂਦੀ ਨਿਕੇ ਨਿਕੇ ਜਵਾਨ ਖੜੇ ਐ, ਤੇ ਲਗ ਗਈ ਤੂੰ ਜਵਾਕਾਂ ਵਿਚ ਹੀ ਪੰਛੀ ਗੇਰਣ। ਖੌਰੇ ਜਮਾਨੇ ਨੂੰ ਕੀ ਹੁੰਦਾ ਜਾਂਦਾ। ਨਿਕੇ ਬਡੇ ਦੀ ਕੋਈ ਸ਼ਰਮ ਹੀ ਨਹੀਂ ਰਹੀ। ਲੈ ਬੋਲ! ਅਖੇ ਪੰਛੀ ਗਿਰਦੇ ਐ । ਕਾਉਂ ਬਰਗੀ ਨੂੰ ਪੁਛੇ ਤੇਰੇ ਤੇ ਤਾਂ ਨੇੜਾ ਬੀ ਨਹੀਂ ਗਿਰਦਾ ਹੋਣਾ।''

ਜਾ ਇਉਂ ਗੁਸੇ ਨਾਲ ਮਲਵੈਨ ਨੇ ਬਿਸੋ ਨੂੰ ਝਾੜ ਪਾਉਂਦਿਆਂ ਉਸ ਦੇ ਕਾਲੇ ਸ਼ਾਹ ਰੰਗ ਤੇ ਟਕੋਰ ਲਾਈ ਤਾਂ ਸਾਰੀਆਂ ਜਨਾਨੀਆਂ ਖਿੜ ਖਿੜਾ ਕੇ ਹੱਸ ਪਈਆਂ। ਗੁਲਾਬੋ ਤੋਂ ਵੀ ਨਾ ਰਿਹਾ ਗਿਆ ਤੇ ਉਹ ਵੀ ਹੱਸ ਪਈ ।

ਬੇਬੇ ਨਿਹਾਲੋ ਨੂੰ ਤੌਖਲਾ ਹੋਇਆ ਕਿ ਕਿਧਰੇ ਹਾਸੇ ਹਾਸੇ ਵਿਚ ਹੀ ਗਲ ਵਧ ਨਾਂ ਜਾਵੇ। ਇਸ ਲਈ ਉਸ ਨੇ ਗਲ ਪਰਤਾਣ ਲਈ ਗੁਲਾਬੋ ਤੋਂ ਪੁਛਿਆ, ''ਅਣੀਏ ਗੁਲਾਬੋ! ਭਲਾ ਇਹ ਤੇ ਦੱਸ ਚੁਲ੍ਹੇ ਡਿਗਣੀ ਲਛੋ ਹਈ ਕਿਥੇ ?''

''ਔਹ ਵੇਖਾਂ ਬੇਬੇ ਰਜਾਈ ਵਿਚ ਵੜੀ ਹੋਈ'', ਗੁਲਾਬੋ ਨੇ ਉਤਰ ਦਿਤਾ।

''ਪਰ ਕੁੜੇ! ਤੂੰ ਇਹਦਾ ਨਾਂ ਕੀ ਭੈੜਾ ਜਿਹਾ 'ਲਛੋ' ਰਖ ਦਿਤਾ ਹੋਇਆ ਏ?'' ਬੇਬੇ ਨਿਹਾਲੋ ਨੇ ਦੂਸਰਾ ਸਵਾਲ ਕੀਤਾ।

ਗੁਲਾਬੋ ਕਹਿਣ ਲਗੀ, ''ਮਾਂ ਜੀ ਇਹ ਨਾਂ ਇਹਦਾ ਮੈਂ ਨਹੀਂ ਰਖਿਆ। ਇਸ ਦਾ ਨਾਂ ਤਾਂ ਮੈਂ 'ਛਬੇਗ ਕੌਰ' ਰਖਿਆ ਸੀ। ਛਿੰਦੀ ਹੋਣ ਕਰਕੇ ਇਸਨੂੰ ਸਾਰੇ 'ਛਿੰਦੋ' ਕਹਿਣ ਲਗ ਪਏ। ਫੇਰ ਤੈਨੂੰ ਪਤਾ ਏ ਨਾ, ਕਿ ਪਿੰਡ ਵਿਚ ਰੁੜ੍ਹ ਗਿਆ ਕੋਈ ਨਾਂ ਕੋਈ ਕਲੰਦਰ ਮਛੰਦਰ ਆਇਆ ਹੀ ਰਹਿੰਦਾ ਏ । ਏਥੇ ਹਰ ਭੁਖੇ ਨੰਗੇ ਨੂੰ ਰੋਟੀ ਟੱਲਾ ਜੁ ਮਿਲ ਜਾਂਦਾ ਹੋਇਆ । ਇਕ ਦਿਨ ਇਕ ਬਾਂਦਰ ਨਚਾਉਣ ਵਾਲਾ ਪਿੰਡ ਵਿਚ ਆ ਗਿਆ। ਉਸ ਨੇ ਬਾਂਦਰੀ ਦਾ ਨਾਂ 'ਲਛੋ' ਰਖਿਆ ਹੋਇਆ ਸੀ। ਉਸ ਕੋਲੋਂ ਉਸ ਨੇ ਬਹੁਤ ਤਮਾਸ਼ੇ ਕਰਾਏ। ਕਦੇ ਬਾਂਦਰੀ ਨੂੰ ਬਕਰੀ ਦੀ ਪਿਠ ਤੇ ਚੜ੍ਹਾ ਕੇ ਆਖੇ, 'ਲਛੋ ਪੇਕੇ ਚਲੀ, ਸ਼ਾਵਾ ਲਛੋ ਪੇਕੇ ਚਲੀ', ਇਹੋ ਜਹੀਆਂ ਹਸਾਉਣੀਆਂ ਗਲਾਂ ਕਰ ਕਰ ਕੇ ਉਸ ਬੜੇ ਤਮਾਸ਼ੇ ਕੀਤੇ । ਇਹ ਰੁੜ੍ਹ ਗਈ ਤਮਾਸ਼ਾ ਵੇਖ ਆਈ। ਬਸ ਉਸ ਦੀ ਨਕਲ ਹੀ ਉਤਾਰ ਕੇ ਲੈ ਆਈ। ਇਹਦੇ ਪਿਉ ਦੇ ਧਰਮ ਭਰਾ ਦਾ ਮੁੰਡਾ, ਮਿੰਦਰ, ਇਸ ਨਾਲੋਂ ਦੋ ਕੁ ਸਾਲ ਵਡਾ ਹੈ । ਉਹ ਸਾਡੇ ਖੇਡਣ ਆਇਆ ਰਹਿੰਦਾ ਹੈ। ਉਹ ਆਇਆ ਕਰੇ ਤੇ ਇਹ ਉਸ ਦੀ ਪਿੱਠ ਤੇ ਚੜ੍ਹ ਕੇ ਬੋਲਣ ਲਗ ਜਾਇਆ ਕਰੇ। ''ਸ਼ਾਵਾ ਲਛੋ ਪੇਕੇ ਚਲੀ, ਸ਼ਾਵਾ ਲਛੋ ਪੇਕੇ ਚਲੀ', ਬਸ ਉਸ ਨੇ ਇਸ ਦਾ ਨਾਂ ਹੀ 'ਲਛੋ' ਰਖ ਦਿਤਾ। ਜੋ ਪਕ ਹੀ ਗਿਆ। ਬੇਬੇ ਏਸ ਕੁੜੀ ਦੀਆਂ ਤੈਨੂੰ ਕੀਹ ਕੀਹ ਦਸਾਂ। ਇਸ ਨੇ ਤੇ ਜਿਸ ਦਿਨ ਦਾ ਟੁਰਨਾ ਫਿਰਨਾ ਸਿਖਿਆ। ਉਸ ਦਿਨ ਤੋਂ ਹੀ ਮੈਨੂੰ ਖਪਾ ਮਾਰਿਆ ਏ। ਸਾਡੇ ਪਿੰਡ ਵਿਚੋਂ ਇਹ ਤਿੰਨ ਚਾਰ ਕੁੜੀਆਂ ਤੇ ਮਾਹੀ ਮੁੰਡੇ ਨੇ। ਇਕ ਇਹ ਹੋਈ ਸਾਡੀ, ਦੂਜੀ ਨਾਈਆਂ ਦੀ ਮਿੰਦਰੋ ਤੀਜੀ ਮਲਵੈਣ ਦੀ ਕਾਲੋ ਤੇ ਚੌਥੀ ਪਟਵਾਰੀਆਂ ਦੀ ਤਾਰੋ । ਇਹ ਜਦੋਂ ਵੇਖੋ ਮੁੰਡਿਆਂ ਵਾਲੀਆਂ ਹੀ ਖੇਡਾਂ ਖੇਡਦੀਆਂ ਹੋਣ-ਗੀਆਂ । ਜੰਡ ਪਰਾਮਲ, ਗੁਲੀ ਡੰਡਾ, ਖਿਦੋ ਖੂੰਡੀ, ਰਾਜੇ ਦੀ ਘੋੜੀ ਤੇ ਹੋਰ ਸੜ ਜਾਣੀਆਂ ਕਿੰਨੀਆਂ ਖੇਡਾਂ। ਮੈਨੂੰ ਤੇ ਪੂਰੇ ਨਾਂ ਵੀ ਨਹੀਂ ਆਉਂਦੇ।'' ਗੁਲਾਬੋ ਗਲ ਤੋਰੀ ਗਈ, ''ਇਹ ਸਾਡੀ ਲਛੋ ਸਾਰੀਆਂ

ਦੀ ਆਗੂ ਏ। ਪਤਾ ਨਹੀਂ ਇਹਨੇ ਬਚਨਾਂ ਵੀ ਏਂ ਕਿ ਨਹੀਂ। ਮੈਨੂੰ ਤੇ ਹਰ ਵੇਲੇ ਇਹੋ ਹੀ ਤੌਖਲਾ ਲਗਾ ਰਹਿੰਦਾ ਏ। ਇਹ ਗਲਾਂ ਹੀ ਇਹੋ ਜਹੀਆਂ ਕਰਦੀ ਏ, ਜਿਵੇਂ ਏਨੇ ਛੇਤੀ ਮਰ ਜਾਣਾ ਹੁੰਦਾ ਸੂ।ਗੁਰੂ ਘਰ ਦਾ ਪਿਆਰ ਤੇ ਸਿਖੀ ਸ਼ਰਧਾ ਇਹ ਨਿਕੀ ਜਹੀ ਵਿਚ ਹੀ ਜਾਗ ਪਈ ਏ। ਸਵੇਰੇ ਉਨਾਂ ਚਿਰ ਰੋਟੀ ਨਹੀਂ ਖਾਂਦੀ ਜਿੰਨਾਂ ਚਿਰ ਨਠਕੇ ਗੁਰਦਵਾਰੇ ਮਥਾ ਨਾ ਟੇਕ ਆਵੇ।

ਗੁਲਾਬੋ ਰੁਕੀ ਨਾਂ, "ਪਿਛਲੇ ਦਸਮ ਪਾਤਸ਼ਾਹ ਦੇ ਗੁਰਪੁਰਬ ਤੇ ਅੰਮ੍ਰਿਤ ਪਰਚਾਰ ਹੋਇਆ ਸੀ। ਤੈਨੂੰ ਮੈਂ ਦਸਿਆ ਏ ਨਾਂ ਕਿ ਸਾਡੀ ਲਛੋ ਦੇ ਪਿਉ ਦੇ ਧਰਮ ਭਰਾ ਦਾ ਮੁੰਡਾ ਮਿੰਦਰ ਬਹੁਤ ਕਰਕੇ ਸਾਡੇ ਹੀ ਰਹਿੰਦਾ ਹੈ ਤੇ ਇਹ ਦੋਵੇਂ ਭੈਣ ਭਰਾ ਖੇਡਦੇ ਰਹਿੰਦੇ ਹਨ। ਉਹ ਵੀ ਮੁੰਡਾ ਬੇਬੇ ਕੋਈ ਰੱਬ ਦਾ ਰੂਪ ਹੀ ਹੈ। ਜੇ ਕੋਈ ਮੰਗਤਾ ਉਹਨਾਂ ਦੇ ਬੂਹੇ ਆ ਜਾਵੇ, ਤਾਂ ਉਹ ਅੜੀ ਕਰਕੇ ਬੈਠ ਜਾਂਦਾ ਹੈ ਕਿ ਇਸ ਨੂੰ ਜ਼ਰੂਰ ਖ਼ੈਰ ਪਾਵੋ ਖਾਲੀ, ਹਥ ਨਾ ਟੋਰੋ। ਗੁਰਦਵਾਰੇ ਦੀ ਸੇਵਾ ਦਾ ਕੋਈ ਨਿਕਾ ਮੋਟਾ ਕੰਮ ਹੋਵੇ ਤਾਂ ਖੁਸ਼ ਹੋ ਨੱਸ ਨੱਸ ਪਿਆ ਕਰੇਗਾ। ਉਸ ਮੁੰਡੇ ਨੇ ਪਿਛਲੇ ਗੁਰਪੁਰਬ ਤੇ ਅੜੀ ਕਰ ਕੇ ਅੰਮ੍ਰਿਤ ਵੀ ਛੱਕ ਲਿਆ ਹੈ। ਘਰ ਦਿਆਂ ਬਥੇਰਾ ਆਖਿਆ ਕਿ ਤੂੰ ਅਜੇ ਨਿਕਾ ਹੈਂ, ਤੈਥੋਂ ਰਹਿਤ ਨਹੀਂ ਰਖੀ ਜਾਣੀ ਪਰ ਉਹ ਨਾਂ ਹੀ ਮੰਨਿਆ ਤੇ ਕਹਿਣ ਲਗਾ, ਮੈਂ ਰਹਿਤ ਰਖ ਲਵਾਂਗਾ ਤੇ ਸਚ ਮੁਚ ਹੀ ਉਸ ਨੇ ਰਹਿਤ ਰਖ ਵਖਾਈ ਹੈ। ਨਿਕਾ ਜਿਹਾ ਕਛਹਿਰਾ ਨਿਕੀ ਜਹੀ ਗਾਤਰੇ ਕਿਰਪਾਨ ਪਾਈ ਹੋਈ ਸੂ। ਛੋਟਾ ਜਿਹਾ ਤਿਆਰ ਬਰ ਤਿਆਰ ਸਿੰਘ ਵੇਖਣ ਵਾਲੇ ਨੂੰ ਮੋਹ ਲੈਂਦਾ ਹੈ। ਜਿਹੜੇ ਉਹਦੇ ਹਾਣੀ ਪਹਿਲਾਂ ਪਹਿਲਾਂ ਉਸ ਨੂੰ ਹੁਜਤਾਂ ਕਰਦੇ ਸਨ। ਹੁਣ ਉਹ ਵੀ ਉਸ ਨੂੰ ਵੇਖਕੇ ਅੰਮ੍ਰਿਤ ਛਕਣ ਲਈ ਤਿਆਰ ਹੋਏ ਫਿਰਦੇ ਨੇ। ਸਾਡੀ ਲਛੋ ਤਾਂ ਉਦੋਂ ਦੀ ਹੀ ਕਾਹਲੀ ਪਈ ਹੈ—ਅੰਮ੍ਰਿਤ ਛਕਣ ਵਾਸਤੇ। ਉਹਦੇ ਕਾਹਲਪੁਣੇ ਦੀ ਤੈਨੂੰ ਗਲ ਸੁਣਾਵਾਂ ਤਾਂ ਤੂੰ ਹੈਰਾਨ ਹੀ ਹੋ ਜਾਵੇਂ।

ਗੁਲਾਬੋ ਬੋਲੀ ਗਈ, "ਪਹਿਲੇ ਦਿਨ ਅੰਮ੍ਰਿਤ ਛਕ ਕੇ ਜਦੋਂ ਮਹਿੰਦਰ ਸਾਡੇ ਘਰ ਆਇਆ ਤਾਂ ਲਛੋ ਉਸ ਨੂੰ ਕਹਿਣ ਲਗੀ। ਆ ਵੇ ਮਿੰਦਰਾ ਖੇਡੀਏ। ਮਿੰਦਰ ਅਗੋਂ ਉਹਨੂੰ ਉਡ ਕੇ ਪਿਆ, ਕਹਿਣ ਲਗਾ, 'ਖਬਰਦਾਰ ਲਛੋ, ਮੇਰਾ ਅਧਾ ਨਾਉਂ ਸਦਿਆ ਤੇ। ਮੈਂ ਹੁਣ ਸਿੰਘ ਸਜ ਗਿਆ ਹਾਂ। ਮੈਨੂੰ 'ਮਹਿੰਦਰ ਸਿੰਘ' ਸਦਿਆ ਕਰ। ਲਛੋ ਵੀ ਅਗੋਂ ਕੜਕ ਕੇ ਬੋਲੀ ਤੂੰ ਵੀ ਖਬਰਦਾਰ! ਜੇ ਮੇਰਾ ਨਾਂ 'ਲਛੋ' ਸਦਿਆ ਤੇ। ਤੂੰ ਵੀ ਮੈਨੂੰ 'ਲਛੋ ਸਿੰਘੀ' ਬੁਲਾਇਆ ਕਰ। ਅਗੋਂ ਮਿੰਦਰ ਨੇ ਜਵਾਬ ਦਿਤਾ ਲੈ ਤੂੰ ਕਿਹੜਾ ਅੰਮ੍ਰਿਤ ਛਕਿਆ ਏ। ਅੰਮ੍ਰਿਤ ਛਕਾਉਣ ਵਾਲੇ ਸਿੰਘ ਸਾਹਿਬ ਜੀ ਕਹਿੰਦੇ ਸਨ। ਜਿਨ੍ਹੇ ਸਿਖ ਹੋ ਕੇ ਅੰਮ੍ਰਿਤ ਨਾ ਛਕਿਆ ਹੋਵੇ, ਉਹ ਕੱਚਾ ਪਿਲਾ ਹੁੰਦਾ ਏ, ਤੇ ਤੂੰ ਵੀ ਅਜੇ ਕੱਚੀ ਪਿਲੀ ਏਂ।

'ਏਥਾਂ ਵਡਾ ਆਇਆ! ਮੈਂ ਹੁਣੇ ਅੰਮ੍ਰਿਤ ਛਕ ਆਉਂਦੀ ਹਾਂ ਆਪਣੇ ਭਾਪਾ ਜੀ ਨੂੰ ਨਾਲ ਲੈਕੇ'। ਇਹ ਗਲ ਮਿੰਦਰ ਨੂੰ ਕਹਿਕੇ ਲਛੋ ਭਜੀ ਭਜੀ ਆਪਣੇ ਭਾਪਾ ਜੀ ਦੇ ਕੋਲ ਆ ਗਈ। ਉਹ ਉਸ ਦਿਨ ਘਰੇ ਬੈਠੇ ਸਨ ਤੇ ਲਛੋ ਤੇ ਮਿੰਦਰ ਦੀਆਂ ਗਲਾਂ ਸੁਣਕੇ ਹਸ ਰਹੇ ਸਨ। ਆ ਕੇ ਕਹਿਣ ਲਗੀ! 'ਚਲੋ ਭਾਪਾ ਜੀ ਮੈਨੂੰ ਅੰਮ੍ਰਿਤ ਛਕਾ ਲਿਆਵੋ।'

'ਅਛਾ ਪੁਤਰ! ਆਉਣ ਵਾਲੇ ਗੁਰਪੁਰਬ ਤੇ ਤੈਨੂੰ ਵੀ ਅੰਮ੍ਰਿਤ ਛਕਾ ਦਿਆਂਗੇ।' ਲਛੋ ਦਾ ਸਿਰ ਪਲੋਸਦਿਆਂ ਹੋਇਆਂ ਲਛੋ ਦੇ ਭਾਪੇ ਦੇ ਆਖਿਆ।

ਪਰ ਲਛੋ ਕਿਹੜੀ ਮੰਨਣ ਵਾਲਿਆਂ ਵਿਚੋਂ ਸੀ। ਉਹ ਤਾਂ ਰੋਣ ਹੀ ਲਗ ਗਈ। ਲਛੋ ਦਾ ਭਾਪਾ ਉਠਕੇ ਬਾਹਰ ਚਲਾ ਗਿਆ। ਮੈਨੂੰ ਕਹਿਣ ਲਗਾ 'ਇਸ ਨੂੰ ਕੁਝ ਨਾ ਆਖੀਂ। ਨਿਆਣੀ ਏਂ, ਆਪੇ ਰੋ ਰਾ ਕੇ ਚੁਪ ਕਰ ਰਹੇਗੀ'। ਲਛੋ ਕਿੰਨਾ ਚਿਰ ਰੋਂਦੀ ਰਹੀ। ਮੈਂ ਬਥੇਰਾ ਸਮਝਾਇਆ ਕਿ ਅੰਮ੍ਰਿਤ ਤਿਆਰ ਕਰਨ ਵਾਸਤੇ ਪੰਜਾਂ ਪਿਆਰਿਆ ਦਾ ਜਥਾ ਆਉਂਦਾ ਹੈ। ਉਹ ਅੰਮ੍ਰਿਤ ਤਿਆਰ ਕਰਦੇ ਹਨ। ਐਵੇਂ ਝਟ ਪਟ ਅੰਮ੍ਰਿਤ ਤਿਆਰ ਨਹੀਂ ਹੋ ਜਾਂਦਾ। ਪਰ ਲਛੋ ਚੁਪ ਹੀ ਨਾ ਕਰੇ। ਮੈਂ ਖਿਝ ਗਈ ਤੇ ਗੁਸੇ ਨਾਲ ਆਖਿਆ, 'ਹਛਾ ਚੰਗਾ ਨਹੀਂ ਚੁਪ ਕਰਦੀ ਤੇ ਜਾ ਡੁਬ ਮਰ'।

ਇਹ ਗਲ ਕਹਿਕੇ ਮੈਂ ਤਾਂ ਆਪਣੇ ਧੰਦੇ ਲਗ ਗਈ ਤੇ ਲਛੋ ਮਲਕੜੇ ਬਾਹਰ ਨਿਕਲ ਗਈ। ਮੈਂ ਕਾੜ੍ਹਨੀ ਵਿਚ ਗੋਹੇ ਭੰਨ ਭੰਨ ਪਾ ਰਹੀ ਸਾਂ ਕਿ ਬਾਹਰੋਂ

ਮਿੰਦਰ ਦਾ ਬਾਪੂ ਭਜਾ ਭਜਾ ਆਇਆ ਕਹਿਣ ਲਗਾ, 'ਭਾਬੀ ! ਭਾਬੀ !'

ਮੈਂ ਕਿਹਾ, 'ਕੀ ਗਲ ਏ ਰੂੜ ਸਿਆਂ ?'

ਉਹ ਕਹਿਣ ਲਗਾ, 'ਲਛੋ ਕਿਥੇ ਈ ?'

'ਲਛੋ ! ਐਥੇ ਕਿਧਰੇ ਹੋਵੇਗੀ, ਹੁਣੇ ਐਥੇ ਖਲੋਤੀ ਸੀ, ਕਿਉਂ ਕੀ ਗਲ ਏ ਰੂੜ ਸਿੰਘਾ' ? ਮੈਂ ਆਖਿਆ ।

'ਤਾਂ ਫੇਰ ਭਾਬੀ ਲਛੋ ਖੂਹ ਵਿਚ ਡਿਗ ਪਈ ਆ' । ਐਨੀ ਗਲ ਕਹਿ ਉਹ ਖੂਹ ਵਲ ਨਸ ਉਠਿਆ ਤੇ ਮੇਰੀਆਂ ਅਖਾਂ ਅਗੇ ਸਰ੍ਹੋਂ ਫੁਲ ਗਈ । ਲਛੋ ਦਾ ਭਾਪਾ ਉਸ ਨੂੰ ਨਸੇ ਜਾਂਦੇ ਨੂੰ ਬੂਹੇ ਅਗੋਂ ਮਿਲ ਪਿਆ । ਉਹ ਵੀ ਉਸ ਦੇ ਨਾਲ ਖੂਹ ਨੂੰ ਨਸ ਉਠਿਆ । ਰੂੜ ਸਿੰਘ ਉਸ ਨੂੰ ਦਸਦਾ ਜਾਵੇ ਕਿ 'ਮੈਂ ਕੋਠੇ ਤੇ ਖਲੋਤਾ ਸਾਂ ਜਦੋਂ ਮੈਂ ਲਛੋ ਨੂੰ ਖੂਹ ਦੀ ਮਣ੍ਹ ਤੇ ਖੜਿਆ ਵੇਖਿਆ । ਉਸ ਨੂੰ ਦਬਕਾ ਮਾਰਿਆ ਤੇ ਛੇਤੀ ਛੇਤੀ ਕੋਠੇ ਤੋਂ ਹੇਠਾਂ ਉਤਰਿਆ । ਆ ਕੇ ਵੇਖਿਆ ਤਾਂ ਲਛੋ ਖੂਹ ਤੇ ਨਹੀਂ ਸੀ । ਮੈਂ ਸਮਝਿਆ ਘਰ ਚਲੀ ਗਈ ਹੋਵੇਗੀ । ਘਰੋਂ ਪਤਾ ਕੀਤਾ ਹੈ, ਤਾਂ ਉਹ ਘਰ ਨਹੀਂ ਗਈ । ਬਸ ਖੂਹ ਵਿਚ ਹੀ ਡਿਗ ਪਈ ਲਗਦੀ ਹੈ' ਤੇ......

ਅਜੇ ਅਗੋਂ ਗੁਲਾਬੋ ਕੁਝ ਕਹਿਣ ਹੀ ਲਗੀ ਸੀ ਤਾਂ ਮਲਵੈਣ ਬੋਲੀ । ਨੀਂ ਗਲਾਂ ਦੀਏ ਗਲਾਧੜੇ ਤੂੰ ਤਾਂ ਲੈਕਚਰ ਹੀ ਸ਼ੁਰੂ ਕਰ ਦਿਤਾ ਹੈ ਤੇ "ਸਿੰਘ ਜੀ" ਆ ਰਹੇ ਨੀਂ । ਉਹਨਾਂ ਗੁਸੇ ਹੋਣਾ ਏਂ, ਕਹਿਣਗੇ, "ਆਪ ਵੀ ਤੇ ਜਵਾਕਾਂ ਨੂੰ ਵੀ ਉਨੀਂਦਰੇ ਮਾਰ ਰਹੀਆਂ ਹੋ । ਸੋ ਅਸੀਂ ਚਲਦੀਆਂ ਹਾਂ ।"

ਗੁਲਾਬੋ ਕਹਿਣ ਲਗੀ, "ਚੰਗਾ ਭੈਣਾਂ ! ਚਲੋ ਹੁਣ ਅਗਲੀ ਗਲ ਮੈਂ ਤੁਹਾਨੂੰ ਕਲ ਤ੍ਰਿੰਜਣ ਵਿਚ ਰਾਤ ਨੂੰ ਸੁਣਾ ਦਿਆਂਗੀ"

(ਚਲਦਾ)

ਰੱਬ ਦਾ ਤਕੀਆ

ਇਕ ਸਾਈਂ ਲੋਕ ਨੇ ਰੋਟੀ ਖਾਣ ਲਈ ਇਕ ਧਨਾਢ ਤੋਂ ਦੋ ਆਨੇ ਮੰਗੇ । ਧਨਾਢ ਜਿਹਰਾਂ ਦੇ ਘਰ ਵਿਚ ਸੀ ਉਸ ਨੇ ਚਾਰ ਆਨੇ ਦੇ ਦਿਤੇ । ਸਾਈਂ ਲੋਕ ਨੇ ਦੋ ਆਨੇ ਮੋੜ ਦਿਤੇ ।

ਧਨਾਢ ਨੇ ਪੁਛਿਆ, 'ਦੋ ਆਨੇ ਮੋੜ ਕਿਉਂ ਦਿਤੇ ?'

"ਅਜ ਦੀ ਰੋਟੀ ਲਈ ਦੋ ਆਨੇ ਹੀ ਕਾਫੀ ਸਨ", ਜਵਾਬ ਮਿਲਿਆ ।

"ਬਾਕੀ ਕਲ ਵਾਸਤੇ ਰਖ ਲੈਣੇ ਸਨ ।"

ਫਕੀਰ ਨੇ ਕਿਹਾ, "ਮੂਰਖਾ ! ਕਲ ਰਬ ਮਰ ਜਾਏਗਾ ਜੋ ਰੋਜ਼ੀ ਨਾ ਦਏਗਾ ।"

ਧਨਾਢ ਨੇ ਕਿਹਾ, ਮੂਰਖ ਤਾਂ ਤੂੰ ਹੈਂ, ਜੋ ਕਲ ਦਾ ਫਿਕਰ ਨਹੀਂ ਕਰਦਾ । ਤਾਈਓਂ ਤਾਂ ਗਰੀਬ ਹੈਂ ਤੇ ਦੂਜਿਆਂ ਤੋਂ ਮੰਗਦਾ ਫਿਰਦਾ ਹੈਂ ।"

ਫਕੀਰ ਨੇ ਉਤਰ ਦਿਤਾ, "ਤੁਸਾਂ ਕਲ ਦਾ ਫਿਕਰ ਕਰਨ ਵਾਲਿਆਂ ਕਰਕੇ ਹੀ ਅਸੀਂ ਗਰੀਬ ਹਾਂ, ਨਹੀਂ ਤਾਂ ਰੱਬ ਨੇ ਸਾਰਿਆਂ ਲਈ ਰਿਜ਼ਕ ਪੈਦਾ ਕਰ ਦਿਤਾ ਹੈ । ਤੁਹਾਨੂੰ ਉਸ ਤੇ ਯਕੀਨ ਨਹੀਂ, ਇਸ ਲਈ ਤੁਸੀਂ ਵਾਧੂ ਜਮ੍ਹਾਂ ਕਰ ਕੇ ਲੁਕਾ ਰਖਦੇ ਹੋ । ਤੁਹਾਥੋਂ ਮੰਗਣਾ ਇਸੇ ਲਈ ਪੈਂਦਾ ਹੈ ਕਿ ਤੁਸਾਂ ਆਪਣੇ ਹਿਸੇ ਤੋਂ ਵਧ ਸਾਂਭਿਆਂ ਹੋਇਆ ਹੈ ਤੇ ਅਸੀਂ ਤੁਹਾਥੋਂ ਖੋਹ ਨਹੀਂ ਸਕਦੇ । ਅਸੀਂ ਇਸੇ ਲਈ ਮੂਰਖ ਹਾਂ ।"

ਜਿਨ੍ਹਾਂ ਤਕੀਆ ਰੱਬ ਦਾ ਤਿਨ੍ਹਾਂ ਰਿਜ਼ਕ ਹਮੇਸ਼ ।
ਪਲੇ ਰਿਜਕ ਨ ਬੰਨ੍ਹਦੇ ਪੰਛੀ ਤੇ ਦਰਵੇਸ਼ ।

ਹੇਨੇ ਹੇਨੇ ਮੀਰੀ

ਸਫ਼ਾ ੪੬ ਦੀ ਬਾਕੀ

ਨਾ ਹੋਈ। ਅੱਠ ਮਹੀਨੇ ਇਹੋ ਹਾਲ ਰਿਹਾ। ਸਿਆਲ ਵੀ ਲੰਘ ਗਿਆ। ਹੋਲੇ ਮਹੱਲੇ ਤੇ ਅਨੰਦਪੁਰ ਸਾਹਿਬ ਬੜਾ ਭਾਰਾ ਪੰਥਕ ਇਕੱਠ ਹੋਇਆ ਤਾਂ ਉਥੋਂ ਚੜ੍ਹ ਕੇ ਸਭ ਸਿੰਘ ਨਕੋਦਰ ਪਾਸ ਦੁਰਾਨੀਆਂ ਉਪਰ ਜਾ ਪਏ। ਸਿੰਘਾਂ ਨੇ ਅਜੇਹੀ ਕਟਾਵਢ ਕੀਤੀ ਕਿ ਦੁਰਾਨੀਆਂ ਦੇ ਪੈਰ ਉਖੜ ਗਏ। ਸਿੰਘ ਉਨ੍ਹਾਂ ਨੂੰ ਲਾਹੌਰ ਤਕ ਦਬਾ ਲੈ ਗਏ। ਪਰ ਉਥੋਂ ਸਿੰਘ ਮੁੜ ਆਏ ਤੇ ਫਿਰ ਆਪੋ ਆਪਣੇ ਇਲਾਕਿਆਂ ਵਿਚ ਜਾ ਵੜੇ।

ਤਹਿਮੂਰ ਸ਼ਾਹ ਨੇ ਇਸ ਵੇਰਾਂ ਨਵੀਂ ਨੀਤੀ ਅਪਣਾਈ। ਭਾਵੇਂ ਉਸ ਨੇ ਫੌਜਾਂ ਚਾੜ੍ਹ ਕੇ ਸਿਖਾਂ ਨੂੰ ਸਤਲੁਜੋਂ ਪਾਰ ਕਰ ਦਿਤਾ ਸੀ ਪਰ ਉ ਜਾਣਦਾ ਸੀ ਕਿ ਸਿਖਾਂ ਦੇ ਇਲਾਕੇ ਉਹ ਕਾਬੂ ਨਹੀਂ ਰਖ ਸਕਦਾ ਸੀ। ਇਸ ਲਈ ਉਸ ਨੇ ਉਤਰ ਪਛਮ ਤੋਂ ਲੈ ਕੇ ਦਖਣ ਪਛਮ ਤਕ ਪਹਾੜਾਂ ਨੇ ਨਾਲ ਨਾਲ ੨੦ ਕਿਲ੍ਹੇ ਉਸਰਵਾਏ। ਉਪਰੋਂ ਸੁਲਤਾਨ ਪੁਰ ਗਖੜਾਂ ਰੋਹਤਾਸ ਕਾਲਿਆਂ ਬਾਗਾਂ ਦੇ ਦਰੇ ਵਿਚ ਕਿਲ੍ਹੇ ਉਸਰਵਾਏ ਜੱਬੀ ਚੋਹਾ-ਸੈਦਨ-ਸ਼ਾਹ ਤੋਂ ਥਲੇ ਰੋਖੜੀ ਮੁਲਤਾਨ ਤਕ ਦਖਣ ਵਿਚ ਪਕਿਆਈ ਕਰਦਾ ਚਲਾ ਗਿਆ। ਮੰਗਲਾ ਦੇਵੀ ਦੇ ਪਹਾੜ ਤੋਂ ਲੈ ਕੇ ਮੁਲਤਾਨ ਤਕ ਪੰਜ ਪੰਜ ਦਸ ਦਸ ਕੋਹ ਉਤੇ ਮਜ਼ਬੂਤ ਚੌਂਕੀਆਂ ਤੇ ਗੜ੍ਹੀਆਂ ਪੁਆ ਕੇ ਆਪਣੇ ਮੁਲਕ ਤੇ ਪੰਜਾਬ ਦੇ ਮੁਲਕ ਦੀ ਹੱਦ ਬੰਨ੍ਹ ਲਈ। ਇਸ ਹੱਦ ਵਿਚ ਉਹ ਸਿਖਾਂ ਦਾ ਦਖਲ ਉੱਕਾ ਰੋਕਣਾ ਚਾਹੁੰਦਾ ਸੀ। ੯-੧੦ ਮਹੀਨਿਆਂ ਵਿਚ ਉਹ ਸਿਖਾਂ ਨੂੰ ਤਾਬੇਦਾਰੀ ਨਹੀਂ ਮੰਨਾ ਸਕਿਆ ਸੀ, ਤੇ ਸਿਖ ਵੀ ਉਸ ਨੂੰ ਆਪਣੇ ਇਲਾਕਿਆਂ ਵਿਚੋਂ ਨਹੀ ਖਦੇੜ ਸਕੇ ਸਨ। ਅੰਤ ਫੈਸਲਾ ਇਸ ਗਲ ਤੇ ਹੋਇਆ ਕਿ ਸਿੰਘ ਸਰਦਾਰ ਉਸ ਦੇ ਇਲਾਕੇ ਦੀ ਹੱਦ, ਜੋ ਉਸ ਕਾਇਮ ਕੀਤੀ ਸੀ, ਮੰਨ ਲੈਣ ਤੇ ਪਰੇ ਪਰੇ ਹੀ ਰਹਿਣ। ਮਿਸਲਦਾਰ ਸਰਦਾਰ ਵੀ ਅੱਕੇ ਪਏ ਸਨ, ਉਨ੍ਹਾਂ ਨੇ ਇਹ ਗੱਲ ਮੰਨ ਕੇ ਦਸਖਤ ਕਰ ਦਿਤੇ। ਤਦ ਰਾਜ਼ੀ ਨਾਮੇ ਅਨੁਸਾਰ ਤਹਿਮੂਰ ਸ਼ਾਹ ਨੇ ਲਾਹੌਰੋਂ ਕਾਬਲ ਵੱਨੀ ਕੂਚ ਕਰ ਦ ਤਾ।

ਪਰ ਆਮ ਸਿੰਘ ਤਾਂ ਇਕ ਪਾਸਿਓਂ ਕਾਬਲ ਕੰਧਾਰ ਤੇ ਗਜ਼ਨੀ ਅਤੇ ਦੂਜੇ ਪਾਸਿਓਂ ਦਿਲੀ ਆਗਰਾ ਤੇ ਕਲਕਤਾ ਕਾਂਸ਼ੀ ਤਕ ਮਾਰਾਂ ਮਾਰਨ ਦੀਆਂ ਵਿਓਂਤਾਂ ਬਣਾਂਦੇ ਰਹਿੰਦੇ ਸਨ। ਸਗੋਂ ਇਸ ਤੋਂ ਵਧ ਕੇ ਬਲਖ਼ ਬੁਖਾਰਾ ਤੇ ਸ਼ਾਮ ਰੋਮ ਤਕ ਖਿਆਲਾਂ ਦੇ ਘੋੜੇ ਫੇਰ ਆਉਂਦੇ ਸਨ। ਉਹ ਕੋਈ ਹੱਦ ਮੰਨਣ ਨੂੰ ਕਦ ਤਿਆਰ ਹੁੰਦੇ ਸਨ? ਮਿਸਲਦਾਰਾਂ ਦੀ ਤਲਬ ਵਿਚ ਵੀ ਜਿਹੜੇ ਸਿੰਘ ਸਨ, ਉਹ ਵੀ ਨਾਰਾਜ਼ ਸਨ। ਇਸ ਲਈ ਤਹਿਮੂਰ ਸ਼ਾਹ ਦੀ ਵਾਪਸੀ ਉਤੇ ਸਰਦਾਰਾਂ ਤੋਂ ਪੁਛੇ ਬਿਨਾਂ ਹੀ ਸਿੰਘ ਦੁਰਾਨੀਆਂ ਦੇ ਮਗਰ ਲਗ ਤੁਰੇ। ਉਨ੍ਹਾਂ ਨੂੰ ਦੇਖ ਕੇ ਹੋਰ ਜਥੇ ਵੀ ਨਾਲ ਲਗ ਪਏ। ਜਦ ਇਹ ਵਹੀਰ ਮਗਰ ਪੈ ਗਿਆ ਤਾਂ ਫੇਰ ਕੌਣ ਅਟਕੇ? ਜਿਹੜਾ ਅਟਕੇ ਓਹੀ ਪੰਥ ਖਾਲਸੇ ਵਲੋਂ ਬੇਮੁਖ ਤੇ ਤਨਖਾਹੀਆ। ਸੋ ਸਰਦਾਰਾਂ ਨੂੰ ਵੀ ਸਾਥੀ ਹੋਣਾ ਪਿਆ। ਸਾਰਿਆਂ ਨੇ ਝਨਾਓਂ ਟਪਦਿਆਂ ਹੀ ਤਹਿਮੂਰ ਨੂੰ ਜਾ ਘੇਰਿਆ। ਨਾ ਉਸ ਨੂੰ ਆਰਾਮ ਨਾਲ ਤੁਰਨ ਦੇਣ ਨਾ ਉਸ ਦੇ ਨਾਲ ਖਲੋ ਕੇ ਲੜਨ। ਚੁਫੇਰਿਓਂ ਹੱਲੇ ਉੱਤੇ ਹੱਲਾ ਕਰ ਕਰ ਦੁਰਾਨੀਆਂ ਨੂੰ ਭੌਂਦਲਾ ਦਿਤਾ। ਜਦ ਕੁਝ ਦਿਨ ਇਉਂ ਬੀਤੇ ਤੇ ਬਹੁਤੇ ਦੁਰਾਨੀ ਮਰੇ ਅਤੇ ਬਹੁਤੇਰੇ ਜ਼ਖਮੀ ਹੋਏ, ਤਾਂ ਉਹ ਰਾਤ ਬਰਾਤੇ ਨਸਣ ਲਗੇ।

ਆਪਣੀ ਫੌਜ ਵਿਚ ਦਹਸ਼ਤ ਦੇਖ ਤਹਿਮੂਰ ਘਬਰਾਇਆ। ਉਸ ਦੀ ਮਦਦ ਤੇ ਦਸ ਹਜ਼ਾਰ ਸਵਾਰ ਜੰਗੀ ਖਾਂ ਦਾ ਜੋ ਜੰਮੂ ਆਦਿ ਰਿਆਸਤਾਂ ਤੋਂ ਕੱਰ ਉਗ੍ਰਾਹੁਣ ਗਿਆ ਸੀ ਤੇ ਅਠ ਕੁ ਹਜ਼ਾਰ ਰੁਹਤਾਸ ਤੋਂ ਬੁਲੰਦ ਖਾਂ ਦਾ ਪਹੁੰਚ ਪਿਆ, ਜਿਸ ਕਰਕੇ ਉਸ ਦੀ ਫੌਜ ਤਿਤਰ ਬਿਤਰ ਹੋਣ ਤੋਂ ਬਚ ਗਈ। ਤਹਿਮੂਰ ਪਿਸ਼ਾਵਰ ਜਾ ਠਹਿਰਿਆ ਤੇ ਸਿੰਘ ਦੁਰਾਨੀਆਂ ਦੇ ਛਡੇ ਖੇਮਿਆਂ, ਕੈਂਪਾਂ, ਘੋੜੇ, ਬੰਦੂਕਾਂ ਤੋਪਾਂ ਨੂੰ ਸੰਭਾਲਦੇ ਮੁੜ ਆਪਣੇ ਪਰਗਨਿਆਂ ਉਤੇ ਆ ਕਾਬਜ਼ ਹੋਏ।

(੬)

ਤਹਿਮੂਰ ਸ਼ਾਹ ਪਿਸ਼ਾਵਰ ਤੋਂ ਕਾਬਲ ਤਕ ਦੰਦ ਪੀਂਹਦਾ ਗਿਆ । ਏਡੇ ਭਾਰੇ ਲਸ਼ਕਰ ਦੀ ਜਮੱਈਅਤ ਤੇ ਸਾਲ ਭਰ ਦੀ ਉਸ ਦੀ ਮੇਹਨਤ ਐਵੇਂ ਗਈ ਸੀ। ਜਿਹੜੇ ਫੌਜਦਾਰ ਉਹ ਪਿਛੇ ਛੱਡ ਆਇਆ ਸੀ, ਉਨ੍ਹਾਂ ਦਾ ਹਾਲ ਉਸ ਤੋਂ ਚੰਗਾ ਨਹੀਂ ਹੋ ਸਕਦਾ ਸੀ ਜੋ ਉਸਦਾ ਆਪਣਾ ਹੋਇਆ ਸੀ। ਉਸਦਾ ਤੌਖਲਾ ਸੱਚਾ ਸੀ। ਉਸ ਦੇ ਗਏ ਪਿਛੋਂ ਸਰਦਾਰ ਝੰਡਾ ਸਿੰਘ 'ਭੰਗੀ' ਮਿਸਲਦਾਰ ਨੇ ਮੁਜ਼ੱਫਰ ਖਾਂ ਸੂਬੇਦਾਰ ਨੂੰ ਮੁਲਤਾਨ ਵਿਖੇ ਜਾ ਘੇਰਿਆ ਤੇ ਉਸ ਨੂੰ ਉਥੋਂ ਕੱਢ ਇਲਾਕੇ ਦਾ ਦੌਰਾ ਕੀਤਾ। ਕੋਟ ਕਮਾਲੀਆ, ਅਹਿਮਦਾ-ਬਾਦ ਝੰਗ, ਥੱਲ ਸ਼ਾਹਪੁਰ ਆਦਿ ਮੁਕਾਮਾਂ ਤੇ ਰਈਸਾਂ ਤੋਂ ਨਜ਼ਰਾਨੇ ਲੈ ਕੇ ਉਨ੍ਹਾਂ ਨੂੰ ਤਾਬੇਦਾਰੀ ਮਨਾਈ।

ਦੂਜੇ ਪਾਸੇ ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਏ ਤੇ ਗੁਜਰ ਸਿੰਘ ਭੰਗੀ ਸਰਦਾਰ ਨੇ ਧੰਨੀ ਪੋਠੋਹਾਰ, ਗੁਜਰਾਂ ਵਾਲੇ ਗੁਜਰਾਤ ਦੇ ਇਲਾਕੇ ਵਿਚ ਜਾ ਦਿਖਾਲੀ ਦਿਤੀ। ਇਨ੍ਹਾਂ ਇਲਾਕੇ ਦਿਆਂ ਚੌਧਰੀਆਂ ਜਵਾਹਿਰਖਾਂ, ਗੁਰਗਾਂ ਵਾਲੇ ਤੁਰਟ ਰਾਜਪੂਤ, ਚੌਧਰੀ ਰਾਮੇ ਚੱਢੇ, ਕਾਲੇ ਦੇ ਗੁਜਰਾਂ, ਚੌਧਰੀ ਅਲੀ ਮੁਹੰਮਦ ਖਾਂ ਗੁਜਰ, ਸੁਲਤਾਨ ਅਮਰੇ, ਗਖੜਾਂ ਨੂੰ ਨਾਲ ਮਿਲਾਇਆ। ਰੁਹਤਾਸ ਦੇ ਫੌਜਦਾਰ, ਬਲੰਦ ਖਾਂ ਨੂੰ ਹੱਥ ਪੈਰ ਪੈ ਗਏ । ਇਨ੍ਹਾਂ ਚੌਧਰੀਆਂ ਹੱਥੀਂ ਉਸ ਨਾਲ ਸ਼ਾਹ ਦੀ ਬਧੀ ਹੱਦ ਪਕੀ ਕਰਨ ਦੇ ਅੈਹਦ-ਪੈਮਾਨ ਪਕੇ ਕਰਨ ਦਾ ਸੁਨੇਹਾ ਭੇਜਿਆ ਗਿਆ। ਬੁਲੰਦ ਖਾਂ ਵੀ ਘਾਗ ਸੀ, ਉਸ ਨੇ ਮੁਲਾਕਾਤ ਸਮੇਂ ਸਿੰਘਾਂ ਨੂੰ ਦਾਅ ਥਲੇ ਲਿਆ ਕੇ ਮਾਰਨ ਦੀ ਵਿਓਂਤ ਬਣਾਈ ਤੇ ਚੌਧਰੀਆਂ ਨੂੰ ਆਪਣੇ ਨਾਲ ਗੰਢਣ ਦੀ ਕੋਸ਼ਸ਼ ਕੀਤੀ। ਚੌਧਰੀਆਂ ਨੂੰ ਆਪਣੇ ਭਲੇ ਬੁਰੇ ਦੀ ਸੂਝ ਸੀ। ਉਹ ਮਚਲੇ ਹੋ ਰਹੇ ਤੇ ਪਤਾ ਨਾ ਲਗਣ ਦਿਤਾ ਕਿ ਉਨ੍ਹਾਂ ਦਾ ਲਾਭ ਸਰਦਾਰ ਚੜ੍ਹਤ ਸਿੰਘ ਦੇ ਨਾਲ ਰਹਿਣ ਵਿਚ ਹੈ। ਸੋ ਚੌਧਰੀਆਂ ਨੇ ਗਲ ਗਿਣ ਕੇ ਕਾਟਵੀਂ ਚਾਲ ਚਲੀ। ਕਿਲ੍ਹੇ ਰੁਹਤਾਸ ਵਿਚ ਮੁਲਾਕਾਤ ਮੁਕੱਰਰ ਕਰ ਆਏ ।

ਜਵਾਹਿਰਖਾਂ ਚੌਧਰੀ ਨੇ ਸਰਦਾਰ ਚੜ੍ਹਤ ਸਿੰਘ ਨੂੰ ਦਸਿਆ, "ਕੇਵਲ ਪੰਜ ਸੌ ਦੀ ਗਾਰਦ ਨਾਲ ਆਪ ਨੇ ਜਾਣਾ ਹੈ ਤੇ ਸੌ ਕੁ ਆਦਮੀ ਅਸਾਂ ਦੇ ਨਾਲ ਹੋਣਗੇ। ਕਿਲ੍ਹੇ ਅਤੇ ਇਲਾਕੇ ਰੁਹਤਾਸ ਦੀ ਰਾਖੀ ਲਈ ੭-੮ ਹਜ਼ਾਰ ਸਿਪਾਹ ਬੁਲੰਦ ਖਾਂ ਪਾਸ ਹੈ ਜੋ ਖਿੰਡੀ ਹੋਈ ਹੈ। ਉਸ ਦੀ ਨੀਯਤ ਹੈ ਕਿ ਆਪ ਸਭ ਨੂੰ ਕਿਲ੍ਹੇ ਵਿਚ ਲਿਆ ਕੇ ਫੜ ਲਿਆ ਜਾਵੇ ਤੇ ਜੋ ਸਾਹਮਣੇ ਹੋਵੇ ਮਾਰ ਮੁਕਾਇਆ ਜਾਵੇ । ਉਸ ਨੇ ਸਾਨੂੰ ਵੀ ਨਾਲ ਰਲਾਣ ਦਾ ਇਸ਼ਾਰਾ ਕੀਤਾ ਤਾਂ ਮੈਂ ਇਕੱਲੇ ਨੇ ਉਸ ਨਾਲ ਗਲ ਕੀਤੀ ਤੇ ਤੁਹਾਡੇ ਖਿਲਾਫ ਗਲਾਂ ਕਰਕੇ ਉਸ ਨੂੰ ਭਰੋਸਾ ਵਿਚ ਲੈ ਲਿਆ ਹੈ।"

ਸਰਦਾਰ ਚੜ੍ਹਤ ਸਿੰਘ—ਫਿਰ?

ਚੌਧਰੀ ਜਵਾਹਿਰ ਖਾਂ—ਫਿਰ ਕੀ ਉਸ ਨੇ ਦਸਿਆ ਕਿ ਮੈਂ ਕਿਸੇ ਤਰ੍ਹਾਂ ਤੁਹਾਡੇ ਨਾਲ ਜੋ ੫੦੦ ਸਿੰਘ ਜਾਣ ਉਨ੍ਹਾਂ ਨੂੰ ਕਿਲ੍ਹੇ ਵਿਚੋਂ ਬਾਹਰ ਕਰ ਦਿਆਂ, ਤਾਂ ਕੰਮ ਹੋਰ ਵੀ ਸੌਖਾ ਹੋ ਜਾਏ। ਮੈਂ ਹਾਂ ਕਰ ਦਿਤੀ ਤੇ ਹੁਣ ਸਾਰਾ ਭੇਤ ਤੁਹਾਨੂੰ ਦੇ ਰਿਹਾ ਹਾਂ।

ਸਰਦਾਰ—ਹੁਣ ਕੀ ਕਰਨਾ ਚਾਹੀਦਾ ਹੈ?

ਚੌਧਰੀ—ਚੋਰੀ ਛੱਪੀ ਆਪਣੀ ਸਿਪਾਹ ਪੁਜਦੀ ਕਰਨੀ ਚਾਹੀਦੀ ਹੈ, ਹੋਰ ਕੀ?

ਸਰਦਾਰ—(ਕੁਝ ਚਿਰ ਵਿਚਾਰ ਕਰਕੇ) ਮੈਂ ਤੇ ਸਰਦਾਰ ਗੁਜਰ ਸਿੰਘ ਪੰਜ ਸੌ ਸਵਾਰਾਂ ਨਾਲ ਪਰਸੋਂ ਉਥੇ ਪੁਜਾਂਗੇ, ਪਰ ਸਾਡੀ ਸਿਪਾਹ ਭੇਸ ਬਦਲ ਕੇ ਖੱਡਾਂ ਵਿਚੋਂ ਹੁੰਦੇ ਹੋਏ ਚੋਹੇ ਵਲ ਪੁਜ ਜਾਣਗੇ। ਜੇ ਕਿਲ੍ਹੇ ਦਾ ਚੋਹੇ ਦਾ ਦਰਵਾਜ਼ਾ ਖੁਲ੍ਹਾ ਮਿਲ ਜਾਏ ਤਾਂ ਕੰਮ ਰਾਸ ਹੋ ਜਾਏ।

ਚੌਧਰੀ—ਤਾਂ ਫਿਰ ਮੈਂ ਆਪ ਦੀ ਗਾਰਦ ਲਈ ਇਜਾਜ਼ਤ ਲੈ ਦਿਆਂਗਾ ਕਿ ਉਹ ਚੋਹੇ ਦੇ ਦਰਸ਼ਨਾਂ ਲਈ ਚੋਹੇ ਵਾਲੇ ਦਰਵਾਜ਼ੇ ਥਾਣੀ ਬਾਹਰ ਆ ਸਕਣ। ਖੱਡਾਂ ਵਾਲੇ ਪਾਸੇ ਦਾ ਦਰਵਾਜ਼ਾ ਉਹ ਖੋਲ੍ਹਣ ਦੀ ਇਜਾਜ਼ਤ ਖੁਸ਼ੀ ਨਾਲ ਦੇ ਦੇਵੇਗਾ। ਫਿਰ ਮੈਂ ਉਸ ਨੂੰ ਸਮਝਾ ਦਿਆਂਗਾ ਕਿ ਗਾਰਦ ਦਾ ਧਿਆਨ ਲਾਂਭੇ ਪਾਣ ਲਈ ਇਹ ਚੰਗੀ ਵਿਓਂਤ ਹੈ। ਫਿਰ ਜਦ ਮਰਜ਼ੀ ਏ ਦਰਵਾਜ਼ਾ ਬੰਦ ਕਰਕੇ ਅੰਦਰ ਦੇ ਅੰਦਰ ਤੇ ਬਾਹਰ ਦੇ ਬਾਹਰ ਡੱਕੇ ਜਾ ਸਕਦੇ ਨੇ। ਤੁਸੀਂ ਆਪਣੇ ਆਦਮੀਆਂ ਨੂੰ ਸਮਝਾ ਦਿਓ ਕਿ ਦਸ ਦਸ ਬਾਰਾਂ ਬਾਰਾਂ ਦੀਆਂ ਟੋਲੀਆਂ ਵਿਚ ਆਉਂਦੇ ਜਾਂਦੇ ਰਹਿਣ ਤੇ

ਦਰਵਾਜ਼ਾ ਬੰਦ ਨਾ ਹੋਣ ਦੇਣ।

ਸਰਦਾਰ–ਤੇ ਤੁਹਾਡੀ ਸਿਪਾਹ ?

ਚੌਧਰੀ–ਸਾਡੀ ਸਿਪਾਹ ਦੋ ਕੋਹ ਉਰੇ ਟਿੱਬੀਆਂ ਵਿਚ ਪੁਜ ਜਾਏਗੀ ਤੇ ਉਥੇ ਛਿਪੀ ਰਹੇਗੀ। ਕੋਈ ਨਿਸ਼ਾਨੀ ਮਿੱਥੀ ਜਾਣੀ ਚਾਹੀਦੀ ਹੈ।

ਸਰਦਾਰ–ਬੰਦੂਕ ਚਲਾਣ ਦੀ ਅਵਾਜ਼ ਠੀਕ ਰਹੇਗੀ ਜੋ ਬਹੁਤ ਦੂਰ ਤਕ ਸੁਣੇਗੀ। ਹਾਂ, ਸਾਡੇ ਸ: ਸੁਜਾਨ ਸਿੰਘ ਦੀ ਬੰਦੂਕਬਾਜ਼ੀ ਮੰਨੀ ਹੋਈ ਹੈ। ਉਸ ਨੂੰ ਦਰਵਾਜ਼ੇ ਤੇ ਪਹਿਰੇ ਤੇ ਰਖਾਂਗਾ ਤੇ ਉਹ ਨਿਸ਼ਾਨੀ ਦੇਵੇਗਾ। ਚੌਧਰੀ (ਕੁਝ ਸੋਚਕੇ)–ਅਛਾ ਮੈਂ ਫੌਜਦਾਰ ਬਲੰਦ ਖਾਂ ਨਾਲ ਗੱਲ ਗਿਣ ਲਵਾਂਗਾ । ਉਹ ਬੜਾ ਹੁਕੇਬਾਜ਼ ਹੈ। ਉਹ ਮੇਰੇ ਵਲ ਵੇਖ ਕੇ ਲੰਮੇ ਲੰਮੇ ਕਸ਼ ਲਾ ਕੇ ਬਹੁਤ ਧੂੰਆਂ ਕਢੇਗਾ । ਉਹ ਮੈਥੋਂ ਇਉਂ ਪੁਛੇਗਾ ਕਿ ਕੀ ਕਰਨਾ ਹੈ । ਮੈਂ ਉਸ ਨੂੰ ਅਟਕਣ ਦਾ ਇਸ਼ਾਰਾ ਦਿਆਂਗਾ । ਉਸ ਸਮੇਂ ਤੁਸਾਂ ਗੋਲੀ ਚਲਵਾਣੀ।

ਸਰਦਾਰ–ਅਛਾ, ਇਹ ਠੀਕ ਹੈ।

ਕੁਝ ਚਿਰ ਹੋਰ ਗਲਾਂ ਹੋ ਕੇ ਤਿਆਰੀ ਲਈ ਦੋਵੇਂ ਜਣੇ ਉਠ ਖੜੇ ਹੋਏ। ਚੌਧਰੀਆਂ ਨੇ ਫੌਜ ਨੂੰ ਚੋਰੀ ਛਿੱਪੀ ਟਿੱਬੀਆਂ ਵਿਚ ਜਾ ਛਿਪਾਇਆ। ਸਰਦਾਰ ਚੜ੍ਹਤ ਸਿੰਘ ਤੇ ਸਰਦਾਰ ਗੁਜਰ ਸਿੰਘ ਦੀ ਫੌਜ ਖੜੋ ਖੜੀ ਚੋਰੀ ਚੋਰੀ ਚੋਏ ਵਾਲੇ ਦਰਵਾਜੇ ਦੇ ਨੇੜੇ ਤੇੜੇ ਇਕਠੀ ਹੋ ਗਈ। ਸਰਦਾਰ ਤੇ ਚੌਧਰੀ ਵਡੇ ਦਰਵਾਜ਼ੇ ਵਿਚੋਂ ਮੁਲਾਕਾਤ ਲਈ ਵੜ ਪਏ।

ਜਦ ਚੌਧਰੀ ਨੇ ਬੁਲੰਦ ਖਾਂ ਨੂੰ ਚੋਏ ਦੇ ਦਰਸ਼ਨਾਂ ਲਈ ਸਿੰਘਾਂ ਦੇ ਆਣ ਜਾਣ ਲਈ ਉਹ ਦਰਵਾਜ਼ਾ ਖੁਲ੍ਹਣ ਦੀ ਗਲ ਕੀਤੀ ਤਾਂ ਖਾਨ ਬਹੁਤ ਖੁਸ਼ ਹੋਇਆ। ਸਿੰਘਾਂ ਨੇ ਆਵਾਜਾਈ ਕਾਇਮ ਰਖੀ ਤੇ ਦਰਵਾਜ਼ਾ ਖੁਲ੍ਹਾ ਰਿਹਾ ਕਚਹਿਰੀ ਵਿਚ ਮੁਲਾਕਾਤ ਸ਼ੁਰੂ ਹੋਈ ਗਲਾਂ ਹੋਣ ਲਗੀਆਂ। ਕੁਝ ਸਮਾਂ ਪਾ ਕੇ ਬੁਲੰਦ ਖਾਂ ਨੇ ਹੁੱਕੇ ਦੇ ਧੂੰਏ ਦਾ ਬੰਬਾ ਛੱਡਿਆ । ਸਰਦਾਰ ਨੇ ਧੂੰਏ ਤੋਂ ਬਚਣ ਦਾ ਬਹਾਨਾ ਕਰਕੇ ਦਰਵਾਜ਼ੇ ਵਲ ਬਾਹਰ ਮੂੰਹ ਕੀਤਾ। ਸ: ਸੁਜਾਨ ਸਿੰਘ ਸ਼ੁਕਰਚਕੀਏ ਨੂੰ ਇਹੋ ਇਸ਼ਾਰਾ ਦਸਿਆ ਹੋਇਆ ਸੀ । ਉਸ ਨੇ ਤਾਨ ਕੇ ਬੰਦੂਕ ਸਰ ਕਰ ਦਿਤੀ । ਨਾਲੇ ਤਾਂ ਖਾਂ ਥਾਂਏਂ ਰਿਹਾ ਤੇ ਨਾਲ ਸਿੰਘਾਂ ਨੂੰ ਲੜਾਈ ਦਾ ਇਸ਼ਾਰਾ ਮਿਲ ਗਿਆ। ਫਿਰ ਕੀ ਸੀ ਸਿੰਘਾਂ ਨੇ ਥਾਉਂ ਥਾਈਂ ਲੜਾਈ ਸ਼ੁਰੂ ਕਰ ਦਿਤੀ। ਕਟਾ ਵੱਢ ਵਿਚ ਪੰਜਾਹ ਕੁ ਸਿੰਘ ਮਰੇ ਤੇ ਸੌ ਤੋਂ ਉਪਰ ਦੁਰਾਨੀ ਮਾਰੇ ਗਏ। ਚੋਏ ਵਾਲੇ ਦਰਵਾਜ਼ੇ ਤੋਂ ਹਜ਼ਾਰਾਂ ਦੀ ਗਿਣਤੀ ਵਿਚ ਸਿੰਘ ਅੰਦਰ ਜਾ ਵੜੇ।

ਫੌਜਦਾਰ ਬੁਲੰਦ ਖਾਂ ਦੇ ਮਰਨ ਦੀ ਖਬਰ ਅਤੇ ਅਚਾਨਕ ਸਿੰਘਾਂ ਦੇ ਹਮਲੇ ਨੇ ਦੁਰਾਨੀਆਂ ਦੀਆਂ ਸੱਤੇ ਸੁਧਾਂ ਭੁਲਾ ਦਿਤੀਆਂ। ਉਹ ਦਰਵਾਜ਼ੇ ਖੋਹਲ ਕੇ ਜਿਧਰ ਕਿਸੇ ਦਾ ਮੂੰਹ ਆਇਆ ਭੱਜ ਨਿਕਲੇ।

ਸਿੰਘਾਂ ਨੇ ਕਿਲ੍ਹੇ ਤੇ ਕਬਜ਼ਾ ਕਰ ਨਸੇ ਜਾਂਦਿਆਂ ਦਾ ਪਿਛਾ ਕੀਤਾ ਤੇ ਅਟੱਕ ਤਕ ਉਨ੍ਹਾਂ ਦੀ ਪਿੱਠ ਦਬਾਈ। ਇਲਾਕੇ ਨੂੰ ਦੁਰਾਨੀ ਸਿਪਾਹ ਤੋਂ ਸਾਫ ਕਰਨ ਲਈ ਸਰਦਾਰ ਚੜ੍ਹਤ ਸਿੰਘ ਤੇ ਸਰਦਾਰ ਗੁਜਰ ਸਿੰਘ ਨੇ ਜਗ੍ਹਾਜਗ੍ਹਾ ਆਪਣੇ ਥਾਣੇ ਬਿਠਾ ਦਿਤੇ ਤੇ ਸਾਰੇ ਇਲਾਕੇ ਦਾ ਦੌਰਾ ਕੀਤਾ ਸੁਲਤਾਨ ਮਕੱਰਬ ਖਾਂ ਗੱਖੜ ਤੇ ਸੁਲਤਾਨ ਸ਼ੀਹੋਂ ਖਾਂ ਗੜ੍ਹ ਮਖਿਆਲੇ ਵਾਲੇ ਨੇ ਦਾਨਾਗਲੀ ਰਿਆਸਤ ਦੇ ਟਿਕੇ ਨੂੰ ਨਾਲ ਰਲਾ ਕੇ ਕੁਝ ਮੁਕਾਬਲਾ ਕੀਤਾ। ਪਰ ਸਿੰਘਾਂ ਨੇ ਸਭ ਦੀ ਆਕੜ ਭੰਨ ਛਡੀ । ਹੌਲੇ ਹੌਲੇ ਸਾਰਾ ਇਲਾਕਾ ਸਰ ਹੋ ਗਿਆ।ਇਸ ਇਲਾਕੇ ਵਿਚ ਸੋਢੀ ਖਿਉਣ ਸਿੰਘ ਨੇ ਬੜੀ ਮਦਦ ਕੀਤੀ, ਸੋ ਉਸ ਨੂੰ ਦਸ ਹਜ਼ਾਰ ਰੁਪੈ ਦੀ ਸਾਂਗਰੀ, ਢਕਾਲਾ, ਜੁਝਿਆਲਾ, ਆਦਿਕ ਪਿੰਡਾਂ ਦੀ ਜਾਗੀਰ ਦੋਹਾਂ ਸਰਦਾਰਾਂ ਨੇ ਦਿਤੀ।

ਉਧਰੋਂ ਜਦ ਤਹਿਮੂਰ ਸ਼ਾਹ ਨੂੰ ਸਿੰਘਾਂ ਦੀਆਂ ਕਾਰਵਾਈਆਂ ਦਾ ਪਤਾ ਲਗਾ ਤਾਂ ਉਹ ਬੜਾ ਕਲਪਿਆ ਪਰ ਉਹ ਪਿਛਲੀ ਮੁਹਿਮ ਕਰਕੇ ਬਿਮਾਰ ਹੋ ਗਿਆ ਸੀ। ਰਾਜ਼ੀ ਹੋਣ ਸਾਰ ਉਹ ਭਾਰੀ ਸਿਪਾਹ ਲੈ ਕੇ ਬਲੋ-ਚਿਸਤਾਨ ਵਲ ਦੱਰਾ ਬੋਲਾਨ ਰਾਹੀਂ ਹਮਲਾਆਵਰ ਹੋਇਆ। ਸਿੰਧ ਦੇ ਅਮੀਰਾਂਨੂੰ ਫਤਹ ਕਰਦਾ ਉਹ ਬਹਾ-ਵਲ ਪੁਰੀਏ ਨਵਾਬ ਤੇ ਜਾ ਚੜ੍ਹਿਆ ਜਿਸ ਨੇ ਸਿੰਘਾਂ ਦਾ ਦਬਾਵ ਮੰਨ ਕੇ ਉਨ੍ਹਾਂ ਨੂੰ ਟਕੇ ਭਰਨੇ ਸ਼ੁਰੂ ਕਰ ਦਿਤੇ ਸਨ ਤੇ ਸ਼ਾਹ ਨੂੰ ਭੇਜਣੇ ਬੰਦ ਕਰ ਦਿਤੇ ਸਨ। ਉਸ ਨੂੰ ਤਾਬੇਦਾਰੀ ਮਨਾ, ਉਹ ਮੁਲਤਾਨ ਵਲ ਨੂੰ ਹੋਇਆ। ਸਿੰਘ ਉਸ ਦੀ ਆਮਦ ਸੁਣ ਅਤੇ ਤਾਕਤ ਵੇਖ ਮਾਮੂਲੀ ਅੜੇ, ਪਰ ਪੁਰਾਣੀ ਨੀਤੀ ਅਨੁਸਾਰ ਛੇਤੀ ਹੀ ਟਿੱਭ ਗਏ। ਇਉਂ ਸਿੰਘਾਂ ਤੋਂ ਮੁਲਤਾਨ ਛੁੜਾ

ਕੇ ਉਸ ਨੇ ਫਿਰ ਮੁਜ਼ੱਫਰ ਖਾਂ ਨੂੰ ਸੂਬੇਦਾਰ ਮੁਕੱਰਰ ਕਰ ਦਿਤਾ ।

ਤਹਿਮੂਰ ਖਾਂ ਦੀ ਸਲਾਹ ਲਾਹੌਰ ਪਹੁੰਚਣ ਦੀ ਸੀ ਪਰ ਉਸ ਦੀ ਬੀਮਾਰੀ ਨੇ ਉਸ ਨੂੰ ਅਗੇ ਨਾ ਵਧਣ ਦਿਤਾ । ਪਿਛੇ ਉਸ ਦੇ ਗਿਆਰਾਂ ਸ਼ਾਹਜ਼ਾਦੇ ਸਨ ਜਿਨ੍ਹਾਂ ਵਿਚ ਅਗੋਂ ਸ਼ਾਹ ਬਨਣ ਦੀ ਕਸ਼ਮਕਸ਼ ਚਲਦੀ ਰਹਿੰਦੀ ਸੀ । ਇਸ ਲਈ ਤਹਿਮੂਰ ਸ਼ਾਹ ਨੂੰ ਵਾਪਸ ਕਾਬਲ ਜਾਣਾ ਪਿਆ ।

ਕਾਬਲ ਪੁਜ ਕੇ ਸ਼ਾਹ ਹੋਰ ਬਿਮਾਰ ਹੁੰਦਾ ਗਿਆ ਤੇ ਅੰਤ ਸੰਮਤ ੧੮੨੮ ਬਿਕਰਮੀ ਨੂੰ ਕਾਲ ਦਾ ਗ੍ਰਾਸ ਹੋ ਗਿਆ । ਇਸੇ ਸਮੇਂ ਵਿਚ ਚੜ੍ਹਤ ਸਿੰਘ ਤੇ ਸਰਦਾਰ ਗੁਜਰ ਸਿੰਘ ਰੁਹਤਾਸ ਦੇ ਇਲਾਕੇ ਵਿਚ ਆਪਣੇ ਪੈਰ ਪਕੇ ਕਰ ਰਹੇ ਸਨ ।

ਅਗੋਂ ਕਾਬਲ ਦੇ ਸ਼ਾਹੀ ਤਖਤ ਤੇ ਬੈਠਣ ਲਈ ਸ਼ਾਹਜ਼ਾਦਿਆਂ ਵਿਚ ਬੜਾ ਝਗੜਾ ਹੋਇਆ । ਤਹਿਮੂਰ ਸ਼ਾਹ ਦੀ ਲੋਥ ਵੀ ਅਠ ਦਿਨ ਰੁਲਦੀ ਰਹੀ ਤੇ ਦਬੀ ਨਾ ਗਈ, ਸਾਜ਼ਸ਼ਾਂ ਵਿਚ ਸਭ ਕੁਝ ਵਿਸਰ ਗਿਆ । ਓੜਕ ਜ਼ਮਾਨ ਸ਼ਾਹ ਨੇ ਆਪਣੇ ਸਭਨਾਂ ਭਾਈਆਂ ਨੂੰ ਧੋਖੇ ਨਾਲ ਸੁਲਾਹ ਕਰਨ ਵਾਸਤੇ ਇਕ ਮਕਾਨ ਵਿਚ ਬੁਲਾ ਕੇ ਖਾਣ ਪੀਣ ਦੇ ਆਹਰੇ ਲਾਇਆ ਤੇ ਆਪ ਪਿਸ਼ਾਬ ਕਰਨ ਦੇ ਬਹਾਨੇ ਬਾਹਰ ਹੋ ਗਿਆ । ਉਸ ਦੇ ਆਦਮੀਆਂ ਨੇ ਝਟ ਬੂਹਾ ਬੰਦ ਕਰਕੇ ਸਭ ਨੂੰ ਕੈਦ ਕਰ ਲਿਆ । ਇਉਂ ਜ਼ਮਾਨ ਸ਼ਾਹ ਸਭ ਦਾ ਨਿਬੇੜਾ ਕਰਕੇ ਤਖਤ ਤੇ ਬੈਠਾ ।

ਪਰ ਸ਼ਾਹਜ਼ਾਦਾ ਹਿਮਾਊਂ ਕੰਧਾਰ ਤੇ ਕਾਬਜ਼ ਸੀ । ਕਾਬਲ ਦਾ ਪੂਰਾ ਇੰਤਜ਼ਾਮ ਕਰ ਕੇ ਉਹ ਕੰਧਾਰ ਤੇ ਚੜ੍ਹਿਆ ਤੇ ਜਾ ਫਤਹ ਕੀਤਾ । ਹਿਮਾਊ ਦੀਆਂ ਅਖਾਂ ਵਿਚ ਤਪੇ ਹੋਏ ਸੂਏ ਫਿਰਾ ਕੇ ਬੰਦੀ ਖਾਨੇ ਭੇਜ ਦਿਤਾ । ਸ਼ਾਹ ਜ਼ਮਾਨ ਦੋ ਬਰਸ ਆਪਣੇ ਦੇਸ ਦੇ ਅੰਦਰੂਨੀ ਪ੍ਰਬੰਧ ਵਿਚ ਲਗਾ ਰਿਹਾ ਤੇ ਫਿਰ ਸੰਮਤ ੧੮੩੧ ਵਿਚ ਪੰਜਾਬ ਵਲ ਮੁਤਵਜੇ ਹੋਇਆ । ਸ਼ਾਹ ਜਮਾਨ ਆਪਣੇ ਦਾਦੇ ਵਾਂਗ ਬੜਾ ਸਿਆਣਾ ਤੇ ਸੂਰਮਾ ਜਰਨੈਲ ਸੀ । ਇਸ ਕਾਰਣ ਕਰਕੇ ਉਹ ਦੋ ਸਾਲਾਂ ਵਿਚ ਹੀ ਆਪਣੇ ਲੋਕਾਂ ਵਿਚ ਬਹੁਤ ਮਕਬੂਲ ਹੋ ਗਿਆ । ਉਹ ਵੀ ਆਪਣੇ ਦਾਦੇ ਅਹਿਮਦ ਸ਼ਾਹ ਵਾਂਗ ਪੰਜਾਬ ਤੇ ਹਿੰਦ ਨੂੰ ਫਤਹ ਕਰਕੇ ਕਾਬਲ ਦੀ ਬਾਦਸ਼ਾਹੀ ਨਾਲ ਮਿਲਾਣ ਦੇ ਸੁਪਨੇ ਲੈਣ ਲਗ ਪਿਆ ।

(ਚਲਦਾ)

(ਭਾਈਚਾਰਕ ਸਮਾਚਾਰ) (ਸਫਾ ੨ ਦੀ ਬਾਕੀ)

ਸਤਿਗੁਰੂ ਫਰਮ ਦੀ ਕਿਰਤ ਵਿਚ ਬਰਕਤ ਪਾਣ।

* ਨਵਾਂ ਮਕਾਨ *

ਸ: ਮਸਤਰਾਮ ਸਿੰਘ ਹਰਬੰਸ ਸਿੰਘ ਟੁਟੇਟਾ, ਪ੍ਰੋਪ: ਖਾਲਸਾ ਸਾਈਕਲ ਸਟੋਰ ਮੰਦਸੌਰ ਵਾਲਿਆਂ ਨੇ ਨਵੇਂ ਮਕਾਨ ਦੀ ਮਹੂਰਤ ਦੀ ਖੁਸ਼ੀ ਵਿਚ ੨੮-੧-੬੬ ਨੂੰ ਸ੍ਰੀ ਅਖੰਡ ਪਾਠ ਦਾ ਭੋਗ ਪੁਆਇਆ। ਇਸ ਖੁਸ਼ੀ ਵਿਚ ੨॥) ਭੇਜਦੇ ਹਨ। ਧੰਨਵਾਦ। ਸਤਿਗੁਰੂ ਨਵਾਂ ਨਿਵਾਸ ਮੁਬਾਰਕ ਕਰਨ।

ਸ: ਬਲਵੰਤ ਸਿੰਘ ਨੇ ਮਹਲਾ ਦਰੋਗਾ ਪਾੜਾ ਰਾਏਗੜ੍ਹ ਵਿਚ ਨਵੇਂ ਮਕਾਨ ਦੀ ਚੱਠ ਦੀ ਖੁਸ਼ੀ ਵਿਚ ਸ੍ਰੀ ਅਖੰਡ ਪਾਠ ਦਾ ਭੋਗ ੨੪-੧-੬੬ ਨੂੰ ਪੁਆਇਆ।ਇਸ ਖੁਸ਼ੀ ਦੇ ੨॥) ਗਿ: ..ਹਿੰਦਰ ਸਿੰਘ ਜੀ ਗ੍ਰੰਥੀ ਸਾਹਿਬ ਰਾਹੀਂ ਪੁਜੇ ਹਨ। ਧੰਨਵਾਦ। ਸਤਿਗੁਰੂ ਨਵਾਂ ਨਿਵਾਸ ਮੁਬਾਰਕ ਕਰਨ।

* ਸ਼ੁਭ ਅਨੰਦ ਕਾਰਜ *

ਹੇਠ ਲਿਖੇ ਸ਼ੁਭ ਅਨੰਦ ਕਾਰਜਾਂ ਤੇ ਅਸੀਂ ਹਾਰਦਿਕ ਵਧਾਈਆਂ ਪੇਸ਼ ਕਰਦੇ ਹਾਂ। ਅਰਦਾਸ ਹੈ ਕਿ ਸਤਿਗੁਰੂ ਜੋੜੀਆਂ ਨੂੰ ਚਿਰੰਜੀਵਤਾ, ਸਿਖੀ ਸਿਦਕ ਤੇ ਪ੍ਰਸਪਰ ਪਿਆਰ ਬਖਸ਼ਣ :–

ਬੀਬੀ ਹਰਬੰਸ ਕੌਰ ਸਪੁਤ੍ਰੀ ਸ: ਮਹਾਂ ਸਿੰਘ ਰੇਲਵੀ ਟੀ: ਇਕਸਾਰ ਕਲੋਲ ਵਾਲਿਆਂ ਦੀ ਸ਼ਾਦੀ ਸ: ਰਾਮ ਸਿੰਘ ਸਪੁਤ੍ਰ ਸ: ਆਤਮਾ ਸਿੰਘ ਅਹਿਮਦਾਬਾਦ ਵਾਲਿਆਂ ਨਾਲ ੭-੨-੬੬ (੨੦ ਮਘਰ : ੨੦੨੨) ਨੂੰ ਹੋਈ। ਇਸ ਖੁਸ਼ੀ ਦੇ ੫) ਸ: ਕਰਤਾਰ ਸਿੰਘ ਜੀ ਪ੍ਰਧਾਨ ਰਾਹੀਂ ਪੁਜੇ ਹਨ। ਧੰਨਵਾਦ।

ਬੀਬੀ ਪੀਤੰਬਰ ਕੌਰ ਐਮ. ਏ. ਬੀ. ਐਡ. ਸਪੁਤਰੀ ਸ: ਮੋਹਨ ਸਿੰਘ ਜੀ ਐਕਾਊਂਟਸ ਆਫੀਸਰ ਸੈਂਟ੍ਰਲ ਰੇਲਵੇ ਦਾ ਅਨੰਦ ਕਾਰਜ ੨੩-੧-੬੬ ਨੂੰ ਸ: ਜਮਨਾ ਸਿੰਘ ਟੀ. ਟੀ. ਸੀ. ਡੀ. ਇੰਡੀਅਨ ਰੇਲਵੇਜ਼, ਸਪੁਤਰ ਸ: ਆਫਤਾਬ ਸਿੰਘ ਜੀ ਖਰੜ ਵਾਲਿਆਂ ਨਾਲ ਬੰਬਈ ਵਿਖੇ ਹੋਇਆ ਇਸ ਖੁਸ਼ੀ ਦੇ ੫) ਹਨ। ਧੰਨਵਾਦ।

ਸ: ਹਰਦੇਵ ਸਿੰਘ ਜੀ ਮਦਾਨ ਸਪੁਤਰ ਸ: ਅਜੀਤ ਸਿੰਘ ਦਾ ... ੬੬ ਨੂੰ ਨਾਗਪੁਰ ਵਿਚ ... ਸੁਰਜ... ...ਸੁੰਦਰ ਸਿੰਘ ਜੀ ਨਾਲ ਹੋਇਆ। ਅਨੰਦ ਕਾਰਜ ਦੀ ਰਸਮ ਪੰਡਤ ਜਸਵੰਤ ਸਿੰਘ ਜੀ ਨੇ ਅਦਾ ਕੀਤੀ ਤੇ ੫) ਭੇਟਾ ਭਿਜਵਾਈ। ਧੰਨਵਾਦ।

ਸ: ਕ੍ਰਿਪਾਲ ਸਿੰਘ ਜੀ ਅਨੰਦ ਪਲਾਟ ਨੰ: ੧੪ ਦਾਪੋੜੀ, ਪੂਨਾ ਵਾਲਿਆਂ ਦੀ ਸਪੁਤਰੀ ਬੀਬੀ ਕੁਲਦੀਪ ਕੌਰ ਦਾ ਸ਼ੁਭ ਅਨੰਦ ਕਾਰਜ ੧੩-੨-੬੬ ਨੂੰ ਸੁਰਿੰਦਰ ਸਿੰਘ, ਸਪੁਤਰ ਸੁਰਗਵਾਸੀ ਸ: ਅਤਰ ਸਿੰਘ ਅਨੰਦ ਨਾਲ ਹੋਇਆ। ਇਸ ਖੁਸ਼ ਦੀ ੫) ਭੇਟਾ ਪੁਜੀ ਹੈ। ਧੰਨਵਾਦ।

ਗਿ: ਦਲੀਪ ਸਿੰਘ ਲਖਣਪਾਲ, ਮਾਰਕਿਟ ਪਾੜਾ, ਬਤਨਪੁਰ ਵਾਲਿਆਂ ਦੇ ਭਾਈ ਸ: ਸਵਰਨ ਸਿੰਘ ਸਪੁਤਰ ਸ: ਕਰਤਾਰ ਸਿੰਘ ਦੀ ਸ਼ਾਦੀ ਸ: ਪਿਆਰਾ ਸਿੰਘ ਹੀਰਾਪੁਰ ਵਾਲਿਆਂ ਦੀ ਸਪੁਤਰੀ ਬੀਬੀ ਸੁਵਰਨੀ ਨਾਲ ੮---੬੬ ਨੂੰ ਹੋਈ। ਇਸ ਖੁਸ਼ੀ ਦੇ ੨॥) ਗਿ: ਹੁਰਾਂ ਰਾਹੀਂ ਪੁਜੇ ਹਨ। ਧੰਨਵਾਦ।

* ਸ਼ੋਕ ਸਮਾਚਾਰ *

ਹੇਠ ਲਿਖੇ ਸ਼ੋਕ ਸਮਾਚਾਰਾਂ ਤੇ ਸਾਡੀ ਦਿਲੀ ਹਮਦਰਦੀ ਪੇਸ਼ ਹੈ। ਅਰਦਾਸ ਹੈ, ਵਾਹਿਗੁਰੂ ਸਾਹਿਬ ਵਿਛੜੀਆਂ ਆਤਮਾਵਾਂ ਨੂੰ ਸਚਖੰਡ ਵਾਸਾ ਅਤੇ ਵਿਛੜੇ ਪ੍ਰਵਾਰਾਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ :–

ਸ: ਭਗਵਾਨ ਸਿੰਘ ਜੀ, ਕੌਸ਼ਲਪੁਰੀ ਕਾਨਪੁਰ ਵਾਲੇ ਆਪਣੀ ਮਾਤਾ ਜੀ ਦੇ ਅਕਾਲ ਚਲਾਣੇ ਨਮਿਤ ਰਖੇ ਗਏ ਅਖੰਡ ਪਾਠ ਦੀ ਸਮਾਪਤੀ ਤੇ ਸੰਤ ਸਿਪਾਹੀ ਲਈ ੧੦) ਭੇਟਾ ਭੇਜਦੇ ਹਨ। ਧੰਨਵਾਦ।

ਸ: ਰੂਪ ਸਿੰਘ ਜੀ, ਰੀਫਿਊਜ਼ੀ ਕੁਆਰਟਰ, ਮੁਹੱਦੀ ਪੁਰ, ਗੋਰਖਪੁਰ ਵਾਲਿਆਂ ਨੇ ਬੀਬੀ ਗਿਆਨ ਕੌਰ ਨਮਿਤ ਸ੍ਰੀ ਅਖੰਡ ਪਾਠ ਦਾ ਭੋਗ ਪੁਆਇਆ। ਇਸ ਸਮੇਂ ਦੇ ੫) ਸ: ਜੈ ਸਿੰਘ ਜੀ ਕੋਹਲੀ ਰਾਹੀਂ ਪੁਜੇ ਹਨ। ਧੰਨਵਾਦ।

ਕਸਤੂਰੀ ਆਦਿ ਬਟੀ ★ ਸਪੈਸ਼ਲ ★

"ਆਪ ਜੀ ਦੀ ਮਸ਼ਹੂਰ ਦਵਾਈ 'ਕਸਤੂਰੀ ਆਦਿ ਬਟੀ ਸਪੈਸ਼ਲ' ਬਾਬਤ ...ਐਡਵੋਕੇਟ ਨੇ ਦਸਿਆ ਹੈ ਕਿ ਇਹ ਦਵਾਈ **ਵਕੀਲ ਸਾਹਿਬਾਨ** ਵਾਸਤੇ ਅਤੇ ਖਾਸ ਕਰ **ਦਿਮਾਗ ਦੇ ਲਈ** ਬੜੀ ਮੁਫੀਦ ਹੈ। ਮੈਨੂੰ ਵੀ ਭੇਜੋ।" (......ਜ਼ਿਲਾ ਜਲੰਧਰ)

" 'ਕਸਤੂਰੀ ਆਦਿ ਬਟੀ ਸਪੈਸ਼ਲ' ਮੈਂ ਇਕ ਮਹੀਨਾ ਵਰਤੀ ਸੀ। ਇਸ ਨੇ ਮੈਨੂੰ ਕਾਫੀ ਤੋਂ ਜ਼ਿਆਦਾ ਲਾਭ ਪੁਚਾਇਆ ਹੈ। ਇਹ ਦਵਾਈ ਦਿਮਾਗੀ ਤੇ **ਜਿਸਮਾਨੀ ਸ਼ਕਤੀ** ਵਧਾਉਣ ਲਈ **ਅਕਸੀਰ ਹੈ।** ਕਮਜ਼ੋਰ ਤੇ ਵਿਦਿਆਰਥੀਆਂ ਲਈ ਬੜਾ ਹੀ ਅਸਰ ਦਿਖਾਂਦੀ ਹੈ ਤੇ **ਦਿਮਾਗੀ ਪ੍ਰਫੁਲਤਾ** ਕਰਨ ਲਈ ਇਸ ਵਰਗੀ ਹੋਰ ਕੋਈ ਦੇਸੀ ਦਵਾਈ ਅਜੇ ਤਕ ਮੇਰੇ ...ਰਬੇ ਵਿਚ ਨਹੀਂ ਆਈ।"

...ਕਲ ਪ੍ਰੈਕਟੀਸ਼ਨਰ, ...ਹੋਰ।"

(ਸ੍ਰੀ ਸ਼ਰਮਾ, ਕੁਏਜਨੇਲ, ਕੈਨੇਡਾ)

" 'Kasturi Ad Bati Special' is a REALY MOT WONDERFUL TONIC wich to me, have proved during the last two winters ..."

(...London)

"ਆਪ ਜੀ ਦੀ ਪਹਿਲੀ ਦਵਾ 'ਕਸਤੂਰੀ ਆਦਿ ਬਟੀ ਸਪੈਸ਼ਲ' ਦੀਆਂ ਗੋਲੀਆਂ ਖਤਮ ਹੋ ਗਈਆਂ ਹਨ ਤੇ ਮੈਨੂੰ **ਨਜ਼ਲਾ-ਜ਼ੁਕਾਮ ਆਦਿਕ ਤੇ ਕਮਰ ਦਰਦ ਤੋਂ ਬੇਹੱਦ ਆਰਾਮ ਹੋਇਆ ਹੈ।**" (...ਕੈਰੀਚੋ, ਅਫਰੀਕਾ)

" 'ਕਸਤੂਰੀ ਆਦਿ ਬਟੀ ਸਪੈਸ਼ਲ' ਨੇ ਮੇਰੀ ਸਿਹਤ ਵਿਚ ਪਲਟਾ ਲਿਆ ਦਿਤਾ ਹੈ। ਮੈਂ ਚਾਰ ਸਾਲ ਤੋਂ ਸਿਰ ਦਰਦ ...ਕਾਮ ਨਾਲ ਦੁਖੀ ਸੀ। ਇਸ ... **...ਦਭੁਤ ਸ਼ਕਤੀ** ...ਹੈ। ਮੈਂ ਆਪਣੀ ਭੈਣ ਨੂੰ ਵੀ ਮੰਗਵਾ ਦਿਤੀ ਸੀ ਉਸ ਨੇ ਭੀ ਲਾਭ ਉਠਾਇਆ। ਇਸਦੀ **ਜਿਤਨੀ ਭੀ ਸ਼ਲਾਘਾ ਕੀਤੀ ਜਾਵੇ ਘਟ ਹੈ।**"

(......ਹੁਸ਼ਿਆਰਪੁਰ)

" 'ਕਸਤੂਰੀ ਆਦਿ ਬਟੀ ਸਪੈਸ਼ਲ' ਮੈਂ ਇਸ ਕਰਕੇ ਖਾਧੀ ਸੀ ਕਿ ਮੈਨੂੰ ਨਜ਼ਲਾ ਜ਼ੁਕਾਮ ਬਹੁਤ ਰਹਿੰਦਾ ਸੀ ਜੋ ਕਿ ੧੦-੧੨ ਸਾਲ ਦਾ ਸੀ। ਮੈਂ ਪਹਿਲਾਂ ਬਹੁਤ ਇਲਾਜ ਕਰਵਾਏ, ਨੱਕ ਵਿਚ ਬਿਜਲੀ ਆਦਿ ਵੀ ਲੁਆਈ ਸੀ ਪਰ ਕੋਈ ਫਾਇਦਾ ਨਹੀਂ ਸੀ ਹੁੰਦਾ। ਫੇਰ ਇਕ ਸ਼ੀਸ਼ੀ ਨਾਲ ਹੀ ਫਾਇਦਾ ਹੋ ਗਿਆ ਸੀ। ਜਦੋਂ ਰਾਤ ਨੂੰ ਜਾਗ ਆਉਂਦੀ ਸੀ ਜਾਂ ਸਵੇਰੇ ਉਠਦੀ ਸਾਂ ਤਾਂ **੫੦-੫੦ ਨਿੱਛਾਂ ਆਂਦੀਆਂ, ਉਹ ਹਟ ਗਈਆਂ ਹਨ।**"

(......ਕਪੂਰਥਲਾ)

ਸਿਹਤ ਤੇ ਤਾਕਤ ਲਈ

ਕਸਤੂਰੀ ਆਦਿ ਬਟੀ ਸਪੈਸ਼ਲ

ਜ਼ਰੂਰ ... ਵਰਤੋ

... ਰੁਪਏ

...ਵੈਦ ਐਂਡ ਸਨਜ਼

...(ਪੰਜਾਬ)